ਸੋਰਠਿ

ਤਾਸ ਕਿਉ ਨ ਪਛਾਨਹੀ ਜੇ ਹੋਹਿ ਹੈ ਅਬ ਹੈ।
ਨਿਹਫਲ ਕਾਹੇ ਭਜਤ ਪਾਹਨ ਤੋਹਿ ਕਛੁ ਫਲਿ ਦੈ।
ਤਾਸੁ ਸੇਵਹੁ ਜਾਸ ਸੇਵਤਿ ਹੋਹਿ ਪੂਰਣ ਕਾਮ।
ਹੋਹਿ ਮਨਸਾ ਸਕਲ ਪੂਰਣ ਲੈਤ ਜਾ ਕੇ ਨਾਮ। ੮੫।

ਬਿਸਨਪਦ। ਰਾਮਕਲੀ। ਤ੍ਵਪ੍ਰਸਾਦਿ

ਇਹ ਬਿਧਿ ਕੀਨੀ ਜਬੈ ਬਡਾਈ।
ਰੀਝੇ ਦੇਵ ਦਿਆਲ ਤਿਹ ਉਪਰ ਪੂਰਣ ਪੁਰਖ ਸੁਖਦਾਈ।
ਆਪਨਿ ਮਿਲੇ ਦੇਵਿ ਦਰਸਨਿ ਭਯੋ ਸਿੰਘ ਕਰੀ ਅਸਵਾਰੀ।
ਲੀਨੇ ਛਤ੍ਰ ਲੰਕੁਰਾ ਕੂਦਤ ਨਾਚਤ ਗਣ ਦੈ ਤਾਰੀ। ੮੬।
ਝਮਕਤ ਅਸਤ੍ਰ ਛਟਾ ਸਸਤ੍ਰਨਿ ਕੀ ਬਾਜਤ ਡਉਰ ਅਪਾਰ।
ਨਿਰਤਤ ਭੂਤ ਪ੍ਰੇਤ ਨਾਨਾ ਬਿਧਿ ਡਹਕਤ ਫਿਰਤ ਬੈਤਾਰ।
ਕੁਹਕਤਿ ਫਿਰਤਿ ਕਾਕਣੀ ਕੁਹਰਤ ਡਹਕਤ ਕਠਨ ਮਸਾਨ।
ਘਹਰਤਿ ਗਗਨਿ ਸਘਨ ਰਿਖ ਦਹਲਤ ਬਿਚਰਤ ਬ੍ਰਯੋਮ ਬਿਵਾਨ। ੮੭।

ਦੇਵੀ ਬਾਚ

ਬਿਸਨਪਦ। ਸਾਰੰਗ। ਤ੍ਵਪ੍ਰਸਾਦਿ

ਕਛੁ ਬਰ ਮਾਂਗਹੁ ਪੂਤ ਸਯਾਨੇ।
ਭੂਤ ਭਵਿਖ ਨਹੀ ਤੁਮਰੀ ਸਰ ਸਾਧ ਚਰਿਤ ਹਮ ਜਾਨੇ।
ਜੋ ਬਰਦਾਨ ਚਹੋ ਸੋ ਮਾਂਗੋ ਸਬ ਹਮ ਤੁਮੈ ਦਿਵਾਰ।
ਕੰਚਨ ਰਤਨ ਬਜ੍ਰ ਮੁਕਤਾਫਲ ਲੀਜਹਿ ਸਕਲ ਸੁ ਧਾਰ। ੮੮।

ਪਾਰਸ ਨਾਥ ਬਾਚ

ਬਿਸਨਪਦ। ਸਾਰੰਗ

ਸਬ ਹੀ ਪੜੋ ਬੇਦ ਬਿਦਿਆ ਬਿਧਿ ਸਬ ਹੀ ਸਸਤ੍ਰ ਚਲਾਊ।
ਸਬ ਹੀ ਦੇਸ ਜੇਰ ਕਰਿ ਆਪਨ ਆਪੇ ਮਤਾ ਮਤਾਊ।
ਕਹਿ ਤਥਾਸਤੁ ਭਈ ਲੋਪ ਚੰਡਿਕਾ ਤਾਸ ਮਹਾ ਬਰ ਦੈ ਕੈ।
ਅੰਤ੍ਰ ਧ੍ਯਾਨ ਹੁਐ ਗਈ ਆਪਨ ਪਰ ਸਿੰਘ ਅਰੂੜਤ ਹੂਐ ਕੈ। ੮੯।

ਬਿਸਨਪਦ। ਗਉਰੀ। ਤ੍ਵਪ੍ਰਸਾਦਿ

ਪਾਰਸ ਕਰਿ ਡੰਡੌਤ ਫਿਰਿ ਆਏ।
ਆਵਤ ਬੀਰ ਦੇਸ ਦੇਸਨ ਤੇ ਮਾਨੁਖ ਭੇਜ ਬੁਲਾਏ।
ਨ੍ਰਿਪ ਕੋ ਰੂਪ ਬਿਲੋਕਿ ਸੁਭਟ ਸਭ ਚਕ੍ਰਿਤ ਚਿਤ ਬਿਸਮਾਏ।
ਐਸੇ ਕਬਹੀ ਲਖੇ ਨਹੀ ਰਾਜਾ ਜੈਸੇ ਆਜ ਲਖਾਏ।
ਚਕ੍ਰਿਤ ਭਈ ਗਗਨਿ ਕੀ ਬਾਲਾ ਗਨ ਉਡਗਨ ਬਿਰਮਾਏ।

ਸੋਰਠਿ

ਉਸ ਨੂੰ ਕਿਉਂ ਨਹੀਂ ਪਛਾਣਦਾ, ਜੋ ਹੁਣ ਹੈ ਅਤੇ (ਭਵਿਸ਼ ਵਿਚ) ਹੋਵੇਗਾ। ਵਿਅਰਥ ਵਿਚ ਪੱਥਰਾਂ ਨੂੰ ਕਿਉਂ ਪੂਜਦਾ ਹੈਂ, (ਕੀ) ਤੈਨੂੰ (ਉਹ) ਕੁਝ ਫਲ ਦੇਣਗੇ? ਉਸ ਦੀ ਸੇਵਾ ਕਰੋ ਜਿਸ ਦੀ ਸੇਵਾ ਕੀਤਿਆਂ ਕਾਮਨਾਵਾਂ (ਮਨੋਰਥ) ਪੂਰਨ ਹੋ ਜਾਣ, ਜਿਸ ਦਾ ਨਾਮ ਲਿਆਂ ਸਾਰੀਆਂ ਇੱਛਾਵਾਂ ਪੂਰੀਆਂ ਹੋ ਜਾਣ।੮੫।

ਬਿਸਨਪਦ। ਰਾਮਕਲੀ। ਤੇਰੀ ਕ੍ਰਿਪਾ ਨਾਲ

ਇਸ ਤਰ੍ਹਾਂ ਜਦੋਂ ਵਡਿਆਈ ਕੀਤੀ, (ਤਾਂ) ਪੂਰਨ ਪੁਰਖ, ਸੁਖਦਾਇਕ ਦਿਆਲੂ ਦੇਵ ਉਸ ਉਤੇ ਪ੍ਰਸੰਨ ਹੋ ਗਏ। ਆਪ ਹੀ ਦੇਵੀ ਆ ਕੇ ਮਿਲ ਪਈ ਅਤੇ ਦਰਸ਼ਨ ਹੋ ਗਏ। (ਉਸ ਨੇ) ਸ਼ੇਰ ਦੀ ਸਵਾਰੀ ਕੀਤੀ ਹੋਈ ਹੈ, (ਹੱਥ ਵਿਚ) (ਗਣ ਅਥਵਾ ਹਨੂਮਾਨ) ਛਤ੍ਰ ਧਾਰਨ ਕਰ ਕੇ (ਅਗੇ) ਕੁਦਦਾ ਫਿਰਦਾ ਹੈ ਅਤੇ ਗਣ ਤਾੜੀਆਂ ਵਜਾ ਵਜਾ ਕੇ ਨਚ ਰਹੇ ਹਨ।੮੬।

ਸ਼ਸਤ੍ਰਾਂ ਅਤੇ ਅਸਤ੍ਰਾਂ ਦੀ ਛਟਾ ਝਿਲਮਿਲ ਕਰ ਰਹੀ ਹੈ ਅਤੇ ਅਪਾਰ ਡੌਰੂ ਵਜ ਰਹੇ ਹਨ। ਭੂਤ ਅਤੇ ਪ੍ਰੇਤ ਅਨੇਕ ਤਰ੍ਹਾਂ ਨਾਲ ਨਚ ਰਹੇ ਹਨ ਅਤੇ ਬੈਤਾਲ ਡਕਾਰਦੇ ਫਿਰਦੇ ਹਨ। ਕਾਕਣੀਆਂ ਕੂਕਦੀਆਂ ਫਿਰਦੀਆਂ ਹਨ ਅਤੇ ਕਠਿਨ ਮਸਾਣ (ਭੂਤਨੇ) ਕੂਕਦੇ ਅਤੇ ਹਸਦੇ ਫਿਰਦੇ ਹਨ। ਆਕਾਸ਼ ਵਿਚ ਘਣੇ ਬਦਲਾਂ ਅੰਦਰ ਬਿਜਲੀ ਚਮਕ ਰਹੀ ਹੈ। ਰਿਸ਼ੀ ਲੋਕ (ਡਰ ਦੇ ਮਾਰੇ) ਦਹਿਲ ਗਏ ਹਨ ਅਤੇ ਬਿਮਾਨਾਂ ਵਿਚ (ਬੈਠੇ ਹੋਏ) ਡਰਦੇ ਆਕਾਸ਼ ਵਿਚ ਘੁੰਮ ਰਹੇ ਹਨ।੮੭।

ਦੇਵੀ ਨੇ ਕਿਹਾ ।

ਸਾਰੰਗ। ਬਿਸਨਪਦ। ਤੇਰੀ ਕ੍ਰਿਪਾ ਨਾਲ

ਹੇ ਸਿਆਣੇ ਪੁੱਤਰ! ਕੁਝ ਵਰ ਮੰਗੋ। ਅਸੀਂ ਜਾਣ ਲਿਆ ਹੈ ਕਿ ਭੂਤ ਕਾਲ ਅਤੇ ਭਵਿਖਤ ਕਾਲ ਵਿਚ ਤੇਰੇ ਵਰਗਾ ਕੋਈ ਸਾਧੂ ਚਰਿਤ੍ਰ ਵਾਲਾ ਨਹੀਂ ਹੋਇਆ। ਜੋ ਵਰਦਾਨ ਚਾਹੋ, ਮੰਗ ਲਵੋ, ਅਸੀਂ ਤੈਨੂੰ ਸਭ ਕੁਝ ਦੇਣ ਲਈ ਤਿਆਰ ਹਾਂ। ਸੋਨਾ, ਹੀਰੇ, ਜਵਾਹਰਾਤ, ਮੋਤੀ ਆਦਿ ਸਾਰੀਆਂ (ਵਸਤੂਆਂ) ਮਨ ਭਰ ਕੇ ਲੈ ਲਵੋ।੮੮।

ਪਾਰਸ ਨਾਥ ਨੇ ਕਿਹਾ

ਬਿਸਨਪਦ। ਸਾਰੰਗ

(ਮੈਨੂੰ ਵਰ ਦਿਓ ਕਿ) ਸਾਰੀ ਵੇਦ ਵਿਦਿਆ ਨੂੰ ਪੜ੍ਹ ਲਵਾਂ ਅਤੇ ਸਭ ਤਰ੍ਹਾਂ ਦੇ ਸ਼ਸਤ੍ਰਾਂ ਨੂੰ ਚਲਾ ਲਵਾਂ। ਸਾਰੇ ਹੀ ਦੇਸ਼ਾਂ (ਨੂੰ ਜਿਤ ਕੇ ਆਪਣੇ) ਅਧੀਨ ਕਰ ਲਵਾਂ ਅਤੇ (ਆਪਣੀ) ਮਰਜ਼ੀ ਅਨੁਸਾਰ ਸ਼ਾਸਨ ਕਰਾਂ। 'ਤਥਾਸਤੁ' (ਇੰਜ ਹੀ ਹੋਵੇਗਾ) ਕਹਿ ਕੇ ਅਤੇ ਉਸ ਨੂੰ ਬਹੁਤ ਵੱਡਾ ਵਰ ਦੇ ਕੇ ਚੰਡੀ ਲੋਪ ਹੋ ਗਈ। ਆਪਣੇ ਸਿੰਘ ਉਤੇ ਸਵਾਰ ਹੋ ਕੇ (ਦੇਵੀ) ਉਥੋਂ ਅੰਤਰ ਧਿਆਨ ਹੋ ਗਈ।੮੯।

ਬਿਸਨਪਦ। ਗਉਰੀ। ਤੇਰੀ ਕ੍ਰਿਪਾ ਨਾਲ

ਪਾਰਸ ਨਾਥ (ਚੰਡੀ ਨੂੰ) ਡੰਡੌਤ ਕਰ ਕੇ (ਘਰ ਨੂੰ) ਪਰਤ ਆਏ। ਆਉਂਦਿਆਂ ਹੀ (ਆਪਣੇ) ਬੰਦਿਆਂ ਨੂੰ ਭੇਜ ਕੇ ਦੇਸਾਂ ਦੇਸਾਂ ਦੇ ਸੂਰਮੇ ਬੁਲਾ ਲਏ। ਸਾਰੇ ਯੋਧੇ ਰਾਜੇ ਦਾ ਰੂਪ ਵੇਖ ਕੇ ਹੈਰਾਨ ਹੋ ਗਏ ਅਤੇ ਚਿਤ ਵਿਚ ਵਿਸਮਾਦ ਪਸਰ ਗਿਆ। (ਕਹਿਣ ਲਗੇ) ਕਿ ਇਸ ਤਰ੍ਹਾਂ ਰਾਜਾ (ਪਹਿਲਾਂ) ਕਦੇ ਵੀ ਨਹੀਂ ਵੇਖਿਆ ਹੈ, ਜਿਸ ਤਰ੍ਹਾਂ ਅਜ ਦਿਸ ਰਿਹਾ ਹੈ। ਆਕਾਸ਼ ਦੀਆਂ ਇਸਤਰੀਆਂ (ਅਪੱਛਰਾਵਾਂ) ਹੈਰਾਨ ਹੋ ਰਹੀਆਂ ਹਨ ਅਤੇ ਗਣ ਅਤੇ ਉਡਗਣ ਵੀ ਅਸਚਰਜ ਵਿਚ ਪੈ ਗਏ ਹਨ। ਦੇਵਤਿਆਂ ਨੇ ਸਦਾ ਤਾਜ਼ਾ ਰਹਿਣ ਵਾਲੇ

ਝਿਮਝਿਮ ਮੇਘ ਬ੍ਹੂੰਦ ਜ੍ਯੋਂ ਦੇਵਨ ਅਮਰ ਪੁਹਪ ਬਰਖਾਏ।
ਜਾਨੁਕ ਜੁਬਨ ਖਾਨ ਹੁਐ ਨਿਕਸੇ ਰੂਪ ਸਿੰਧੁ ਅਨੁਵਾਏ।
ਜਾਨੁਕ ਧਾਰਿ ਨਿਡਰ ਬਸੁਧਾ ਪਰ ਕਾਮ ਕਲੇਵਰ ਆਏ। ੯0।

ਬਿਸਨਪਦਿ। ਸਾਰੰਗ। ਤ੍ਵਪ੍ਰਸਾਦਿ

ਭੂਪਤਿ ਪਰਮ ਗ੍ਯਾਨ ਜਬ ਪਾਯੋ।
ਮਨ ਬਚ ਕਰਮ ਕਠਨ ਕਰ ਤਾ ਕੋ ਜੌ ਕਰਿ ਧ੍ਯਾਨ ਲਗਾਯੋ।
ਕਰਿ ਬਹੁ ਨ੍ਯਾਸ ਕਠਨ ਜਪੁ ਸਾਧ੍ਯੋ ਦਰਸਨਿ ਦੀਯੋ ਭਵਾਨੀ।
ਤਤਛਿਨ ਪਰਮ ਗ੍ਯਾਨ ਉਪਦੇਸ੍ਯੋ ਲੋਕ ਚਤੁਰ ਦਸ ਰਾਨੀ।
ਤਿਹ ਛਿਨ ਸਰਬ ਸਾਸਤ੍ਰ ਮੁਖ ਉਚਰੇ ਤਤ ਅਤਤ ਪਛਾਨਾ।
ਅਵਰ ਅਤਤ ਸਬੈ ਕਰ ਜਾਨੇ ਏਕ ਤਤ ਠਹਰਾਨਾ।
ਅਨਭਵ ਜੋਤਿ ਅਨੂਪ ਪ੍ਰਕਾਸੀ ਅਨਹਦ ਨਾਦ ਬਜਾਯੋ।
ਦੇਸ ਬਿਦੇਸ ਜੀਤਿ ਰਾਜਨ ਕਹੁ ਸੁਭਟ ਅਭੈ ਪਦ ਪਾਯੋ। ੯੧।

ਬਿਸਨਪਦ। ਪਰਜ

ਐਸੇ ਅਮਰਪਦ ਕਹੁ ਪਾਇ।
ਦੇਸ ਅਉਰ ਬਿਦੇਸ ਭੂਪਤਿ ਜੀਤਿ ਲੀਨ ਬੁਲਾਇ।
ਭਾਤਿ ਭਾਤਿ ਭਰੇ ਗੁਮਾਨ ਨਿਸਾਨ ਸਰਬ ਬਜਾਇ।
ਚਉਪ ਚਉਪ ਚਲੇ ਚਮੂੰਪਤਿ ਚਿਤ ਚਉਪ ਬਢਾਇ।
ਆਨਿ ਆਨਿ ਸਬੈ ਲਗੇ ਪਗ ਭੂਪ ਕੇ ਜੁਹਰਾਇ।
ਆਵ ਆਵ ਸੁਭਾਵ ਸੋ ਕਹਿ ਲੀਨ ਕੰਠ ਲਗਾਇ।
ਹੀਰ ਚੀਰ ਸੁ ਬਾਜ ਦੈ ਗਜ ਰਾਜ ਦੈ ਪਹਿਰਾਇ।
ਸਾਧ ਦੈ ਸਨਮਾਨ ਕੈ ਕਰ ਲੀਨ ਚਿਤ ਚੁਰਾਇ। ੯੨।

ਬਿਸਨਪਦ। ਕਾਫੀ। ਤ੍ਵਪ੍ਰਸਾਦਿ

ਇਮ ਕਰ ਦਾਨ ਦੈ ਸਨਮਾਨ।
ਭਾਤਿ ਭਾਤਿ ਬਿਮੋਹਿ ਭੂਪਤਿ ਭੂਪ ਬੁਧ ਨਿਧਾਨ।
ਭਾਤਿ ਭਾਤਿਨ ਸਾਜ ਦੈ ਬਰ ਬਾਜ ਅਉ ਗਜਰਾਜ।
ਆਪਨੇ ਕੀਨੋ ਨ੍ਰਿਪੰ ਸਬ ਪਾਰਸੈ ਮਹਾਰਾਜ।
ਲਾਲ ਜਾਲ ਪ੍ਰਵਾਲ ਬਿਦ੍ਰਮ ਹੀਰ ਚੀਰ ਅਨੰਤ।
ਲਛ ਲਛ ਸ੍ਵਰਣ ਸਿੰਙੀ ਦਿਜ ਏਕ ਏਕ ਮਿਲੰਤ।
ਮੋਹਿ ਭੂਪਿਤ ਭੂਮਿ ਕੈ ਇਕ ਕੀਨ ਜਗ ਬਨਾਇ।
ਭਾਤਿ ਭਾਤਿ ਸਭਾ ਬਨਾਇ ਸੁ ਬੈਠਿ ਭੂਪਤਿ ਆਇ। ੯੩।

ਇਕ ਦਿਨ ਬੈਠੇ ਸਭਾ ਬਨਾਈ।
ਬਡੇ ਬਡੇ ਛਤ੍ਰੀ ਬਸੁਧਾ ਕੇ ਲੀਨੇ ਨਿਕਟਿ ਬੁਲਾਈ।
ਅਰੁ ਜੇ ਹੁਤੇ ਦੇਸ ਦੇਸਨ ਮਤਿ ਤੇ ਭੀ ਸਰਬ ਬੁਲਾਏ।
ਸੁਨਿ ਇਹ ਭਾਤਿ ਸਰਬ ਜਟਧਾਰੀ ਦੇਸ ਦੇਸ ਤੇ ਆਏ।

ਫੁਲਾਂ (‘ਅਮਰ ਪੁਹਪ’) ਦੀ ਮੀਂਹ ਦੀਆਂ ਕਣੀਆਂ ਵਾਂਗ ਝਿਮ ਝਿਮ ਕਰਦੀ ਬਰਖਾ ਕੀਤੀ ਹੈ। (ਇੰਜ ਪ੍ਰਤੀਤ ਹੁੰਦਾ ਹੈ) ਮਾਨੋ (ਪਾਰਸ ਨਾਥ) ਰੂਪ ਦੇ ਸਮੁੰਦਰ ਵਿਚੋਂ ਇਸ਼ਨਾਨ ਕਰ ਕੇ ਜੋਬਨ ਦੀ ਖਾਣ ਹੋ ਕੇ ਨਿਕਲਿਆ ਹੋਵੇ। (ਜਾਂ ਇੰਜ ਕਹੋ) ਮਾਨੋ ਕਾਮਦੇਵ ਨਿਡਰ ਹੋ ਕੇ ਧਰਤੀ ਉਤੇ ਸ਼ਰੀਰ ਧਾਰਨ ਕਰ ਕੇ ਆਇਆ ਹੋਵੇ।੯0।

ਬਿਸਨਪਦ। ਸਾਰੰਗ। ਤੇਰੀ ਕ੍ਰਿਪਾ ਨਾਲ

ਜਦ ਰਾਜਾ (ਪਾਰਸ ਨਾਥ) ਨੇ ਪਰਮ ਗਿਆਨ ਪ੍ਰਾਪਤ ਕਰ ਲਿਆ। ਮਨ, ਬਾਣੀ ਅਤੇ ਕਰਮ ਕਰ ਕੇ (ਜਿਸ ਨੂੰ ਪ੍ਰਾਪਤ ਕਰਨਾ) ਕਠਿਨ ਸੀ, ਜਦ ਉਸ ਦਾ ਧਿਆਨ ਲਗਾਇਆ ਅਤੇ ਬਹੁਤ ਤਰ੍ਹਾਂ ਨਾਲ ਯੋਗ ਅਭਿਆਸ ਅਤੇ ਜਪ ਸਾਧਨਾ ਕੀਤੀ (ਤਦ) ਭਵਾਨੀ ਨੇ ਦਰਸ਼ਨ ਦਿੱਤਾ ਅਤੇ ਤੁਰਤ ਚੌਦਾਂ ਲੋਕਾਂ ਦੀ ਰਾਣੀ (ਭਵਾਨੀ) ਨੇ ਪਰਮ ਗਿਆਨ ਦਾ ਉਪਦੇਸ਼ ਦਿੱਤਾ। ਉਸੇ ਵੇਲੇ (ਰਾਜੇ ਨੇ) ਸਾਰੇ ਸ਼ਾਸਤ੍ਰਾਂ ਨੂੰ ਮੁਖ ਤੋਂ ਉਚਾਰਿਆ ਅਤੇ ਤੱਤ ਅਤੇ ਅਤੱਤ ਦੀ ਪਛਾਣ ਕੀਤੀ। ਹੋਰ ਸਭ ਕੁਝ ਨੂੰ ਅਤੱਤ ਕਰ ਕੇ ਜਾਣਿਆ ਅਤੇ ਇਕੋ (ਪਰਮ ਸੱਤਾ) ਨੂੰ ਤੱਤ ਕਰ ਕੇ ਨਿਸਚੈ ਕੀਤਾ। (ਉਸ) ਸੁਤਹ ਗਿਆਨ ਵਾਲੀ ਅਨੂਪਮ ਜੋਤਿ ਦਾ (ਹਰ ਪਾਸੇ) ਪ੍ਰਕਾਸ਼ (ਪਸਰਿਆ ਹੋਇਆ ਹੈ ਅਤੇ ਉਸੇ ਨੇ) ਅਨਹਦ ਸ਼ਬਦ ਵਜਾਇਆ ਹੈ। ਬਲਵਾਨ (ਰਾਜੇ ਨੇ) ਦੇਸ ਵਿਦੇਸ਼ ਦੇ ਰਾਜਿਆਂ ਨੂੰ ਜਿਤ ਕੇ ‘ਅਭੈ-ਪਦ’ ਪ੍ਰਾਪਤ ਕੀਤਾ ਹੈ।੯੧।

ਬਿਸਨਪਦ। ਪਰਜ

ਇਸ ਤਰ੍ਹਾਂ ਅਮਰ-ਪਦ ਨੂੰ ਪ੍ਰਾਪਤ ਕਰ ਲਿਆ ਹੈ। ਦੇਸਾਂ ਅਤੇ ਵਿਦੇਸਾਂ ਦੇ ਰਾਜਿਆਂ ਨੂੰ ਜਿਤ ਕੇ (ਆਪਣੇ ਪਾਸ) ਬੁਲਾ ਲਿਆ ਹੈ। (ਉਹ ਸਾਰੇ ਰਾਜੇ) ਭਾਂਤ ਭਾਂਤ ਦੇ ਗੁਮਾਨ ਦੇ ਭਰੇ ਹੋਏ ਹਨ ਅਤੇ ਸਾਰੇ ਧੌਂਸੇ ਵਜਾਉਂਦੇ ਹਨ। ਚਿਤ ਵਿਚ ਉਤਸਾਹ ਵਧਾ ਕੇ ਸੈਨਾਪਤੀ ਚਾਉ ਨਾਲ ਭਰੇ ਹੋਏ ਚਲੇ ਹਨ। ਸਾਰੇ ਆ ਆ ਕੇ ਰਾਜੇ ਨੂੰ ਨਮਸਕਾਰ ਕਰ ਕੇ (ਉਸ ਦੇ) ਚਰਨੀ ਲਗੇ ਹਨ। (ਸਭ ਨੂੰ ਰਾਜੇ ਨੇ) ਸਹਿਜ ਸੁਭਾਵਿਕ ਆਉ ਆਉ ਕਹਿ ਕੇ ਗਲ ਨਾਲ ਲਗਾ ਲਿਆ ਹੈ। (ਸਭ ਨੂੰ) ਹੀਰੇ, ਬਸਤ੍ਰ, ਘੋੜੇ ਅਤੇ ਹਾਥੀ ਦਿੱਤੇ ਅਤੇ (ਸਿਰੋ□ਪਾਓ) ਪਹਿਨਾਏ। ਸਾਧੂ ਪੁਰਸ਼ਾਂ ਨੂੰ ਦਾਨ ਦੇ ਕੇ ਅਤੇ ਸਨਮਾਨ ਕਰ ਕੇ ਉਨ੍ਹਾਂ ਦਾ ਚਿਤ ਚੁਰਾ ਲਿਆ।੯੨।

ਬਿਸਨਪਦ। ਕਾਫੀ। ਤੇਰੀ ਕ੍ਰਿਪਾ ਨਾਲ

ਇਸ ਤਰ੍ਹਾਂ ਦਾਨ ਦੇ ਕੇ ਅਤੇ ਸਨਮਾਨ ਕਰ ਕੇ ਬੁੱਧੀ ਦੇ ਖ਼ਜ਼ਾਨੇ ਰਾਜਾ (ਪਾਰਸ ਨਾਥ) ਨੇ (ਸਾਰਿਆਂ) ਰਾਜਿਆਂ ਨੂੰ ਤਰ੍ਹਾਂ ਤਰ੍ਹਾਂ ਨਾਲ ਮੋਹ ਲਿਆ ਹੈ। ਭਾਂਤ ਭਾਂਤ ਦੇ ਸਾਜਾਂ ਨਾਲ ਸੱਜੇ ਘੋੜੇ ਅਤੇ ਹਾਥੀ ਦਿੱਤੇ ਹਨ। ਮਹਾਰਾਜ ਪਾਰਸ ਨਾਥ ਨੇ ਸਾਰਿਆਂ ਰਾਜਿਆਂ ਨੂੰ ਆਪਣਾ (ਸੇਵਕ) ਬਣਾ ਲਿਆ ਹੈ। ਲਾਲਾਂ ਦੇ ਜਾਲ, ਪ੍ਰਵਾਲ, ਹੀਰੇ, ਮੋਤੀ ਅਤੇ ਬਹੁਤ ਸਾਰੇ ਬਸਤ੍ਰ, ਸੋਨੇ ਦੇ ਸਿੰਗਾਂ ਵਾਲੀਆਂ ਲਖ-ਲਖ ਗਊਆਂ ਇਕ ਇਕ ਬ੍ਰਾਹਮਣ ਨੂੰ ਦਿੱਤੀਆਂ। ਧਰਤੀ ਦੇ ਰਾਜਿਆਂ ਨੂੰ ਮੋਹਿਤ ਕਰ ਕੇ, ਧੌਂਸਾ ਵਜਾ ਕੇ ਇਕ ਯੱਗ ਕੀਤਾ ਜਿਸ ਵਿਚ ਭਾਂਤ ਭਾਂਤ ਦੀਆਂ ਸਭਾਵਾਂ ਬਣਾ ਕੇ ਰਾਜੇ ਆ ਕੇ ਬੈਠੇ ਹਨ। ੯੩।

ਇਕ ਦਿਨ (ਰਾਜਾ) ਸਭਾ ਬਣਾ ਕੇ ਬੈਠਾ ਹੋਇਆ ਸੀ। ਧਰਤੀ ਦੇ ਵੱਡੇ ਵੱਡੇ ਰਾਜਿਆਂ ਨੂੰ ਕੋਲ ਬੁਲਾ ਲਿਆ। ਅਤੇ ਦੇਸਾਂ ਦੇਸਾਂ ਦੇ ਜੋ ਮਤਾਂ (ਧਰਮਾਂ) ਵਾਲੇ ਸਨ, ਉਨ੍ਹਾਂ ਨੂੰ ਵੀ ਬੁਲਾ ਲਿਆ। ਇਸ ਤਰ੍ਹਾਂ (ਗੱਲ) ਸੁਣ ਕੇ ਦੇਸਾਂ ਦੇਸਾਂ ਤੋਂ ਸਾਰੇ ਜਟਾਧਾਰੀ ਆ ਗਏ, (ਜਿਨ੍ਹਾਂ ਨੇ) ਕਈ ਪ੍ਰਕਾਰ ਦੀਆਂ ਜਟਾਂ ਧਾਰਨ ਕੀਤੀਆਂ ਹੋਈਆਂ ਸਨ ਅਤੇ ਮੂੰਹ ਉਤੇ ਵਿਭੂਤੀ ਲਗਾਈ

ਨਾਨਾ ਭਾਤਿ ਜਟਨ ਕਹ ਧਾਰੇ ਅਰੁ ਮੁਖ ਬਿਭੂਤ ਲਗਾਏ।
ਬਲਕੁਲ ਅੰਗਿ ਦੀਰਘ ਨਖ ਸੋਭਤ ਮ੍ਰਿਗਪਤਿ ਦੇਖ ਲਜਾਏ।
ਮੁੰਦ੍ਰਤ ਨੇਤ੍ਰ ਊਰਧ ਕਰ ਓਪਤ ਪਰਮ ਕਾਛਨੀ ਕਾਛੇ।
ਨਿਸ ਦਿਨ ਜਪ੍ਯੋ ਕਰਤ ਦਤਾਤ੍ਰੈ ਮਹਾ ਮੁਨੀਸਰ ਆਛੇ। ੯੪।

ਪਾਰਸਨਾਥ ਬਾਚ

ਧਨਾਸਰੀ। ਤ੍ਵਪ੍ਰਸਾਦਿ

ਕੈ ਤੁਮ ਹਮ ਕੋ ਪਰਚੌ ਦਿਖਾਓ।
ਨਾਤਰ ਜਿਤੇ ਤੁਮ ਹੋ ਜਟਧਾਰੀ ਸਬਹੀ ਜਟਾ ਮੁੰਡਾਓ।
ਜੋਗੀ ਜੋਗੁ ਜਟਨ ਕੇ ਭੀਤਰ ਜੇ ਕਰ ਕਛੂਅਕ ਹੋਈ।
ਤਉ ਹਰਿ ਧ੍ਯਾਨ ਛੋਰਿ ਦਰ ਦਰ ਤੇ ਭੀਖ ਨ ਮਾਂਗੈ ਕੋਈ।
ਜੇ ਕਰ ਮਹਾ ਤਤ ਕਹੁ ਚੀਨੈ ਪਰਮ ਤਤ ਕਹੁ ਪਾਵੈ।
ਤਬ ਯਹ ਮੋਨ ਸਾਧਿ ਮਨਿ ਬੈਠੇ ਅਨਤ ਨ ਖੋਜਨ ਧਾਵੈ।
ਜਾਕੀ ਰੂਪ ਰੇਖ ਨਹੀ ਜਾਨੀਐ ਸਦਾ ਅਦ੍ਵੈਖ ਕਹਾਯੋ।
ਜਉਨ ਅਭੇਖ ਰੇਖ ਨਹੀ ਸੋ ਕਹੁ ਭੇਖ ਬਿਖੈ ਕਿਉ ਆਯੋ। ੯੫।

ਬਿਸਨਪਦ। ਸਾਰੰਗ। ਤ੍ਵਪ੍ਰਸਾਦਿ

ਜੇ ਜੇ ਤਿਨ ਮੈ ਹੁਤੇ ਸਯਾਨੇ।
ਪਾਰਸ ਪਰਮ ਤਤ ਕੇ ਬੇਤਾ ਮਹਾ ਪਰਮ ਕਰ ਮਾਨੇ।
ਸਬਹਨਿ ਸੀਸ ਨ੍ਯਾਇ ਕਰਿ ਜੋਰੇ ਇਹ ਬਿਧਿ ਸੰਗਿ ਬਖਾਨੇ।
ਜੋ ਜੋ ਗੁਰੂ ਕਹਾ ਸੋ ਕੀਨਾ ਅਉਰ ਹਮ ਕਛੂ ਨ ਜਾਨੇ।
ਸੁਨਹੋ ਮਹਾਰਾਜ ਰਾਜਨ ਕੇ ਜੋ ਤੁਮ ਬਚਨ ਬਖਾਨੇ।
ਸੋ ਹਮ ਦਤ ਬਕਤ੍ਰ ਤੇ ਸੁਨ ਕਰਿ ਸਾਚ ਹੀਐ ਅਨੁਮਾਨੇ।
ਜਾਨੁਕ ਪਰਮ ਅੰਮ੍ਰਿਤ ਤੇ ਨਿਕਸੇ ਮਹਾ ਰਸਨ ਰਸ ਸਾਨੇ।
ਜੋ ਜੋ ਬਚਨ ਭਏ ਇਹ ਮੁਖਿ ਤੇ ਸੋ ਸੋ ਸਬ ਹਮ ਮਾਨੇ। ੯੬।

ਬਿਸਨਪਦ। ਸੋਰਠਿ

ਜੋਗੀ ਜੋਗੁ ਜਟਨ ਮੋ ਨਾਹੀ।
ਭ੍ਰਮ ਭ੍ਰਮ ਮਰਤ ਕਹਾ ਪਚਿ ਪਚਿ ਕਹਿ ਦੇਖਿ ਸਮਝ ਮਨ ਮਾਹੀ।
ਜੋ ਜਨ ਮਹਾ ਤਤ ਕਹੁ ਜਾਨੈ ਪਰਮ ਗ੍ਯਾਨ ਕਹੁ ਪਾਵੈ।
ਤਬ ਯਹ ਏਕ ਠਉਰ ਮਨੁ ਰਾਖੈ ਦਰਿ ਦਰਿ ਭ੍ਰਮਤ ਨ ਧਾਵੈ।
ਕਹਾ ਭਯੋ ਗ੍ਰਿਹ ਤਜਿ ਉਠਿ ਭਾਗੇ ਬਨ ਮੈ ਕੀਨ ਨਿਵਾਸਾ।
ਮਨ ਤੋ ਰਹਾ ਸਦਾ ਘਰ ਹੀ ਮੋ ਸੋ ਨਹੀ ਭਯੋ ਉਦਾਸਾ।
ਅਧਿਕ ਪ੍ਰਪੰਚ ਦਿਖਾਇਆ ਠਗਾ ਜਗ ਜਾਨਿ ਜੋਗ ਕੋ ਜੋਰਾ।
ਤੁਮ ਜੀਅ ਲਖਾ ਤਜੀ ਹਮ ਮਾਯਾ ਮਾਯਾ ਤੁਮੈ ਨ ਛੋਰਾ। ੯੭।

ਹੋਈ ਸੀ। ਬ੍ਰਿਛਾਂ ਦੀਆਂ ਛਿਲਾਂ ਅਤੇ ਪੱਤਰ ਸ਼ਰੀਰ ਉਤੇ ਧਾਰਨ ਕੀਤੇ ਹੋਏ ਸਨ ਅਤੇ ਨਾਖੁਨ ਇਤਨੇ ਵਧਾਏ ਹੋਏ ਸਨ ਕਿ (ਉਨ੍ਹਾਂ ਨੂੰ) ਵੇਖ ਕੇ ਸ਼ੇਰ ਵੀ ਲਜਾਉਂਦਾ ਸੀ। ਅੱਖਾਂ ਮੀਟੀਆਂ ਹੋਈਆਂ ਸਨ, ਹੱਥ ਉੱਚੇ ਕਰ ਕੇ ਖੜੋਤੇ ਸਨ ਅਤੇ ਸੁੰਦਰ ਲੰਗੋਟ ਧਾਰੇ ਹੋਏ ਸਨ। (ਉਹ) ਮਹਾ ਮੁਨੀਸਰ ਸ੍ਰੇਸ਼ਠ ਦੱਤਾਤ੍ਰੇ ਨੂੰ ਰਾਤ ਦਿਨ ਜਪਿਆ ਕਰਦੇ ਸਨ।੯੪।

ਪਾਰਸ ਨਾਥ ਨੇ ਕਿਹਾ

ਧਨਾਸਰੀ। ਤੇਰੀ ਕ੍ਰਿਪਾ ਨਾਲ

ਜਾਂ ਤਾਂ ਤੁਸੀਂ ਮੈਨੂੰ ਕੋਈ ਪਰਿਚਯਾਤਮਕ ਕੌਤਕ (ਕਰਾਮਾਤ) ਵਿਖਾਓ। ਨਹੀਂ ਤਾਂ ਤੁਸੀਂ ਜਿਤਨੇ ਜਟਾਧਾਰੀ ਹੋ, ਸਾਰੇ ਹੀ ਜਟਾਂ ਮੁੰਨਵਾ ਦਿਓ। ਹੇ ਜੋਗੀਓ! ਜੇ ਜਟਾਂ ਵਿਚ ਕੁਝ ਕੁ ਵੀ ਜੋਗ ਹੋਵੇ ਤਾਂ ਹਰਿ ਦਾ ਧਿਆਨ ਛਡ ਕੇ ਕੋਈ ਵੀ ਦਰ ਦਰ ਉਤੇ ਭਿਖਿਆ ਨ ਮੰਗਦਾ। ਜੇ ਕਰ ਕੋਈ ਮਹਾ ਤੱਤ ਨੂੰ ਪਛਾਣ ਲਵੇ, ਤਾਂ ਉਹ ਪਰਮ ਤੱਤ ਨੂੰ ਪ੍ਰਾਪਤ ਕਰ ਲਵੇਗਾ। ਤਦ ਇਹ ਮਨ ਚੁਪ ਸਾਧ ਕੇ ਬੈਠਾ ਰਹੇਗਾ ਅਤੇ ਕਿਤੇ ਹੋਰ ਖੋਜਣ ਨਹੀਂ ਜਾਵੇਗਾ। ਜਿਸ ਦੀ ਕੋਈ ਰੂਪ-ਰੇਖਾ ਨਹੀਂ ਜਾਣੀ ਜਾਂਦੀ ਅਤੇ ਜੋ ਸਦਾ ਅਦ੍ਵੈਸ਼ ਅਖਵਾਉਂਦਾ ਹੈ, ਜਿਸ ਅਭੇਖ ਦੀ ਕੋਈ ਰੇਖਾ ਨਹੀਂ ਹੈ, ਦਸੋ (ਭਲਾ) ਉਹ ਭੇਖ ਵਿਚ ਕਿਸ ਤਰ੍ਹਾਂ ਆ ਸਕਦਾ ਹੈ।੯੫।

ਬਿਸਨਪਦ। ਸਾਰੰਗ। ਤੇਰੀ ਕ੍ਰਿਪਾ ਨਾਲ

ਜਿਹੜੇ ਜਿਹੜੇ ਉਨ੍ਹਾਂ ਵਿਚ ਸਿਆਣੇ ਸਨ, (ਉਨ੍ਹਾਂ ਨੇ) ਪਾਰਸ ਨਾਥ ਨੂੰ ਪਰਮ-ਤੱਤ ਦਾ ਜਾਣਨ ਵਾਲਾ ਅਤੇ ਮਹਾਨ ਤੇ ਪਰਮ ਸ੍ਰੇਸ਼ਠ ਕਰ ਕੇ ਮੰਨ ਲਿਆ। ਸਭ ਨੇ ਸਿਰ ਨਿਵਾਏ ਅਤੇ ਹੱਥ ਜੋੜ ਕੇ ਇਸ ਤਰ੍ਹਾਂ (ਮੂੰਹ) ਨਾਲ ਕਿਹਾ ਜੋ ਜੋ ਗੁਰੂ (ਦੱਤਾਤ੍ਰੇ) ਨੇ ਕਿਹਾ ਸੀ, ਉਹੀ ਅਸੀਂ ਕੀਤਾ ਅਤੇ (ਉਸ ਤੋਂ ਭਿੰਨ) ਹੋਰ ਅਸੀਂ ਕੁਝ ਨਹੀਂ ਜਾਣਦੇ। ਹੇ ਰਾਜਿਆਂ ਦੇ ਮਹਾਰਾਜ! ਜੋ ਬਚਨ ਤੁਸੀਂ ਕਹੇ ਹਨ (ਉਹ ਸਾਰੇ ਅਸੀਂ) ਸੁਣ ਲਏ ਹਨ। (ਪਰ) ਉਹ (ਬਚਨ) ਦੱਤਾਤ੍ਰੇ ਦੇ ਮੁਖ ਤੋਂ ਸੁਣ ਕੇ ਹਿਰਦੇ ਵਿਚ ਸਚ ਕਰ ਕੇ ਅਨੁਮਾਨ ਕੀਤੇ ਸਨ। (ਉਹ ਬਚਨ) ਰਸਾਂ ਨਾਲ ਇਸ ਤਰ੍ਹਾਂ ਭਿਜੇ ਹੋਏ ਸਨ, ਮਾਨੋ ਪਰਮ ਅੰਮ੍ਰਿਤ ਵਿਚੋਂ ਹੀ ਨਿਕਲੇ ਹੋਣ। ਜੋ ਜੋ ਵੀ ਬਚਨ ਇਨ੍ਹਾਂ ਦੇ ਮੁਖ ਤੋਂ ਪ੍ਰਗਟ ਹੋਏ ਹਨ, ਉਹ ਉਹ ਸਭ ਅਸੀਂ ਮੰਨ ਲਏ ਹਨ। ੯੬।

ਬਿਸਨਪਦ। ਸੋਰਠਿ

ਹੇ ਜੋਗੀ! ਜੋਗ ਜਟਾਂ ਵਿਚ ਨਹੀਂ ਹੈ। ਭੌਂ ਭੌਂ ਕੇ ਅਤੇ ਪਚ ਪਚ ਕੇ ਕਿਸ ਲਈ ਮਰ ਰਹੇ ਹੋ। ਮਨ ਵਿਚ ਸਮਝ ਕੇ ਵੇਖੋ। ਜੋ ਵਿਅਕਤੀ ਮਹਾ ਤੱਤ ਨੂੰ ਜਾਣਦਾ ਹੈ, ਉਹ ਪਰਮ ਗਿਆਨ ਨੂੰ ਪ੍ਰਾਪਤ ਕਰਦਾ ਹੈ। ਤਦ ਉਹ ਇਕ ਸਥਾਨ ਉਤੇ ਮਨ ਨੂੰ ਟਿਕਾ ਲੈਂਦਾ ਹੈ ਅਤੇ ਦਰ ਦਰ ਭਰਮਦਾ ਫਿਰਦਾ ਨਹੀਂ ਹੈ। ਕੀ ਹੋਇਆ ਜੇ ਘਰ ਛਡ ਕੇ (ਬਾਹਰ ਨੂੰ) ਭਜ ਗਿਆ ਹੈ ਅਤੇ ਬਨ ਵਿਚ ਨਿਵਾਸ ਕੀਤਾ ਹੈ। (ਉਸ ਦਾ) ਮਨ ਤਾਂ ਸਦਾ ਘਰ ਵਿਚ ਹੀ ਰਿਹਾ ਹੈ, ਉਹ ਤਾਂ ਉਦਾਸ ਨਹੀਂ ਹੋਇਆ। ਬਹੁਤ ਪ੍ਰਪੰਚ ਵਿਖਾ ਕੇ ਜਗਤ ਨੂੰ ਠਗ ਲਿਆ ਹੈ (ਅਤੇ ਇਸ ਨੂੰ) ਜੋਗ ਦੀ ਸ਼ਕਤੀ ਜਾਣ ਲਿਆ ਹੈ। ਤੁਸੀਂ ਦਿਲ ਵਿਚ ਜਾਣ ਲਿਆ ਕਿ ਅਸੀਂ ਮਾਯਾ ਛਡ ਦਿੱਤੀ ਹੈ, ਪਰ ਮਾਯਾ ਨੇ ਤਾਂ ਤੁਹਾਨੂੰ ਨਹੀਂ ਛਡਿਆ।੯੭।

ਬਿਸਨਪਦ। ਸੋਰਠਿ

ਭੇਖੀ ਜੋਗ ਨ ਭੇਖ ਦਿਖਾਏ।
ਨਾਹਨ ਜਟਾ ਬਿਭੂਤ ਨਖਨ ਮੈ ਨਾਹਿਨ ਬਸਤ੍ਰ ਰੰਗਾਏ।
ਜੋ ਬਨਿ ਬਸੈ ਜੋਗ ਕਹੁ ਪਈਐ ਪੰਛੀ ਸਦਾ ਬਸਤ ਬਨਿ।
ਕੁੰਚਰ ਸਦਾ ਧੂਰਿ ਸਿਰਿ ਮੇਲਤ ਦੇਖਹੁ ਸਮਝ ਤੁਮ ਹੀ ਮਨਿ।
ਦਾਦੁਰ ਮੀਨ ਸਦਾ ਤੀਰਥ ਮੋ ਕਰ੍ਯੋ ਕਰਤ ਇਸਨਾਨਾ।
ਧ੍ਯਾਨ ਬਿੜਾਲ ਬਕੀ ਬਕ ਲਾਵਤ ਤਿਨ ਕਿਆ ਜੋਗੁ ਪਛਾਨਾ।
ਜੈਸੇ ਕਸਟ ਠਗਨ ਕਰ ਠਾਟਤ ਐਸੇ ਹਰਿ ਹਿਤ ਕੀਜੈ।
ਤਬ ਹੀ ਮਹਾ ਗ੍ਯਾਨ ਕੋ ਜਾਨੈ ਪਰਮ ਪਯੂਖਹਿ ਪੀਜੈ। ੯੮।

ਬਿਸਨਪਦ। ਸਾਰੰਗ

ਸੁਨਿ ਸੁਨਿ ਐਸੇ ਬਚਨ ਸਿਯਾਨੇ।
ਉਠਿ ਉਠਿ ਮਹਾ ਬੀਰ ਪਾਰਸ ਕੇ ਪਾਇਨ ਸੋ ਲਪਟਾਨੇ।
ਜੇ ਜੇ ਹੁਤੇ ਮੂੜ ਅਗਿਆਨੀ ਤਿਨ ਤਿਨ ਬੈਨ ਨ ਮਾਨੇ।
ਉਠਿ ਉਠਿ ਲਗੇ ਕਰਨ ਬਕਬਾਦਹ ਮੂਰਖ ਮੁਗਧ ਇਆਨੇ।
ਉਠਿ ਉਠਿ ਭਜੇ ਕਿਤੇ ਕਾਨਨ ਕੋ ਕੇਤਕਿ ਜਲਹਿ ਸਮਾਨੇ।
ਕੇਤਕ ਭਏ ਜੁਧ ਕਹਿ ਪ੍ਰਾਪਤਿ ਸੁਨਤ ਸਬਦੁ ਘਹਰਾਨੇ।
ਕੇਤਕ ਆਨਿ ਆਨਿ ਸਨਮੁਖਿ ਭਏ ਕੇਤਕ ਛੋਰਿ ਪਰਾਨੇ।
ਕੇਤਕ ਜੂਝਿ ਸੋਭੇ ਰਣ ਮੰਡਲ ਬਾਸਵ ਲੋਕਿ ਸਿਧਾਨੇ। ੯੯।

ਬਿਸਨਪਦ। ਤਿਲੰਗ। ਤ੍ਵਪ੍ਰਸਾਦਿ ਕਥਤਾ

ਜਬ ਹੀ ਸੰਖ ਸਬਦ ਘਹਰਾਏ।
ਜੇ ਜੇ ਹੁਤੇ ਸੂਰ ਜਟਧਾਰੀ ਤਿਨ ਤਿਨ ਤੁਰੰਗ ਨਚਾਏ।
ਚਕ੍ਰਤ ਭਈ ਗਗਨ ਕੀ ਤਰੁਨੀ ਦੇਵ ਅਦੇਵ ਤ੍ਰਸਾਏ।
ਨਿਰਖਤ ਭਯੋ ਸੂਰ ਰਥ ਥੰਭਤ ਨੈਨ ਨਿਮੇਖ ਨ ਲਾਏ।
ਸਸਤ੍ਰ ਅਸਤ੍ਰ ਨਾਨਾ ਬਿਧਿ ਛਡੇ ਬਾਣ ਪ੍ਰਯੋਘ ਚਲਾਏ।
ਮਾਨਹੁ ਮਾਹ ਮੇਘ ਬੂੰਦਨ ਜ੍ਯੋਂ ਬਾਣ ਬ੍ਯੂਹ ਬਰਸਾਏ।
ਚਟਪਟ ਚਰਮ ਬਰਮ ਪਰ ਚਟਕੇ ਦਾਝਤ ਤ੍ਰਿਣਾ ਲਜਾਏ।
ਸ੍ਰੋਣਤ ਭਰੇ ਬਸਤ੍ਰ ਸੋਭਿਤ ਜਨੁ ਚਾਚਰ ਖੇਲਿ ਸਿਧਾਏ। ੧੦੦।

ਬਿਸਨਪਦ। ਕਿਦਾਰਾ

ਇਹ ਬਿਧਿ ਭਯੋ ਆਹਵ ਘੋਰ।
ਭਾਪਿ ਭਾਤਿ ਗਿਰੇ ਧਰਾ ਪਰ ਸੂਰ ਸੁੰਦਰ ਕਿਸੋਰ।
ਕੋਪ ਕੋਪ ਹਠੀ ਘਟੀ ਰਣਿ ਸਸਤ੍ਰ ਅਸਤ੍ਰ ਚਲਾਇ।
ਜੂਝਿ ਜੂਝਿ ਗਏ ਦਿਵਾਲਯ ਢੋਲ ਬੋਲ ਬਜਾਇ।
ਹਾਇ ਹਾਇ ਭਈ ਜਹਾ ਤਹ ਭਾਜਿ ਭਾਜਿ ਸੁ ਬੀਰ।

ਬਿਸਨਪਦ। ਸੋਰਠਿ

ਹੇ ਭੇਖ ਧਾਰਨ ਕਰਨ ਵਾਲੇ! ਜੋਗ ਭੇਖ ਦਿਖਾਣ ਵਿਚ ਨਹੀਂ ਹੈ। ਨ ਜਟਾਂ ਵਿਚ, ਨ ਵਿਭੂਤੀ ਵਿਚ, ਨ ਨੌਹਾਂ ਵਿਚ ਅਤੇ ਨ ਹੀ ਬਸਤ੍ਰ ਰੰਗਾਉਣ ਵਿਚ ਹੈ। ਜੇ ਬਨ ਵਿਚ ਵਸਣ ਨਾਲ ਜੋਗ ਦੀ ਪ੍ਰਾਪਤੀ ਹੁੰਦੀ ਹੋਵੇ, ਤਾਂ ਪੰਛੀ ਸਦਾ ਬਨ ਵਿਚ ਹੀ ਵਸਦੇ ਹਨ। (ਜੇ ਸਿਰ ਵਿਚ ਵਿਭੂਤੀ ਲਗਾਣ ਨਾਲ ਜੋਗ ਪ੍ਰਾਪਤ ਹੁੰਦਾ ਹੋਵੇ ਤਾਂ) ਹਾਥੀ ਸਦਾ ਹੀ ਸਿਰ ਵਿਚ ਮਿੱਟੀ ਪਾਉਂਦਾ ਹੈ, ਤੁਸੀਂ (ਆਪਣੇ) ਮਨ ਵਿਚ ਇਸ ਗੱਲ ਨੂੰ ਸਮਝੋ। (ਜੇ ਤੀਰਥਾਂ ਵਿਚ ਇਸ਼ਨਾਨ ਕਰਨ ਤੇ ਜੋਗ ਪਾਈਦਾ ਹੈ ਤਾਂ) ਡੱਡੂ ਅਤੇ ਮੱਛਲੀਆਂ ਸਦਾ ਤੀਰਥਾਂ ਵਿਚ ਹੀ ਇਸ਼ਨਾਨ ਕਰਦੀਆਂ ਹਨ। (ਜੇ ਧਿਆਨ ਲਗਾਣ ਨਾਲ ਜੋਗ ਮਿਲਦਾ ਹੋਵੇ ਤਾਂ) ਬਿਲਾ, ਬਗਲਾ ਅਤੇ ਬਗਲੀ ਧਿਆਨ ਲਗਾਈ ਰਖਦੇ ਹਨ, ਕੀ ਉਨ੍ਹਾਂ ਨੇ ਜੋਗ ਨੂੰ ਪਛਾਣ ਲਿਆ ਹੈ। (ਲੋਕਾਂ ਨੂੰ) ਠੱਗਣ ਲਈ ਜਿਸ ਤਰ੍ਹਾਂ ਦੇ ਕਸ਼ਟ ਸਹਾਰੇ ਜਾਂਦੇ ਹਨ, ਜੇ ਉਸ ਤਰ੍ਹਾਂ ਦੇ ਹਰਿ (ਦੀ ਪ੍ਰਾਪਤੀ ਲਈ) ਕੀਤੇ ਜਾਣ, ਤਦ ਹੀ ਮਹਾਨ ਗਿਆਨ ਨੂੰ ਜਾਣਿਆ ਜਾਏਗਾ ਅਤੇ ਪਰਮ ਅੰਮ੍ਰਿਤ ਨੂੰ ਪੀ ਲਿਆ ਜਾਵੇਗਾ। ੯੮।

ਬਿਸਨਪਦ। ਸਾਰੰਗ

ਇਸ ਤਰ੍ਹਾਂ ਦੇ ਸਿਆਣੇ ਬਚਨ ਸੁਣ ਸੁਣ ਕੇ (ਸਾਰੇ) ਮਹਾਬੀਰ ਉਠ ਉਠ ਕੇ ਪਾਰਸ ਨਾਥ ਦੇ ਪੈਰਾਂ ਨਾਲ ਲਿਪਟ ਗਏ। ਜੋ ਜੋ ਮੂਰਖ ਅਗਿਆਨੀ ਸਨ, ਉਨ੍ਹਾਂ ਉਨ੍ਹਾਂ ਨੇ ਬਚਨ ਨ ਮੰਨੇ। (ਉਹ) ਮੂਰਖ, ਬੇਅਕਲ ਅਤੇ ਇਆਣੇ ਉਠ ਉਠ ਕੇ ਬਕਵਾਦ ਕਰਨ ਲਗ ਗਏ। ਕਿਤਨੇ ਹੀ ਉਠ ਉਠ ਕੇ ਬਨ ਨੂੰ ਤੁਰ ਗਏ ਅਤੇ ਕਿਤਨੇ ਹੀ ਜਲ ਵਿਚ ਸਮਾ ਗਏ। (ਇਨ੍ਹਾਂ) ਗਰਜਵਿਆਂ ਸ਼ਬਦਾਂ ਨੂੰ ਸੁਣ ਕੇ ਕਈ ਯੁੱਧ ਲਈ ਡਟ ਗਏ। ਕਿਤਨੇ ਹੀ ਆ ਆ ਕੇ ਸਨਮੁਖ ਹੋਏ ਹਨ ਅਤੇ ਕਿਤਨੇ ਹੀ ਰਣ-ਭੂਮੀ ਛਡ ਕੇ ਭਜ ਗਏ। ਕਿਤਨੇ ਹੀ ਰਣ-ਭੂਮੀ ਵਿਚ ਯੁੱਧ ਕਰਦੇ ਹੋਏ ਸ਼ੋਭਾ ਪਾ ਕੇ ਇੰਦਰ ਲੋਕ ਨੂੰ ਚਲੇ ਗਏ।੯੯।

ਬਿਸਨਪਦ। ਤਿਲੰਗ। ਤੇਰੀ ਕ੍ਰਿਪਾ ਨਾਲ ਕਹਿੰਦਾ ਹਾਂ।

ਜਦੋਂ ਹੀ (ਰਣ-ਭੂਮੀ ਵਿਚ) ਸੰਖਾਂ ਦੇ ਸ਼ਬਦ ਗੂੰਜੇ, (ਉਸ ਵੇਲੇ) ਜੋ ਜੋ ਜਟਾਧਾਰੀ ਸੂਰਮੇ ਸਨ, ਉਨ੍ਹਾਂ ਉਨ੍ਹਾਂ ਨੇ (ਆਪਣੇ) ਘੋੜੇ ਨਚਾਏ। ਆਕਾਸ਼ ਦੀਆਂ ਇਸਤਰੀਆਂ (ਅਪੱਛਰਾਵਾਂ) ਹੈਰਾਨ ਹੋ ਗਈਆਂ ਅਤੇ ਦੇਵਤੇ ਤੇ ਦੈਂਤ ਡਰਨ ਲਗੇ। (ਉਨ੍ਹਾਂ ਨੂੰ) ਵੇਖਦਿਆਂ ਹੀ ਸੂਰਜ ਦਾ ਰਥ ਖੜੋ ਗਿਆ ਅਤੇ ਅੱਖਾਂ (ਉਧਰ) ਟਿਕ ਗਈਆਂ। ਅਨੇਕ ਤਰ੍ਹਾਂ ਨਾਲ ਸ਼ਸਤ੍ਰ ਅਤੇ ਅਸਤ੍ਰ ਛਡੇ ਗਏ ਸਨ ਅਤੇ ਬਾਣਾਂ ਦੇ ਥੱਬੇ ਹੀ ਚਲਾ ਦਿੱਤੇ ਗਏ ਸਨ। (ਇੰਜ ਪ੍ਰਤੀਤ ਹੁੰਦਾ ਹੈ) ਮਾਨੋ ਘਨਘੋਰ ਬਦਲਾਂ ਵਿਚੋਂ ਕਣੀਆਂ ਵਾਂਗ ਬਾਣਾਂ ਦੇ ਝੁੰਡ ਵਰ੍ਹ ਰਹੇ ਹੋਣ। (ਬਾਣਾਂ ਦੇ ਵਜਣ ਨਾਲ) ਢਾਲਾਂ ਅਤੇ ਕਵਚਾਂ ਤੋਂ ਝਟਪਟ ਚਟਕਾਰੇ (ਜਾਂ ਚਿਣਗਾਂ) ਨਿਕਲ ਰਹੇ ਸਨ (ਮਾਨੋ) ਲਜਾ ਕੇ ਤਿਨਕਿਆਂ ਵਾਂਗ ਸੜ ਰਹੇ ਹੋਣ। ਲਹੂ ਨਾਲ ਲਥ ਪਥ ਹੋਏ ਬਸਤ੍ਰ ਇੰਜ ਸ਼ੋਭ ਰਹੇ ਹਨ, ਮਾਨੋ (ਯੋਧੇ) ਹੋਲੀ ਖੇਡ ਕੇ ਆਏ ਹੋਣ।੧੦੦।

ਬਿਸਨਪਦ। ਕਿਦਾਰਾ

ਇਸ ਤਰ੍ਹਾਂ ਘੋਰ ਯੁੱਧ ਹੋਇਆ। ਭਾਂਤ ਭਾਂਤ ਦੇ ਸੁੰਦਰ, ਨੌਜਵਾਨ ਸੂਰਮੇ ਧਰਤੀ ਉਤੇ ਡਿਗੇ ਪਏ ਸਨ। ਰਣ-ਭੂਮੀ ਵਿਚ ਹਠੀ (ਯੋਧਿਆਂ ਦੀ ਸੈਨਾ) ਕ੍ਰੋਧ ਕਰ ਕਰ ਕੇ ਅਸਤ੍ਰ ਸ਼ਸਤ੍ਰ ਚਲਾਉਂਦਿਆਂ ਘਟ ਗਈ ਸੀ। ਢੋਲ ਵਜਾ ਕੇ ਅਤੇ ਲਲਕਾਰਾ ਮਾਰ ਕੇ ਲੜਦੇ ਹੋਏ ਦੇਵ ਲੋਕ ਨੂੰ ਚਲੇ ਗਏ ਸਨ। ਜਿਥੇ ਕਿਥੇ ਯੋਧੇ ਭਜੇ ਜਾ ਰਹੇ ਸਨ ਅਤੇ ਹਾਇ ਹਾਇ ਦਾ ਰੌਲਾ ਪਿਆ ਹੋਇਆ ਸੀ। ਹਾਰ ਹਾਰ ਕੇ ਅਧੀਰ ਹੋਏ (ਸੂਰਮੇ) ਰੰਨਵਾਸਾਂ

ਪੈਠਿ ਪੈਠਿ ਗਏ ਤ੍ਰੀਆਲੈ ਹਾਰਿ ਹਾਰਿ ਅਧੀਰ।
ਅਪ੍ਰਮਾਨ ਛੁਟੇ ਸਰਾਨ ਦਿਸਾਨ ਭਯੋ ਅੰਧਿਆਰ।
ਟੂਕ ਟੂਕ ਪਰੇ ਜਹਾ ਤਹ ਮਾਰਿ ਮਾਰਿ ਜੁਝਾਰ। ੧੦੧।

ਬਿਸਨਪਦ। ਦੇਵਗੰਧਾਰੀ

ਮਾਰੂ ਸਬਦੁ ਸੁਹਾਵਨ ਬਾਜੈ।
ਜੇ ਜੇ ਹੁਤੇ ਸੁਭਟ ਰਣਿ ਸੁੰਦਰ ਗਹਿ ਗਹਿ ਆਯੁਦ ਗਾਜੇ।
ਕਵਚ ਪਹਰਿ ਪਾਖਰ ਸੋ ਡਾਰੀ ਅਉਰੈ ਆਯੁਧ ਸਾਜੇ।
ਭਰੇ ਗੁਮਾਨ ਸੁਭਟ ਸਿੰਘਨ ਜ੍ਯੋਂ ਆਹਵ ਭੂਮਿ ਬਿਰਾਜੇ।
ਗਹਿ ਗਹਿ ਚਲੇ ਗਦਾ ਗਾਜੀ ਸਬ ਸੁਭਟ ਅਯੋਧਨ ਕਾਜੇ।
ਆਹਵ ਭੂਮਿ ਸੂਰ ਅਸ ਸੋਭੇ ਨਿਰਖਿ ਇੰਦ੍ਰ ਦੁਤਿ ਲਾਜੇ।
ਟੂਕ ਟੂਕ ਹੂਐ ਗਿਰੇ ਧਰਣਿ ਪਰ ਆਹਵ ਛੋਰਿ ਨ ਭਾਜੇ।
ਪ੍ਰਾਪਤਿ ਭਏ ਦੇਵ ਮੰਦਰ ਕਹੁ ਸਸਤ੍ਰਨ ਸੁਭਟ ਨਿਵਾਜੇ। ੧੦੨।

ਬਿਸਨਪਦ। ਕਲਿਆਨ

ਦਹਦਿਸ ਧਾਵ ਭਏ ਜੁਝਾਰੇ।
ਮੁਦਗਰ ਗੁਫਨ ਗੁਰਜ ਗੋਲਾਲੇ ਪਟਸਿ ਪਰਘ ਪ੍ਰਹਾਰੇ।
ਗਿਰਿ ਗਿਰਿ ਪਰੇ ਸੁਭਟ ਰਨ ਮੰਡਲਿ ਜਾਨੁ ਬਸੰਤ ਖਿਲਾਰੇ।
ਉਠਿ ਉਠਿ ਭਏ ਜੁਧ ਕਉ ਪ੍ਰਾਪਤਿ ਰੋਹ ਭਰੇ ਰਜਵਾਰੇ।
ਭਖਿ ਭਖਿ ਬੀਰ ਪੀਸ ਦਾਤਨ ਕਹ ਰਣ ਮੰਡਲੀ ਹਕਾਰੇ।
ਬਰਛੀ ਬਾਨ ਕ੍ਰਿਪਾਨ ਗਜਾਇਧੁ ਅਸਤ੍ਰ ਸਸਤ੍ਰ ਸੰਭਾਰੇ।
ਭਸਮੀ ਭੂਤ ਭਏ ਗੰਧ੍ਰਬ ਗਣ ਦਾਝਤ ਦੇਵ ਪੁਕਾਰੇ।
ਹਮ ਮਤ ਮੰਦ ਚਰਣ ਸਰਣਾਗਤਿ ਕਾਹਿ ਨ ਲੇਤ ਉਬਾਰੇ। ੧03।

ਮਾਰੂ

ਦੋਊ ਦਿਸ ਸੁਭਟ ਜਬੈ ਜੁਰਿ ਆਏ।
ਦੁੰਦਭਿ ਢੋਲ ਮ੍ਰਿਦੰਗ ਬਜਤ ਸੁਨਿ ਸਾਵਨ ਮੇਘ ਲਜਾਏ।
ਦੇਖਨ ਦੇਵ ਅਦੇਵ ਮਹਾ ਹਵ ਚੜੇ ਬਿਮਾਨ ਸੁਹਾਏ।
ਕੰਚਨ ਜਟਤ ਖਚੇ ਰਤਨਨ ਲਖਿ ਗੰਧ੍ਰਬ ਨਗਰ ਰਿਸਾਏ।
ਕਾਢਿ ਕਢਿ ਕਾਢ ਕਢੇ ਕਢਨੀ ਚੜਿ ਕੋਪ ਭਰੇ ਨਿਜਕਾਏ।
ਕੋਊ ਕੋਊ ਰਹੇ ਸੁਭਟ ਰਣ ਮੰਡਲਿ ਕੇਈ ਕੇਈ ਛਾਡਿ ਪਰਾਏ।
ਝਿਮਝਿਮ ਮਹਾ ਮੇਘ ਪਰਲੈ ਜ੍ਯੋਂ ਬ੍ਰਿੰਦ ਬਿਸਿਖ ਬਰਸਾਏ।
ਐਸੋ ਨਿਰਖਿ ਬਡੇ ਕਵਤਕ ਕਹ ਪਾਰਸ ਆਪ ਸਿਧਾਏ। ੧04।

ਬਿਸਨਪਦ। ਭੈਰੋ। ਤ੍ਵਪ੍ਰਸਾਦਿ

ਦੈ ਰੇ ਦੈ ਰੇ ਦੀਹ ਦਮਾਮਾ।
ਕਰਹੌ ਰੁੰਡ ਮੁੰਡ ਬਸੁਧਾ ਪਰ ਲਖਤ ਸ੍ਵਰਗ ਕੀ ਬਾਮਾ।
ਧੁਕਿ ਧੁਕਿ ਪਰਹਿ ਧਰਣਿ ਭਾਰੀ ਭਟ ਬੀਰ ਬੈਤਾਲ ਰਜਾਊ।
ਭੂਤ ਪਿਸਾਚ ਡਾਕਣੀ ਜੋਗਣ ਕਾਕਣ ਰੁਹਰ ਪਿਵਾਊ।

ਵਿਚ ਵੜੀ ਜਾ ਰਹੇ ਸਨ। ਬੇਅੰਤ ਤੀਰ ਚਲੇ ਸਨ (ਜਿਸ ਕਰ ਕੇ) ਦਿਸ਼ਾਵਾਂ ਵਿਚ ਹਨੇਰਾ ਛਾ ਗਿਆ ਸੀ। ਜਿਥੇ ਕਿਥੇ ਯੋਧੇ ਮਾਰੋ ਮਾਰੋ ਕਰਦੇ ਟੁਕੜੇ ਟੁਕੜੇ ਹੋਏ ਪਏ ਸਨ।੧੦੧।

ਬਿਸਨਪਦ। ਦੇਵਗੰਧਾਰੀ

ਮਾਰੂ ਸ਼ਬਦ ਕਰਨ ਵਾਲੇ ਸੁਹਾਵਣੇ ਵਾਜੇ ਵਜ ਰਹੇ ਹਨ। ਜਿਹੜੇ ਜਿਹੜੇ ਰਣ-ਭੂਮੀ ਵਿਚ ਸੁੰਦਰ ਸੂਰਮੇ ਸਨ, (ਉਹ) ਸ਼ਸਤ੍ਰ ਫੜ ਫੜ ਕੇ ਗਜ ਰਹੇ ਹਨ। ਕਵਚ ਪਾ ਕੇ (ਘੋੜਿਆਂ ਉਤੇ) ਕਾਠੀਆਂ ਪਾ ਲਈਆਂ ਹਨ ਅਤੇ ਸ਼ਸਤ੍ਰ ਸਜਾ ਲਏ ਸਨ। ਸੂਰਮੇ ਸ਼ੇਰਾਂ ਵਾਂਗ ਗੁਮਾਨ ਨਾਲ ਭਰੇ ਹੋਏ ਸਨ ਅਤੇ ਰਣ-ਭੂਮੀ ਵਿਚ ਬਿਰਾਜ ਰਹੇ ਸਨ। ਸਾਰੇ ਯੋਧੇ ਗਦਾ ਨੂੰ ਫੜ ਫੜ ਕੇ ਯੁੱਧ ਕਰਨ ਲਈ ਚਲੇ ਜਾ ਰਹੇ ਸਨ। ਸੂਰਮੇ ਯੁੱਧ-ਭੂਮੀ ਵਿਚ ਇਸ ਤਰ੍ਹਾਂ ਸ਼ੋਭਾ ਪਾ ਰਹੇ ਹਨ ਕਿ (ਉਨ੍ਹਾਂ ਦੀ) ਚਮਕ ਨੂੰ ਵੇਖ ਕੇ ਇੰਦਰ ਵੀ ਲਜਾ ਰਿਹਾ ਹੈ। (ਯੋਧੇ) ਟੋਟੇ ਟੋਟੇ ਹੋ ਕੇ ਧਰਤੀ ਉਤੇ ਡਿਗ ਪਏ ਹਨ ਪਰ ਯੁੱਧ-ਭੂਮੀ ਛਡ ਕੇ ਭਜੇ ਨਹੀਂ ਹਨ। (ਜਿਨ੍ਹਾਂ) ਯੋਧਿਆਂ ਨੂੰ ਸ਼ਸਤ੍ਰਾਂ ਨੇ ਨਿਵਾਜਿਆ ਹੈ, ਉਹ ਦੇਵ ਲੋਕ ਨੂੰ ਪ੍ਰਾਪਤ ਹੋਏ ਹਨ (ਅਰਥਾਤ ਬੈਕੁੰਠ ਚਲੇ ਗਏ ਹਨ)। ੧02।

ਬਿਸਨਪਦ। ਕਲਿਆਨ

ਜੁਝਾਰੂ ਸੈਨਿਕ ਦਸਾਂ ਦਿਸ਼ਾਵਾਂ ਵਲ ਭਜੀ ਫਿਰਦੇ ਹਨ। ਮੁਦਗਰ, ਗੋਪੀਏ, ਗੁਰਜ, ਗੁਲੇਲੇ, ਪਟਸ, ਪਰਘ ਆਦਿ ਚਲਾ ਰਹੇ ਹਨ। ਰਣ-ਭੂਮੀ ਵਿਚ ਯੋਧੇ ਡਿਗ ਡਿਗ ਪਏ ਹਨ, ਮਾਨੋ ਹੋਲੀ (ਬਸੰਤ) ਖੇਡ ਕੇ ਸੁਤੇ ਹੋਣ। ਰੋਹ ਨਾਲ ਭਰੇ ਹੋਏ ਰਜਵਾੜੇ ਉਠ ਉਠ ਕੇ ਫਿਰ ਲੜਾਈ ਕਰਨ ਲਗ ਗਏ ਹਨ। ਯੋਧੇ (ਕੋਇਲੇ ਵਾਂਗ) ਭਖ ਭਖ ਕੇ ਅਤੇ ਦੰਦ ਪੀਹ ਕੇ ਰਣ-ਭੂਮੀ ਵਿਚ ਲਲਕਾਰਦੇ ਹਨ। ਬਰਛੀ, ਬਾਣ, ਕ੍ਰਿਪਾਨ, ਗਜਾਯੁੱਧ (ਅੰਕੁਸ਼) ਅਤੇ ਸ਼ਸਤ੍ਰਾਂ ਅਸਤ੍ਰਾਂ ਨੂੰ ਪਕੜਿਆ ਹੋਇਆ ਹੈ। ਗਣ ਗੰਧਰਬ ਭਸਮ ਹੋ ਗਏ ਹਨ ਅਤੇ ਦੇਵਤੇ ਸੜਦੇ ਹੋਏ ਪੁਕਾਰਦੇ ਹਨ। ਅਸੀਂ ਮੰਦ ਮਤ ਵਾਲੇ (ਆਪ ਜੀ ਦੇ) ਚਰਨ ਸ਼ਰਨ ਆਏ ਹਾਂ। (ਸਾਨੂੰ) ਕਿਉਂ ਨਹੀਂ ਉਬਾਰਦੇ ਹੋ।੧03।

ਮਾਰੂ

ਜਦੋਂ ਦੋਹਾਂ ਪਾਸਿਆਂ ਤੋਂ ਯੋਧੇ ਇਕੱਠੇ ਹੋ ਕੇ ਆ ਗਏ। ਨਗਾਰਿਆਂ, ਢੋਲਾਂ, ਮ੍ਰਿਦੰਗਾਂ ਨੂੰ ਵਜਦਿਆਂ ਸੁਣ ਕੇ ਸਾਵਣ ਦੇ ਬਦਲ ਸ਼ਰਮਿੰਦੇ ਹੁੰਦੇ ਹਨ। (ਇਸ) ਮਹਾਨ ਹਵਨ (ਯੁੱਧ) ਨੂੰ ਵੇਖਣ ਲਈ ਦੇਵਤੇ ਅਤੇ ਦੈਂਤ ਵਿਮਾਨਾਂ ਉਤੇ ਚੜ੍ਹੇ ਹੋਏ ਸ਼ੋਭਾ ਪਾ ਰਹੇ ਹਨ। ਸੋਨੇ ਦੇ ਜੜ੍ਹੇ ਹੋਏ ਗਹਿਣਿਆਂ ਨੂੰ, ਜਿਨ੍ਹਾਂ ਵਿਚ ਰਤਨ ਖਚੇ ਹੋਏ ਹਨ, ਵੇਖ ਕੇ ਗੰਧਰਬ ਨਗਰ ਖਿਝ ਰਹੇ ਹਨ। ਲੰਗੋਟਾਂ ਨੂੰ ਕਸ ਕਸ ਕੇ ਅਤੇ ਲਕ ਨੂੰ ਕਸ ਕਸ ਕੇ ਕ੍ਰੋਧ ਨਾਲ ਭਰੇ ਹੋਏ ਨੇੜੇ ਢੁਕ ਰਹੇ ਹਨ। ਕੋਈ ਕੋਈ ਯੋਧਾ ਰਣ-ਭੂਮੀ ਵਿਚ ਡਟਿਆ ਖਲੋਤਾ ਹੈ ਅਤੇ ਕੋਈ ਕੋਈ ਛਡ ਕੇ ਭਜ ਗਿਆ ਹੈ। ਪਰਲੋ ਸਮੇਂ ਦੇ ਭਿਆਨਕ ਬਦਲਾਂ ਵਾਂਗ ਬਹੁਤ ਬਾਣਾਂ ਦੀ ਝੜੀ ਲਗਾਈ ਹੋਈ ਹੈ। ਇਸ ਤਰ੍ਹਾਂ ਦੇ ਵੱਡੇ ਕੌਤਕ ਨੂੰ ਵੇਖ ਕੇ ਪਾਰਸ ਨਾਥ ਖੁਦ (ਯੁੱਧ-ਭੂਮੀ ਵਲ) ਤੁਰੇ ਹਨ।੧04।

ਬਿਸਨਪਦ। ਭੈਰੋ। ਤੇਰੀ ਕ੍ਰਿਪਾ ਨਾਲ

ਵੱਡਾ ਧੌਂਸਾ ਧੈਂ ਧੈਂ ਕਰ ਕੇ ਵਜਦਾ ਹੈ। ਧਰਤੀ ਉਤੇ ਸਿਰ ਅਤੇ ਧੜ ਖਿਲਾਰ ਦਿਆਂਗਾ ਅਤੇ ਸਵਰਗ ਦੀਆਂ ਇਸਤਰੀਆਂ (ਅਪੱਛਰਾਵਾਂ) ਵੇਖਣਗੀਆਂ। ਧਰਤੀ ਉਤੇ ਧੁਕ ਧੁਕ ਕਰ ਕੇ ਵੱਡੇ ਯੋਧੇ ਡਿਗਣਗੇ ਅਤੇ (ਉਨ੍ਹਾਂ ਦੇ ਰਕਤ ਨਾਲ) ਬੀਰ ਅਤੇ ਬੈਤਾਲ ਰਜਾ ਦਿਆਂਗਾ। ਭੂਤਾਂ, ਪਿਸਾਚਾਂ, ਡਾਕਣੀਆਂ, ਜੋਗਣਾਂ, ਕਾਂਵਾਂ ਨੂੰ ਵੀ ਲਹੂ ਪਿਲਾਵਾਂਗਾ। ਭਿਆਨਕ ਭੈਰੋ ਯੁੱਧ-ਭੂਮੀ ਵਿਚ ਭਕ ਭਕ ਕਰਦਾ ਉਠੇਗਾ ਅਤੇ ਉਪਰ ਹੇਠਾਂ (ਸਾਰਿਆਂ

ਭਕਿ ਭਕਿ ਉਠੇ ਭੀਮ ਭੈਰੋ ਰਣਿ ਅਰਧ ਉਰਧ ਸੰਘਾਰੋ।
ਇੰਦ੍ਰ ਚੰਦ ਸੂਰਜ ਬਰਣਾਦਿਕ ਆਜ ਸਭੈ ਚੁਨਿ ਮਾਰੋ।
ਮੋਹਿ ਬਰ ਦਾਨ ਦੇਵਤਾ ਦੀਨਾ ਜਿਹ ਸਰਿ ਅਉਰ ਨ ਕੋਈ।
ਮੈ ਹੀ ਭਯੋ ਜਗਤ ਕੋ ਕਰਤਾ ਜੋ ਮੈ ਕਰੌ ਸੁ ਹੋਈ। ੧੦੫।

ਬਿਸਨਪਦ। ਗਉਰੀ। ਤ੍ਵਪ੍ਰਸਾਦਿ ਕਬਤਾ

ਮੋ ਤੇ ਆਉਰ ਬਲੀ ਕੋ ਹੈ।
ਜਉਨ ਮੋ ਤੇ ਜੰਗ ਜੀਤੇ ਜੁਧ ਮੈ ਕਰ ਜੈ।
ਇੰਦ੍ਰ ਚੰਦ ਉਪਿੰਦ੍ਰ ਕੌ ਪਲ ਮਧਿ ਜੀਤੌ ਜਾਇ।
ਅਉਰ ਐਸੋ ਕੋ ਭਯੋ ਰਣ ਮਧਿ ਜੀਤੇ ਆਇ।
ਸਾਤ ਸਿੰਧ ਸੁਕਾਇ ਡਾਰੋ ਨੈਕੁ ਰੋਸੁ ਕਰੋ।
ਜਛ ਗੰਧ੍ਰਬ ਕਿੰਨ੍ਰ ਕੋਰ ਕਰੋਰ ਮੋਰਿ ਧਰੋ।
ਦੇਵ ਔਰ ਅਦੇਵ ਜੀਤੇ ਕਰੇ ਸਬੈ ਗੁਲਾਮ।
ਦਿਬ ਦਾਨ ਦਯੋ ਮੁਝੈ ਛੁਐ ਸਕੈ ਕੋ ਮੁਹਿ ਛਾਮ।੧੦੬।

ਬਿਸਨਪਦ। ਮਾਰੂ

ਯੌ ਕਹਿ ਪਾਰਸ ਰੋਸ ਬਢਾਯੋ।
ਦੁੰਦਭਿ ਢੋਲ ਬਜਾਇ ਮਹਾ ਧੁਨਿ ਸਾਮੁਹਿ ਸੰਨ੍ਯਾਸਨਿ ਧਾਯੋ।
ਅਸਤ੍ਰ ਸਸਤ੍ਰ ਨਾਨਾ ਬਿਧਿ ਛਡੈ ਬਾਣ ਪ੍ਰਯੋਘ ਚਲਾਏ।
ਸੁਭਟ ਸਨਾਹਿ ਪਤ੍ਰ ਚਲਦਲ ਜ੍ਯੋਂ ਬਾਨਨ ਬੇਧਿ ਉਡਾਏ।
ਦੁਹਦਿਸ ਬਾਨ ਪਾਨ ਤੇ ਛੂਟੇ ਦਿਨਪਤਿ ਦੇਹ ਦੁਰਾਨਾ।
ਭੂਮਿ ਅਕਾਸ ਏਕ ਜਨੁ ਹੁਐ ਗਏ ਚਾਲ ਚਹੂੰ ਚਕ ਮਾਨਾ।
ਇੰਦਰ ਚੰਦ੍ਰ ਮੁਨਿਵਰ ਸਬ ਕਾਪੇ ਬਸੁ ਦਿਗਿਪਾਲ ਡਰਾਨੀਯ।
ਬਰਨ ਕੁਬੇਰ ਛਾਡਿ ਪੁਰ ਭਾਜੇ ਦੁਤੀਯ ਪ੍ਰਲੈ ਕਰਿ ਮਾਨੀਯ। ੧੦੭।

ਬਿਸਨਪਦ। ਮਾਰੂ

ਸੁਰਪੁਰ ਨਾਰਿ ਬਧਾਵਾ ਮਾਨਾ।
ਬਰਿ ਹੈ ਆਜ ਮਹਾ ਸੁਭਟਨ ਕੌ ਸਮਰ ਸੁਯੰਬਰ ਜਾਨਾ।
ਲਖਿ ਹੈ ਏਕ ਪਾਇ ਠਢੀ ਹਮ ਜਿਮ ਜਿਮ ਸੁਭਟ ਜੁਝੈ ਹੈ।
ਤਿਮ ਤਿਮ ਘਾਲਿ ਪਾਲਕੀ ਆਪਨ ਅਮਰਪੁਰੀ ਲੈ ਜੈ ਹੈ।
ਚੰਦਨ ਚਾਰੁ ਚਿਤ੍ਰ ਚੰਦਨ ਕੇ ਚੰਚਲ ਅੰਗ ਚੜਾਊ।
ਜਾ ਦਿਨ ਸਮਰ ਸੁਅੰਬਰ ਕਰਿ ਕੈ ਪਰਮ ਪਿਅਰ ਵਹਿ ਪਾਊ।
ਤਾ ਦਿਨ ਦੇਹ ਸਫਲ ਕਰਿ ਮਾਨੋ ਅੰਗ ਸੀਗਾਰ ਧਰੋ।
ਜਾ ਦਿਨ ਸਮਰ ਸੁਯੰਬਰ ਸਖੀ ਰੀ ਪਾਰਸ ਨਾਥ ਬਰੋ। ੧੦੮।

ਬਿਸਨਪਦ। ਕਾਫੀ

ਚਹੁ ਦਿਸ ਮਾਰੂ ਸਬਦ ਬਜੇ।

ਨੂੰ) ਮਾਰ ਦਿਆਂਗਾ। ਇੰਦਰ, ਚੰਦ੍ਰਮਾ, ਸੂਰਜ, ਵਰੁਣ ਆਦਿ ਸਭਨਾਂ ਨੂੰ ਅਜ ਚੁਣ ਚੁਣ ਕੇ ਮਾਰਾਂਗਾ। ਮੈਨੂੰ ਦੇਵਤਾ (ਦੇਵੀ) ਨੇ ਵਰ ਦਿੱਤਾ ਹੋਇਆ ਹੈ ਜਿਸ ਦੇ ਸਮਾਨ ਹੋਰ ਕੋਈ (ਵਰ) ਨਹੀਂ ਹੈ। ਮੈਂ ਹੀ ਜਗਤ ਦਾ ਕਰਤਾ ਹੋਇਆ ਹਾਂ, ਜੋ ਮੈਂ ਕਰਾਂਗਾ ਉਹੀ ਹੋਵੇਗਾ।੧੦੫।

ਬਿਸਨਪਦ। ਗਉਰੀ। ਤੇਰੀ ਕ੍ਰਿਪਾ ਨਾਲ ਕਹਿੰਦਾ ਹਾਂ[]

ਮੇਰੇ ਤੋਂ (ਵਧ) ਹੋਰ ਕੌਣ ਬਲਵਾਨ ਹੈ ਜੋ ਮੇਰੇ ਕੋਲੋਂ ਯੁੱਧ ਜਿਤੇ ਅਤੇ ਯੁੱਧ ਵਿਚ ਜੇਤੂ ਹੋਵੇ। ਇੰਦਰ, ਚੰਦ੍ਰਮਾ ਅਤੇ ਬਾਵਨ ਨੂੰ (ਮੈਂ) ਪਲ ਵਿਚ ਜਾ ਕੇ ਜਿਤ ਲਵਾਂਗਾ। (ਜਗਤ ਵਿਚ) ਹੋਰ ਅਜਿਹਾ ਕੌਣ ਹੈ? ਜੋ ਯੁੱਧ ਵਿਚ ਆ ਕੇ ਮੈਨੂੰ ਜਿਤੇਗਾ। (ਜੇ ਮੈਂ) ਰਤਾ ਜਿੰਨਾ ਕ੍ਰੋਧ ਕਰ ਲਵਾਂ ਤਾਂ ਸੱਤਾਂ ਸਮੁੰਦਰਾਂ ਨੂੰ ਸੁਕਾ ਦਿਆਂਗਾ। ਯਕਸ਼, ਗੰਧਰਬ ਅਤੇ ਕਿੰਨਰ ਕਰੋੜਾਂ (ਨੂੰ ਮੈਂ) ਅੱਖ ਦੇ ਪਲਕਾਰੇ ('ਕੋਰ') ਵਿਚ ਮਰੋੜ ਕੇ ਰਖ ਦਿਆਂਗਾ। ਦੇਵਤਿਆਂ ਅਤੇ ਦੈਂਤਾਂ ਸਾਰਿਆਂ ਨੂੰ ਜਿਤ ਕੇ ਗੁਲਾਮ ਕਰ ਲਿਆ ਹੈ। (ਮੈਨੂੰ ਦੇਵੀ ਨੇ) ਦਿਬ ਦਾਨ ਦਿੱਤਾ ਹੋਇਆ ਹੈ, ਮੇਰੀ ਛਾਂ ਨੂੰ ਵੀ ਕੋਈ ਛੋਹ ਨਹੀਂ ਸਕਦਾ।੧੦੬।

ਬਿਸਨਪਦ। ਮਾਰੂ

ਇਸ ਤਰ੍ਹਾਂ ਕਹਿ ਕੇ ਪਾਰਸ (ਨਾਥ) ਨੇ ਰੋਸ ਵਧਾ ਲਿਆ। ਧੌਂਸੇ ਅਤੇ ਢੋਲ ਵਜਾ ਕੇ ਵੱਡੀ ਭਿਆਨਕ ਧੁਨ ਕਢਦਾ ਹੋਇਆ ਸੰਨਿਆਸੀਆਂ ਨੂੰ ਸਾਹਮਣਿਓਂ ਧਾਵਾ ਕਰ ਕੇ ਪਿਆ। ਅਸਤ੍ਰ ਅਤੇ ਸ਼ਸਤ੍ਰ ਕਈ ਤਰ੍ਹਾਂ ਦੇ ਛਡੇ ਹਨ ਅਤੇ ਬਾਣਾਂ ਦੀ ਝੜੀ ਲਗਾ ਦਿੱਤੀ। ਸੂਰਮਿਆਂ ਦੇ ਕਵਚਾਂ ਨੂੰ ਪਿਪਲ ਦੇ ਪਤਿਆਂ ਵਾਂਗ ਬਾਣਾਂ ਨਾਲ ਵਿੰਨ੍ਹ ਵਿੰਨ੍ਹ ਕੇ ਉਡਾ ਦਿੱਤਾ। ਦੋਹਾਂ ਪਾਸਿਆਂ ਤੋਂ (ਸੂਰਮਿਆਂ ਦੇ) ਹੱਥਾਂ ਤੋਂ ਬਾਣ ਛੁਟਦੇ ਹਨ ਜਿਸ ਨਾਲ ਸੂਰਜ ਦਾ ਸਰੂਪ ਲੁਕ ਗਿਆ ਹੈ। ਧਰਤੀ ਅਤੇ ਆਕਾਸ਼ ਮਾਨੋ ਇਕ ਹੋ ਗਏ ਅਤੇ ਚੌਹਾਂ ਚੱਕਾਂ ਨੇ ਭੂਚਾਲ ਮੰਨ ਲਿਆ। ਇੰਦਰ, ਚੰਦ੍ਰਮਾ ਅਤੇ ਸਾਰੇ ਵੱਡੇ ਵੱਡੇ ਮੁਨੀ ਕੰਬਣ ਲਗ ਗਏ ਅਤੇ ਬਸੂ ਤੇ ਦਿਗਪਾਲ ਵੀ ਡਰ ਨਾਲ ਭੈਭੀਤ ਹੋ ਗਏ ਹਨ। ਵਰੁਣ ਅਤੇ ਕੁਬੇਰ ਆਪਣੇ ਨਗਰਾਂ (ਪੁਰੀਆਂ) ਨੂੰ ਛਡ ਕੇ ਭਜ ਗਏ ਹਨ ਅਤੇ (ਇਸ ਨੂੰ) ਦੂਜੀ ਪਰਲੋ ਮੰਨ ਲਿਆ ਹੈ।੧੦੭।

ਬਿਸਨਪਦ। ਮਾਰੂ

ਸਵਰਗ ਦੀਆਂ ਨਾਰੀਆਂ (ਅਪੱਛਰਾਵਾਂ) ਨੇ ਬਹੁਤ ਖ਼ੁਸ਼ੀਆਂ ਮੰਨਾਈਆਂ (ਕਿਉਂਕਿ ਉਹ) ਯੁੱਧ ਨੂੰ ਸੁਅੰਬਰ ਜਾਣ ਕੇ ਮਹਾਨ ਯੋਧਿਆਂ ਦਾ ਅਜ ਵਰਣ ਕਰਨਗੀਆਂ। ਇਕ ਪੈਰ ਉਤੇ ਖੜੋ ਕੇ ਅਸੀਂ ਵੇਖਾਂਗੀਆਂ ਜਿਵੇਂ ਜਿਵੇਂ ਸੂਰਮੇ ਜੂਝਦੇ ਹਨ, (ਉਨ੍ਹਾਂ ਨੂੰ) ਤਿਵੇਂ ਤਿਵੇਂ ਆਪਣੀ ਪਾਲਕੀ ਵਿਚ ਬਿਠਾ ਕੇ 'ਅਮਰ ਪੁਰੀ' (ਸਵਰਗ) ਵਿਚ ਲੈ ਜਾਣਗੀਆਂ। (ਉਸ ਦਿਨ) ਚੰਦਨ ਦੇ ਸੁੰਦਰ ਚਿਤਰ ਬਣਾ ਕੇ ਚੰਦਨ ਵਰਗੇ ਸੁੰਦਰ ਸ਼ਰੀਰ ਉਤੇ ਲਗਾਵਾਂਗੀਆਂ ਜਿਸ ਦਿਨ ਯੁੱਧ ਰੂਪ ਸੁਅੰਬਰ ਕਰ ਕੇ ਪਰਮ ਪਿਆਰੇ ਨੂੰ ਪ੍ਰਾਪਤ ਕਰਾਂਗੀਆਂ। ਉਸ ਦਿਨ ਸ਼ਰੀਰ ਨੂੰ ਸਫਲ ਕਰ ਕੇ ਮੰਨਾਂਗੀਆਂ ਅਤੇ ਅੰਗਾਂ ਉਤੇ ਸ਼ਿੰਗਾਰ ਕਰਾਂਗੀਆਂ। ਹੇ ਸਖੀ! ਜਿਸ ਦਿਨ ਯੁੱਧ ਸੁਅੰਬਰ ਵਿਚ ਪਾਰਸ ਨਾਥ ਨੂੰ ਵਰਾਂਗੀਆਂ।੧੦੮।

ਬਿਸਨਪਦ। ਕਾਫੀ

ਚੌਹਾਂ ਪਾਸੇ ਮਾਰੂ ਸ਼ਬਦ ਵਜਣੇ ਸ਼ੁਰੂ ਹੋ ਗਏ ਹਨ। ਸਾਰੇ ਗਾਜ਼ੀ (ਯੋਧੇ) ਹੱਥਾਂ ਵਿਚ ਗੁਰਜ ਅਤੇ ਗਦਾ ਪਕੜ ਪਕੜ ਕੇ ਹਠ ਪੂਰਵਕ ਯੁੱਧ-ਭੂਮੀ ਵਿਚ ਆਣ ਗਜੇ ਹਨ। ਬਾਣ, ਕਮਾਨ, ਕ੍ਰਿਪਾਨ, ਸੈਹਥੀ ਅਤੇ ਬਹੁਤ ਅਧਿਕ ਤੀਰ ਚਲਾਏ ਹਨ। (ਇੰਜ ਪ੍ਰਤੀਤ

ਗਹਿ ਗਹਿ ਗਦਾ ਗੁਰਜ ਗਾਜੀ ਸਬ ਹਠਿ ਰਣਿ ਆਨਿ ਗਜੇ।
ਬਾਨ ਕਮਾਨ ਕ੍ਰਿਪਾਨ ਸੈਹਥੀ ਬਾਣ ਪ੍ਰਯੋਘ[1] ਚਲਾਏ।
ਜਾਨੁਕ ਮਹਾ ਮੇਘ ਬੂੰਦਨ ਜ੍ਯੋਂ ਬਿਸਿਖ ਬ੍ਯੂਹਿ ਬਰਸਾਏ।
ਚਟਪਟ ਚਰਮ ਬਰਮ ਸਬ ਬੇਧੇ ਸਟਪਟ ਪਾਰ ਪਰਾਨੇ।
ਖਟਪਟ ਸਰਬ ਭੂਮਿ ਕੇ ਬੇਧੇ ਨਾਗਨ ਲੋਕ ਸਿਧਾਨੇ।
ਝਮਕਤ ਖੜਗ ਕਾਢਿ ਨਾਨਾ ਬਿਧਿ ਸੈਹਥੀ ਸੁਭਟ ਚਲਾਵਤ।
ਜਾਨੁਕ ਪ੍ਰਗਟ ਬਾਟ ਸੁਰ ਪੁਰ ਕੀ ਨੀਕੇ ਹਿਰਦੇ ਦਿਖਾਵਤ। ੧੦੯।

ਬਿਸਨਪਦ। ਸੋਰਠਿ

ਬਾਨਨ ਬੇਧੇ ਅਮਿਤ ਸੰਨਿਆਸੀ।
ਤੇ ਤਜ ਦੇਹ ਨੇਹ ਸੰਪਤਿ ਕੋ ਭਏ ਸੁਰਗ ਕੇ ਬਾਸੀ।
ਚਰਮ ਬਰਮ ਰਥ ਧੁਜਾ ਪਤਾਕਾ ਬਹੁ ਬਿਧਿ ਕਾਟਿ ਗਿਰਾਏ।
ਸੋਭਤ ਭਏ ਇੰਦ੍ਰ ਪੁਰ ਜਮ ਪੁਰ ਸੁਰ ਪੁਰ ਨਿਰਖ ਲਜਾਏ।
ਭੂਖਨ ਬਸਤ੍ਰ ਰੰਗ ਰੰਗਨ ਕੇ ਛੁਟਿ ਛੁਟਿ ਭੂਮਿ ਗਿਰੇ।
ਜਨੁਕ ਅਸੋਕ ਬਾਗ ਦਿਵਪਤਿ ਕੇ ਪੁਹਪ ਬਸੰਤਿ ਝਰੇ।
ਕਟਿ ਕਟਿ ਗਿਰੇ ਗਜਨ ਕੁੰਭ ਸਥਲ ਮੁਕਤਾ ਬਿਥੁਰਿ ਪਰੇ।
ਜਾਨੁਕ ਅੰਮ੍ਰਿਤ ਕੁੰਡ ਮੁਖ ਛੁਟੈ ਜਲ ਕਨ ਸੁਭਗ ਝਰੇ। ੧੧੦।

ਦੇਵ ਗੰਧਾਰੀ। ਦੂਜੀ ਤਰਹ

ਦੁਹ ਦਿਸ ਪਰੇ ਬੀਰ ਹਕਾਰਿ।
ਕਾਢਿ ਕਾਢਿ ਕ੍ਰਿਪਾਣ ਧਾਵਤ ਮਾਰੁ ਮਾਰੁ ਉਚਾਰਿ।
ਪਾਨ ਰੋਕਿ ਸਰੋਖ ਰਾਵਤ ਕ੍ਰੁਧ ਜੁਧ ਫਿਰੇ।
ਗਾਹਿ ਗਾਹਿ ਗਜੀ ਰਥੀ ਰਣਿ ਅੰਤਿ ਭੂਮਿ ਗਿਰੇ।
ਤਾਨਿ ਤਾਨਿ ਸੰਧਾਨ ਬਾਨ ਪ੍ਰਮਾਨ ਕਾਨ ਸੁਬਾਹਿ।
ਬਾਹਿ ਬਾਹਿ ਫਿਰੇ ਸੁਬਾਹਨ ਛਤ੍ਰ ਧਰਮ ਨਿਬਾਹਿ।
ਬੇਧਿ ਬੇਧਿ ਸੁ ਬਾਨ ਅੰਗ ਜੁਆਨ ਜੁਝੇ ਐਸ।
ਭੂਰਿ ਭਾਰਥ ਕੇ ਸਮੇ ਸਰ ਸੇਜ ਭੀਖਮ ਜੈਸ। ੧੧੧।

ਬਿਸਨਪਦ। ਸਾਰੰਗ

ਇਹ ਬਿਧਿ ਬਹੁਤੁ ਸੰਨਿਆਸੀ ਮਾਰੇ।
ਕੇਤਿਕ ਬਾਧਿ ਬਾਰਿ ਮੋ ਬੋਰੇ ਕਿਤੇ ਅਗਨਿ ਮੋ ਸਾਰੇ।
ਕੇਤਨ ਏਕ ਹਾਥ ਕਟਿ ਡਾਰੇ ਕੇਤਿਨ ਕੇ ਦ੍ਵੈ ਹਾਥ।
ਤਿਲ ਤਿਲ ਪਾਇ ਰਥੀ ਕਟਿ ਡਾਰੇ ਕਟੇ ਕਿਤਨ ਕੇ ਮਾਥ।
ਛਤ੍ਰ ਚਮ੍ਰ ਰਥ ਬਾਜ ਕਿਤਨੇ ਕੇ ਕਾਟਿ ਕਾਟਿ ਰਣਿ ਡਾਰੇ।
ਕੇਤਨ ਮੁਕਟ ਲਕੁਟ ਲੈ ਤੋਰੇ ਕੇਤਨ ਜੂਟ ਉਪਾਰੇ।
ਭਕਿ ਭਕਿ ਗਿਰੇ ਭਿੰਭਰ ਬਸੁਧਾ ਪਰ ਘਾਇ ਅੰਗ ਭਿਭਰਾਰੇ।
ਜਾਨੁਕ ਅੰਤ ਬਸੰਤ ਸਮੈ ਮਿਲਿ ਚਾਚਰ ਖੇਲ ਸਿਧਾਰੇ। ੧੧੨।

੧. ਪ੍ਰਯੋਗ'

ਹੁੰਦਾ ਹੈ) ਮਾਨੋ ਬਹੁਤ ਘਣੇ ਬਦਲਾਂ ਵਿਚੋਂ ਕਣੀਆਂ ਵਾਂਗ ਵਿਸ਼ੈਲੇ ਤੀਰਾਂ ਦਾ ਹਰ ਪਾਸਿਓਂ ਮੀਂਹ ਵਸਾ ਦਿੱਤਾ ਹੈ। ਝਟਪਟ ਢਾਲਾਂ, ਕਵਚਾਂ ਆਦਿ ਨੂੰ ਵਿੰਨ੍ਹ ਦਿੱਤਾ ਹੈ ਅਤੇ ਆਪਸ ਵਿਚ ਘਿਸਰ ਕੇ ਪਾਰ ਲੰਘ ਗਏ ਹਨ। ਤਿਖੇ ਤੀਰ ਸਾਰੀ ਧਰਤੀ ਨੂੰ ਵਿੰਨ੍ਹ ਕੇ ਨਾਗਾਂ ਦੇ ਲੋਕ (ਪਾਤਾਲ) ਵਿਚ ਜਾ ਪਹੁੰਚੇ ਹਨ। ਯੋਧੇ ਤਲਵਾਰਾਂ ਕਢ ਕੇ ਅਨੇਕ ਢੰਗਾਂ ਨਾਲ ਚਮਕਾਉਂਦੇ ਹਨ ਅਤੇ ਸੈਹਥੀਆਂ ਨੂੰ ਚਲਾਉਂਦੇ ਹਨ। (ਇੰਜ ਪ੍ਰਤੀਤ ਹੁੰਦਾ ਹੈ) ਮਾਨੋ ਸਵਰਗ ਦਾ ਰਸਤਾ ਚੰਗੀ ਤਰ੍ਹਾਂ ਨਾਲ ਹਿਰਦੇ ਵਿਚ ਵਿਖਾ ਦਿੱਤਾ ਹੈ।੧੦੯।

ਬਿਸਨਪਦ। ਸੋਰਠ

ਅਣਗਿਣਤ ਸੰਨਿਆਸੀ ਬਾਣਾਂ ਨਾਲ ਵਿੰਨ੍ਹੇ ਗਏ ਹਨ। ਉਹ ਦੇਹੀ ਅਤੇ ਸੰਪਤੀ ਦੇ ਨੇਹ ਨੂੰ ਤਿਆਗ ਕੇ ਸਵਰਗ ਦੇ ਵਾਸੀ ਹੋ ਗਏ ਹਨ। ਢਾਲਾਂ, ਕਵਚ, ਰਥ, ਝੰਡੇ ਅਤੇ ਝੰਡੀਆਂ ਨੂੰ ਕਈ ਤਰ੍ਹਾਂ ਨਾਲ ਕਟ ਕਟ ਕੇ ਡਿਗਾ ਦਿੱਤਾ ਹੈ। (ਉਹ ਇਸ ਤਰ੍ਹਾਂ) ਸ਼ੋਭਾ ਪਾ ਰਹੇ ਸਨ ਕਿ ਇੰਦਰਪੁਰੀ, ਜਮਪੁਰੀ ਅਤੇ ਦੇਵਪੁਰੀ ਵੇਖ ਕੇ ਲਜਾ ਰਹੀਆਂ ਹਨ। ਗਹਿਣੇ ਅਤੇ ਰੰਗਾਂ ਰੰਗ ਦੇ ਬਸਤ੍ਰ ਛੁਟ ਛੁਟ ਕੇ ਧਰਤੀ ਉਤੇ ਡਿਗ ਪਏ ਹਨ। (ਇੰਜ ਪ੍ਰਤੀਤ ਹੁੰਦਾ ਹੈ) ਮਾਨੋ ਇੰਦਰ ਦੇ ਅਸ਼ੋਕ ਬਾਗ ਵਿਚੋਂ ਬਸੰਤੀ ਫੁਲ ਝੜ ਪਏ ਹੋਣ। ਕਟ ਕਟ ਕੇ ਡਿਗੇ ਹਾਥੀਆਂ ਦੇ ਸਿਰਾਂ (ਉਪਰ ਸਜੇ) ਮੋਤੀ ਖਿਲਰ ਗਏ ਹਨ। (ਇੰਜ ਪ੍ਰਤੀਤ ਹੁੰਦਾ ਹੈ) ਮਾਨੋ ਅੰਮ੍ਰਿਤ ਕੁੰਡ ਦੇ ਮੂੰਹ ਦੇ ਖੁਲਣ ਨਾਲ ਸੁੰਦਰ ਜਲ-ਕਣ ਝੜ ਪਏ ਹੋਣ।੧੧੦।

ਦੇਵ ਗੰਧਾਰੀ। ਦੂਜੀ ਤਰਹ

ਦੋਹਾਂ ਪਾਸਿਆਂ ਤੋਂ ਹੰਕਾਰੀ ਸੂਰਮੇ (ਇਕ ਦੂਜੇ ਉਤੇ) ਆ ਪਏ ਹਨ। ਕ੍ਰਿਪਾਨਾਂ ਕਢ ਕਢ ਕੇ ਭਜੀ ਫਿਰਦੇ ਹਨ ਅਤੇ 'ਮਾਰ ਲੌ ਮਾਰ ਲੌ' ਬੋਲ ਰਹੇ ਹਨ। ਕ੍ਰੋਧਿਤ ਸੰਨਿਆਸੀ ਪੈਰ ਗਡ ਕੇ, ਗੁੱਸੇ ਨਾਲ ਭਰੇ ਯੁੱਧ-ਭੂਮੀ ਵਿਚ ਫਿਰਦੇ ਹਨ। ਹਾਥੀਆਂ ਅਤੇ ਰਥਾਂ ਵਾਲੀਆਂ ਫੌਜਾਂ ਨੂੰ ਗਾਹ ਗਾਹ ਕੇ ਅੰਤ ਵਿਚ ਰਣ-ਭੂਮੀ ਵਿਚ ਡਿਗ ਪਏ ਹਨ। ਬਾਣਾਂ ਨੂੰ ਤਣ ਤਣ ਕੇ ਅਤੇ ਸ਼ਿਸ਼ਤਾਂ ਬੰਨ੍ਹ ਬੰਨ੍ਹ ਕੇ ਕੰਨਾਂ ਤਕ ਖਿਚ ਕੇ ਚਲਾ ਰਹੇ ਹਨ। ਛਤ੍ਰੀ ਧਰਮ ਨੂੰ ਨਿਭਾਉਣ ਵਾਲੇ ਸ਼ੂਰਵੀਰ (ਬਾਣ) ਚਲਾਉਂਦੇ ਫਿਰਦੇ ਹਨ। (ਸੂਰਮਿਆਂ ਦੇ) ਅੰਗਾਂ ਨੂੰ ਬਾਣਾਂ ਨਾਲ ਵਿੰਨ੍ਹ ਵਿੰਨ੍ਹ (ਸੁਟ ਰਹੇ ਹਨ ਅਤੇ) ਇਸ ਤਰ੍ਹਾਂ ਜੁਆਨ ਜੂਝ ਰਹੇ ਹਨ। ਜਿਵੇਂ ਮਹਾਭਾਰਤ ਵੇਲੇ ਬਾਣਾਂ ਦੀ ਸੇਜਾ ਉਤੇ ਭੀਸ਼ਮ ਪਿਤਾਮਾ ਪਿਆ ਸੀ।੧੧੧।

ਬਿਸਨਪਦ ਸਾਰੰਗ

ਇਸ ਤਰ੍ਹਾਂ ਬਹੁਤ ਸੰਨਿਆਸੀ ਮਾਰ ਦਿੱਤੇ ਗਏ ਹਨ। ਕਿਤਨਿਆਂ ਨੂੰ ਬੰਨ੍ਹ ਕੇ ਪਾਣੀ ਵਿਚ ਡਬੋਇਆ ਹੈ ਅਤੇ ਕਿਤਨਿਆਂ ਨੂੰ ਅੱਗ ਵਿਚ ਸਾੜਿਆ ਹੈ। ਕਿਤਨਿਆਂ ਦਾ ਇਕ ਹੱਥ ਕਟ ਸੁਟਿਆ ਹੈ ਅਤੇ ਕਿਤਨਿਆਂ ਦੇ ਦੋ ਹੱਥ ਕਟ ਦਿੱਤੇ ਹਨ। ਪੈਦਲ ਅਤੇ ਰਥਾਂ ਵਾਲਿਆਂ ਨੂੰ ਤਿਲ ਤਿਲ ਜਿੰਨਾਂ ਕਟ ਸੁਟਿਆ ਹੈ ਅਤੇ ਕਿਤਨਿਆਂ ਦੇ ਸਿਰ ('ਮਾਥ') ਕਟ ਦਿੱਤੇ ਹਨ। ਕਿਤਨਿਆਂ ਦੇ ਛਤ੍ਰ, ਚੌਰ, ਰਥ, ਘੋੜੇ ਕਟ ਕਟ ਕੇ ਯੁੱਧ-ਭੂਮੀ ਵਿਚ ਸੁਟ ਦਿੱਤੇ ਹਨ। ਕਿਤਨਿਆਂ ਦੇ ਮੁਕਟ ਡਾਂਗਾਂ ਨਾਲ ਭੰਨ੍ਹ ਸੁਟੇ ਹਨ ਅਤੇ ਕਿਤਨਿਆਂ ਦੇ ਜੂੜੇ ਪੁਟ ਸੁਟੇ ਹਨ। ਭੈ ਨਾਲ ਭਰੇ ਹੋਇਆਂ ਦੇ ਧਰਤੀ ਉਤੇ ਡਿਗਣ ਤੇ ਜ਼ਖ਼ਮਾਂ ਵਿਚੋਂ ਭਕ ਭਕ ਲਹੂ ਵਗ ਰਿਹਾ ਹੈ। (ਇੰਜ ਪ੍ਰਤੀਤ ਹੁੰਦਾ ਹੈ) ਮਾਨੋ ਅੰਤ ਵੇਲੇ ਸਾਰੇ ਮਿਲ ਕੇ ਬਸੰਤ ਰੁਤ ਵਿਚ ਹੋਲੀ ਖੇਡਣ ਚਲੇ ਹੋਣ। ੧੧੨।

ਬਿਸਨਪਦ। ਅਡਾਨ

ਚੁਪਰੇ ਚਾਰੁ ਚਿਕਨੇ ਕੇਸ।
ਆਨਿ ਆਨਿ ਫਿਰੀ ਚਹੂੰ ਦਿਸਿ ਨਾਰਿ ਨਾਗਰਿ ਭੇਸ।
ਚਿਬਕ ਚਾਰੁ ਸੁ ਧਾਰ ਬੇਸਰ ਡਾਰਿ ਕਾਜਰ ਨੈਨ।
ਜੀਵ ਜੰਤਨ ਕਾ ਚਲੀ ਚਿਤ ਲੇਤ ਚੋਰ ਸੁ ਮੈਨ।
ਦੇਖ ਰੀ ਸੁਕੁਮਾਰ ਸੁੰਦਰ ਆਜੁ ਬਰ ਹੈ ਬੀਰ।
ਬੀਨ ਬੀਨ ਧਰੋ ਸਬੰਗਨ ਸੁਧ ਕੇਸਰਿ ਚੀਰ।
ਚੀਨ ਚੀਨ ਬਰਿ ਹੈ ਸੁਬਾਹ ਸੁ ਮਧ ਜੁਧ ਉਛਾਹ।
ਤੇਗ ਤੀਰਨ ਬਾਨ ਬਰਛਨ ਜੀਤ ਕਰਿ ਹੈ ਬਯਾਹ। ੧੧੩।

ਬਿਸਨਪਦ। ਸੋਰਠਿ

ਕਹਾ ਲੌ ਉਪਮਾ ਇਤੀ ਕਰੌਂ।
ਗ੍ਰੰਥ ਬਢਨ ਕੇ ਕਾਜ ਸੁਨਹੁ ਜੂ ਚਿਤ ਮੈ ਅਧਿਕ ਡਰੌਂ।
ਤਉ ਸੁਧਾਰਿ ਬਿਚਾਰ ਕਥਾ ਕਹਿ ਕਹਿ ਸੰਛੇਪ ਬਖਾਨੋ।
ਜੈਸੇ ਤਵ ਪ੍ਰਤਾਪ ਕੇ ਬਲ ਤੇ ਜਥਾ ਸਕਤਿ ਅਨੁਮਾਨੋ।
ਜਬ ਪਾਰਸ ਇਹ ਬਿਧਿ ਰਨ ਮੰਡ੍ਯੋ ਨਾਨਾ ਸਸਤ੍ਰ ਚਲਾਏ।
ਹਤੇ ਸੁ ਹਤੇ ਜੀਅ ਲੈ ਭਾਜੇ ਚਹੂੰ ਦਿਸ ਗਏ ਪਰਾਏ।
ਜੇ ਹਠ ਤਿਆਗਿ ਆਨਿ ਪਗ ਲਾਗੇ ਤੇ ਸਬ ਲਏ ਬਚਾਈ।
ਭੂਖਨ ਬਸਨ ਬਹੁਤੁ ਬਿਧਿ ਦੀਨੇ ਦੈ ਦੈ ਬਹੁਤ ਬਡਾਈ। ੧੧੪।

ਬਿਸਨਪਦ। ਕਾਫੀ

ਪਾਰਸ ਨਾਥ ਬਡੋ ਰਣ ਪਾਰ੍ਯੋ।
ਆਪਨ ਪ੍ਰਚੁਰ ਜਗਤ ਮਤੁ ਕੀਨਾ ਦੇਵਦਤ ਕੋ ਟਾਰ੍ਯੋ।
ਲੈ ਲੈ ਸਸਤ੍ਰ ਅਸਤ੍ਰ ਨਾਨਾ ਬਿਧਿ ਭਾਤਿ ਅਨਿਕ ਅਰਿ ਮਾਰੇ।
ਜੀਤੇ ਪਰਮ ਪੁਰਖ ਪਾਰਸ ਕੇ ਸਗਲ ਜਟਾ ਧਰ ਹਾਰੇ।
ਬੇਖ ਬੇਖ ਭਟ ਪਰੇ ਧਰਨ ਗਿਰਿ ਬਾਣ ਪ੍ਰਯੋਘਨ[1] ਘਾਏ।
ਜਾਨੁਕ ਪਰਮ ਲੋਕ ਪਾਵਨ ਕਹੁ ਪ੍ਰਾਨਨ ਪੰਖ ਲਗਾਏ।
ਟੂਕ ਟੂਕ ਹ੍ਵੈ ਗਿਰੇ ਕਵਚ ਕਟਿ ਪਰਮ ਪ੍ਰਭਾ ਕਹੁ ਪਾਈ।
ਜਣੁ ਦੈ ਚਲੇ ਨਿਸਾਣ ਸੁਰਗ ਕਹ ਕੁਲਹਿ ਕਲੰਕ ਮਿਟਾਈ। ੧੧੫।

ਬਿਸਨਪਦ। ਸੂਹੀ

ਪਾਰਸ ਨਾਥ ਬਡੋ ਰਣ ਜੀਤੋ।
ਜਾਨੁਕ ਭਈ ਦੂਸਰ ਕਰਣਾਰਜੁਨ ਭਾਰਥ ਸੋ ਹੁਇ ਬੀਤੋ।
ਬਹੁ ਬਿਧਿ ਚਲੈ ਪ੍ਰਵਾਹਿ ਸ੍ਰੋਣ ਕੇ ਰਥ ਗਜ ਅਸਵ ਬਹਾਏ।
ਭੈ ਕਰ ਜਾਨ ਭਯੋ ਬਡ ਆਹਵ ਸਾਤ ਸਮੁੰਦਰ ਲਜਾਏ।
ਜਹ ਤਹ ਚਲੇ ਭਾਜ ਸੰਨਿਆਸੀ ਬਾਣਨ ਅੰਗ ਪ੍ਰਹਾਰੇ।
ਜਾਨੁਕ ਬਜ੍ਰ ਇੰਦ੍ਰ ਕੇ ਭੈ ਤੇ ਪਬ ਸਪਛ ਸਿਧਾਰੇ।

---

੧. 'ਪ੍ਰਯੋਗਨ'

ਬਿਸਨਪਦ। ਅਡਾਨ

ਚੋਪੜੇ ਹੋਏ ਕੇਸ ਸੁੰਦਰ ਅਤੇ ਚਿਕਨੇ ਹਨ। ਸੁੰਦਰ ਇਸਤਰੀਆਂ ਦੇ ਰੂਪ ਵਿਚ (ਅਪੱਛਰਾਵਾਂ) ਆ ਆ ਕੇ ਚੌਹਾਂ ਪਾਸੇ ਫਿਰ ਰਹੀਆਂ ਹਨ। ਉਨ੍ਹਾਂ ਦੀਆਂ ਸੁੰਦਰ ਠੋਡੀਆਂ ਹਨ, ਨਕ ਵਿਚ ਨਥਾਂ ਪਾਈਆਂ ਹੋਈਆਂ ਹਨ ਅਤੇ ਅੱਖਾਂ ਵਿਚ ਸੁਰਮਾ ਪਾਇਆ ਹੋਇਆ ਹੈ। (ਆਮ) ਜੀਵ ਜੰਤਾਂ ਦੀ ਕੀ ਚਲਣੀ ਸੀ, (ਉਹ) ਕਾਮਦੇਵ ਦਾ ਚਿਤ ਵੀ ਚੁਰਾ ਰਹੀਆਂ ਹਨ। ਉਸ ਸੁੰਦਰ ਕੁਮਾਰ ਨੂੰ ਵੇਖ ਰਹੀਆਂ ਹਨ ਕਿ ਅਜ ਇਸ ਸੂਰਮੇ ਨੂੰ ਵਰਾਂਗੀਆਂ। ਸਾਰਿਆਂ ਅੰਗਾਂ ਉਤੇ ਚੁਣ ਚੁਣ ਕੇ ਖਾਲਸ ਕੇਸਰ ਵਿਚ ਰੰਗੇ ਹੋਏ ਬਸਤ੍ਰ ਧਾਰਨ ਕੀਤੇ ਹੋਏ ਹਨ। ਉਸ ਯੁੱਧ ਵਿਚੋਂ ਉਤਸਾਹ ਪੂਰਵਕ ਚੁਣ ਚੁਣ ਕੇ ਯੋਧਿਆਂ ਨੂੰ ਵਰ ਰਹੀਆਂ ਹਨ। ਤਲਵਾਰਾਂ, ਤੀਰਾਂ ਅਤੇ ਬਰਛੀਆਂ ਨਾਲ ਜਿਤਣ ਵਾਲਿਆਂ ਨਾਲ ਵਿਆਹ ਕਰ ਰਹੀਆਂ ਹਨ।੧੧੩।

ਬਿਸਨਪਦ। ਸੋਰਠਿ

ਕਿਥੋਂ ਤਕ (ਮੈਂ) ਉਪਮਾ ਨੂੰ ਸਮਾਪਤ ਕਰਾਂ। ਸੁਣੋ ਜੀ! ਗ੍ਰੰਥ ਦੇ ਵਧਣ ਕਰ ਕੇ ਚਿਤ ਵਿਚ ਬਹੁਤ ਡਰਦਾ ਹਾਂ। ਫਿਰ ਵੀ ਸੁਧਾਰ ਕੇ ਵਿਚਾਰ ਪੂਰਵਕ ਕਥਾ ਕਹਿ ਕੇ ਸੰਖੇਪ ਵਿਚ ਹੀ ਬਖਾਨ ਕਰਦਾ ਹਾਂ। ਜਿਸ ਤਰ੍ਹਾਂ ਤੇਰੇ ਪ੍ਰਤਾਪ ਦੇ ਬਲ ਨਾਲ ਯਥਾ ਸ਼ਕਤੀ ਵਰਣਨ ਕਰਦਾ ਹਾਂ। ਜਦ ਪਾਰਸ (ਨਾਥ) ਨੇ ਇਸ ਪ੍ਰਕਾਰ ਦਾ ਯੁੱਧ ਮਚਾਇਆ ਅਤੇ ਅਨੇਕ ਪਕਾਰ ਦੇ ਸ਼ਸਤ੍ਰ ਚਲਾਏ। (ਜੋ) ਮਾਰੇ ਗਏ, ਸੋ ਮਾਰੇ ਗਏ, (ਬਾਕੀ) ਜਿੰਦ ਬਚਾ ਕੇ ਭਜ ਗਏ ਅਤੇ ਚੌਹਾਂ ਪਾਸਿਆਂ ਵਲ ਖਿਸਕ ਗਏ। ਜੋ (ਸੂਰਮੇ) ਹਠ ਨੂੰ ਤਿਆਗ ਕੇ (ਪਾਰਸ ਨਾਥ ਦੇ) ਪੈਰੀਂ ਆ ਪਏ, ਉਹ ਸਾਰੇ ਬਚਾ ਲਏ ਗਏ। ਗਹਿਣੇ, ਬਸਤ੍ਰ ਆਦਿ ਬਹੁਤ ਤਰ੍ਹਾਂ ਨਾਲ ਦਿੱਤੇ ਅਤੇ ਸਨਮਾਨ ਸਹਿਤ ਵਿਦਾ ਕਰ ਦਿੱਤਾ।੧੧੪।

ਬਿਸਨਪਦ। ਕਾਫੀ

ਪਾਰਸ ਨਾਥ ਨੇ ਬਹੁਤ ਭਾਰੀ ਯੁੱਧ ਮਚਾਇਆ। ਜਗਤ ਵਿਚ ਆਪਣਾ ਮਤ ਪ੍ਰਚਲਿਤ ਕਰ ਦਿੱਤਾ ਅਤੇ ਦੱਤਾਤ੍ਰੇ ਦਾ ਮਤ ਦੂਰ ਕਰ ਦਿੱਤਾ। ਅਨੇਕ ਤਰ੍ਹਾਂ ਦੇ ਸ਼ਸਤ੍ਰ ਅਸਤ੍ਰ ਲੈ ਕੇ ਭਾਂਤ ਭਾਂਤ ਦੇ ਅਨੇਕ ਵੈਰੀ ਮਾਰੇ। ਪਰਮ ਪੁਰਖ ਪਾਰਸ (ਨਾਥ) ਦੇ (ਸੂਰਮੇ) ਜਿਤ ਗਏ ਅਤੇ ਸਾਰੇ ਜਟਾਧਾਰੀ (ਸੰਨਿਆਸੀ) ਹਾਰ ਗਏ। (ਵਖਰੇ ਵਖਰੇ) ਭੇਸਾਂ ਵਾਲੇ ਯੋਧੇ ਬਾਣਾਂ ਦੀ ਝੜੀ ਨਾਲ ਘਾਇਲ ਹੋ ਕੇ ਧਰਤੀ ਉਤੇ ਡਿਗੇ ਪਏ ਹਨ। (ਇੰਜ ਪ੍ਰਤੀਤ ਹੁੰਦਾ ਹੈ) ਮਾਨੋ ਪਰਮ ਲੋਕ ਨੂੰ ਪ੍ਰਾਪਤ ਕਰਨ ਲਈ ਕਿਤੇ ਪ੍ਰਾਣਾਂ ਨੂੰ ਖੰਭ ਲਗ ਗਏ ਹੋਣ। (ਯੋਧਿਆਂ ਦੇ) ਕਵਚ ਕਟ ਕੇ ਟੋਟੇ ਟੋਟੇ ਹੋ ਕੇ ਡਿਗੇ ਪਏ ਹਨ ਅਤੇ ਪਰਮ ਸ਼ੋਭਾ ਨੂੰ ਪ੍ਰਾਪਤ ਕਰ ਰਹੇ ਹਨ। (ਇੰਜ ਪ੍ਰਤੀਤ ਹੁੰਦਾ ਹੈ) ਮਾਨੋ ਧੌਂਸੇ ਵਜ ਕੇ ਅਤੇ ਆਪਣੇ ਕੁਲ ਦੇ ਕਲੰਕ ਨੂੰ ਮਿਟਾ ਕੇ ਸਵਰਗ ਨੂੰ ਚਲੇ ਹੋਣ।੧੧੫।

ਬਿਸਨਪਦ। ਸੂਹੀ

ਪਾਰਸ ਨਾਥ ਨੇ ਵੱਡਾ ਯੁੱਧ ਜਿਤ ਲਿਆ। (ਇਸ ਤਰ੍ਹਾਂ ਲਗਦਾ ਹੈ) ਮਾਨੋ ਕਰਨ ਅਤੇ ਅਰਜਨ ਦੀ ਦੂਜੀ ਵਾਰ ਲੜਾਈ ਹੋ ਗੁਜ਼ਰੀ ਹੋਵੇ। ਲਹੂ ਦੇ ਬਹੁਤ ਤਰ੍ਹਾਂ ਨਾਲ ਪ੍ਰਵਾਹ ਚਲੇ ਹਨ (ਜਿਨ੍ਹਾਂ ਨੇ) ਰਥ, ਹਾਥੀ ਅਤੇ ਘੋੜੇ ਰੁੜ੍ਹਾ ਲਏ ਹਨ। ਭਿਆਨਕ ਵੱਡਾ ਯੁੱਧ ਹੋਇਆ ਜਾਣ ਕੇ ਸੱਤ ਸਮੁੰਦਰ ਵੀ ਲਜਾ ਰਹੇ ਹਨ। ਬਾਣਾਂ ਨਾਲ ਵੱਢੇ ਕਟੇ ਸ਼ਰੀਰਾਂ ਨਾਲ ਸੰਨਿਆਸੀ ਜਿਥੇ ਕਿਥੇ ਭਜ ਤੁਰੇ ਹਨ। (ਇੰਜ ਮਾਲੂਮ ਹੁੰਦਾ ਹੈ) ਮਾਨੋ ਇੰਦਰ ਦੇ ਵਜ੍ਰ ਤੋਂ ਡਰਦੇ ਹੋਏ ਪਰਬਤ ਖੰਭਾਂ ਸਹਿਤ ਉਡ ਗਏ ਹੋਣ। ਜਿਥੇ ਕਿਥੇ ਲਹੂ ਦੀ ਧਾਰ

ਜਿਹ ਤਿਹ ਗਿਰਤ ਸ੍ਰੋਣ ਕੀ ਧਾਰਾ ਅਰਿ ਘੂਮਤ ਭਿਭਰਾਤ।
ਨਿੰਦਾ ਕਰਤ ਛਤ੍ਰੀਯ ਧਰਮ ਕੀ ਭਜਤ ਦਸੋ ਦਿਸ ਜਾਤ। ੧੧੬।

ਬਿਸਨਪਦ। ਸੋਰਠਿ

ਜੇਤਕ ਜੀਅਤ ਬਚੇ ਸੰਨ੍ਯਾਸੀ।
ਤ੍ਰਾਸ ਮਰਤ ਫਿਰਿ ਬਹੁਰਿ ਨ ਆਏ ਹੋਤ ਭਏ ਬਨਬਾਸੀ।
ਦੇਸ ਬਿਦੇਸ ਢੂੰਢ ਬਨ ਬੇਹੜ ਤਹ ਤਹ ਪਕਰਿ ਸੰਘਾਰੇ।
ਖੋਜਿ ਪਤਾਲ ਅਕਾਸ ਸੁਰਗ ਕਹੁ ਜਹਾ ਤਹਾ ਚੁਨਿ ਮਾਰੇ।
ਇਹ ਬਿਧਿ ਨਾਸ ਕਰੇ ਸੰਨਿਆਸੀ ਆਪਨ ਮਤਹ ਮਤਾਯੋ।
ਆਪਨ ਨ੍ਯਾਸ ਸਿਖਾਇ ਸਬਨ ਕਹੁ ਆਪਨ ਮੰਤ੍ਰ ਚਲਾਯੋ।
ਜੇ ਜੇ ਗਹੇ ਤਿਨ ਤੇ ਘਾਇਲ ਤਿਨ ਕੀ ਜਟਾ ਮੁੰਡਾਈ।
ਦੋਹੀ ਦੂਰ ਦਤ ਕੀ ਕੀਨੀ ਆਪਨ ਫੇਰਿ ਦੁਹਾਈ। ੧੧੭।

ਬਿਸਨਪਦ। ਬਸੰਤ

ਇਹ ਬਿਧਿ ਫਾਗ ਕ੍ਰਿਪਾਨਨ ਖੇਲੇ।
ਸੋਭਤ ਢਾਲ ਮਾਲ ਡਫ ਮਾਲੈ ਮੂਠ ਗੁਲਾਲਨ ਸੇਲੇ।
ਜਾਨੁ ਤੁਫੰਗ ਭਰਤ ਪਿਚਕਾਰੀ ਸੂਰਨ ਅੰਗ ਲਗਾਵਤ।
ਨਿਕਸਤ ਸ੍ਰੋਣ ਅਧਿਕ ਛਬਿ ਉਪਜਤ ਕੇਸਰ ਜਾਨੁ ਸੁਹਾਵਤ।
ਸ੍ਰੋਣਤ ਭਰੀ ਜਟਾ ਅਤਿ ਸੋਭਤ ਛਬਹਿ ਨ ਜਾਤ ਕਹ੍ਯੋ।
ਮਾਨਹੁ ਪਰਮ ਪ੍ਰੇਮ ਸੌ ਡਾਰ੍ਯੋ ਈਂਗਰ ਲਾਗਿ ਰਹ੍ਯੋ।
ਜਹ ਤਹ ਗਿਰਤ ਭਏ ਨਾਨਾ ਬਿਧਿ ਸਾਂਗਨ ਸਤ੍ਰੁ ਪਰੋਏ।
ਜਾਨੁਕ ਖੇਲ ਧਮਾਰ ਪਸਾਰਿ ਕੈ ਅਧਿਕ ਸ੍ਰਮਿਤ ਹ੍ਵੈ ਸੋਏ। ੧੧੮।

ਬਿਸਨਪਦ। ਪਰਜ

ਦਸ ਸੈ ਬਰਖ ਰਾਜ ਤਿਨ ਕੀਨਾ।
ਕੈ ਕੈ ਦੂਰ ਦਤ ਕੇ ਮਤ ਕਹੁ ਰਾਜ ਜੋਗ ਦੋਊ ਲੀਨਾ।
ਜੇ ਜੇ ਛਪੇ ਲੁਕੇ ਕਹੂੰ ਬਾਚੇ ਰਹਿ ਰਹਿ ਵਹੈ ਗਏ।
ਐਸੇ ਏਕ ਨਾਮ ਲੈਬੇ ਕੋ ਜਗ ਮੋ ਰਹਤ ਭਏ।
ਭਾਤਿ ਭਾਤਿ ਸੌ ਰਾਜ ਕਰਤ ਯੌ ਭਾਤਿ ਭਾਤਿ ਧਨ ਜੋਰ੍ਯੋ।
ਜਹਾ ਜਹਾ ਮਾਨਸ ਸ੍ਰਉਨਨ ਸੁਨ ਤਹਾ ਤਹਾ ਤੇ ਤੋਰ੍ਯੋ।
ਇਹ ਬਿਧਿ ਜੀਤ ਦੇਸ ਪੁਰ ਦੇਸਨ ਜੀਤ ਨਿਸਾਨ ਬਜਾਯੋ।
ਆਪਨ ਕਰਣ ਕਾਰਣ ਕਰਿ ਮਾਨ੍ਯੋ ਕਾਲ ਪੁਰਖ ਬਿਸਰਾਯੋ। ੧੧੯।

ਰੁਆਮਲ ਛੰਦ

ਦਸ ਸਹੰਸ੍ਰ ਪ੍ਰਮਾਣ ਬਰਖਨ ਕੀਨ ਰਾਜ ਸੁਧਾਰਿ।
ਭਾਤਿ ਭਾਤਿ ਧਰਾਨ ਲੈ ਅਰੁ ਸਤ੍ਰੁ ਸਰਬ ਸੰਘਾਰਿ।
ਜੀਤਿ ਜੀਤਿ ਅਨੂਪ ਭੂਪ ਅਨੂਪ ਰੂਪ ਅਪਾਰ।
ਭੂਪ ਮੇਧ ਠਟ੍ਯੋ ਨ੍ਰਿਪੋਤਮ ਏਕ ਜਗ ਸੁਧਾਰਿ। ੧੨੦।

ਡਿਗਦੀ ਹੈ ਅਤੇ ਵੈਰੀ ਭੈਭੀਤ ਹੋਏ ਘੁੰਮਦੇ ਫਿਰਦੇ ਹਨ। ਛਤ੍ਰੀ ਧਰਮ ਦੀ ਨਿੰਦਿਆ ਕਰਦੇ ਹੋਏ ਦਸਾਂ ਦਿਸ਼ਾਵਾਂ ਵਲ (ਸੰਨਿਆਸੀ) ਭਜੀ ਜਾ ਰਹੇ ਹਨ।੧੧੬।

ਬਿਸਨਪਦ। ਸੋਰਠਿ

ਜਿਤਨੇ ਕੁ ਸੰਨਿਆਸੀ ਜੀਉਂਦੇ ਬਚ ਗਏ, ਡਰ ਦੇ ਮਾਰੇ ਫਿਰ ਨਹੀਂ ਆਏ ਅਤੇ ਬਨਬਾਸੀ ਹੋ ਗਏ। ਦੇਸਾਂ, ਬਿਦੇਸਾਂ, ਬਨਾਂ, ਬੀਹੜਾਂ ਵਿਚੋਂ ਲਭ ਲਭ ਕੇ ਜਿਥੇ ਕਿਥੇ ਪਕੜ ਕੇ ਮਾਰ ਸੁਟੇ ਹਨ। ਪਾਤਾਲ, ਆਕਾਸ਼ ਅਤੇ ਸਵਰਗ ਨੂੰ ਖੋਜ ਕੇ ਜਿਥੇ ਕਿਥੇ ਚੁਣ ਚੁਣ ਕੇ ਮਾਰ ਸੁਟੇ ਹਨ। ਇਸ ਤਰ੍ਹਾਂ ਸੰਨਿਆਸੀਆਂ ਦਾ ਨਾਸ ਕੀਤਾ ਅਤੇ ਆਪਣਾ ਮਤ ਚਲਾ ਦਿੱਤਾ। ਸਾਰਿਆਂ ਨੂੰ ਆਪਣਾ ਢੰਗ ਸਿਖਾ ਕੇ ਆਪਣਾ ਮੰਤ੍ਰ ਚਲਾ ਦਿੱਤਾ। ਜਿਹੜੇ ਜਿਹੜੇ ਉਨ੍ਹਾਂ ਵਿਚੋਂ ਘਾਇਲ ਪਕੜੇ ਸਨ, ਉਨ੍ਹਾਂ ਦੀਆਂ ਜਟਾਵਾਂ ਮੁੰਨਵਾ ਦਿੱਤੀਆਂ। ਇਸ ਤਰ੍ਹਾਂ ਦੱਤਾਤ੍ਰੇ ਦੀ ਦੁਹਾਈ ਨੂੰ (ਸੰਸਾਰ ਤੋਂ) ਦੂਰ ਕਰ ਦਿੱਤਾ ਅਤੇ (ਪਾਰਸ ਨਾਥ ਨੇ) ਆਪਣੀ ਦੁਹਾਈ ਫਿਰਾ ਦਿੱਤੀ।੧੧੭।

ਬਿਸਨਪਦ। ਬਸੰਤ

ਇਸ ਤਰ੍ਹਾਂ ਤਲਵਾਰਾਂ ਦੀ ਹੋਲੀ ਖੇਡੀ। ਢਾਲਾਂ ਦੀ ਕਤਾਰ, (ਮਾਨੋ) ਡਫ਼ਾਂ ਦੀ ਪੰਗਤੀ ਸ਼ੋਭ ਰਹੀ ਹੋਵੇ ਅਤੇ ਬਰਛੇ ਗੁਲਾਲਾਂ ਦੀ ਮੁਠ ਹੋਣ। ਬੰਦੂਕਾਂ ਨੂੰ ਭਰੀਆਂ ਹੋਈਆਂ ਪਿਚਕਾਰੀਆਂ ਜਾਣੋ ਜੋ ਸੂਰਮਿਆਂ ਦੇ ਅੰਗਾਂ ਨੂੰ ਲਗਦੀਆਂ ਹਨ। (ਸ਼ਰੀਰਾਂ ਵਿਚੋਂ) ਨਿਕਲਦਾ ਲਹੂ ਬਹੁਤ ਸ਼ੋਭਾ ਪਾ ਰਿਹਾ ਹੈ, ਮਾਨੋ ਕੇਸਰ ਸੋਭ ਰਿਹਾ ਹੋਵੇ। ਲਹੂ ਨਾਲ ਲਿਬੜੀਆਂ ਜਟਾਵਾਂ ਬਹੁਤ ਸ਼ੋਭਾਇਮਾਨ ਹਨ, ਜਿਨ੍ਹਾਂ ਦੀ ਛਬੀ ਦਾ ਵਰਣਨ ਨਹੀਂ ਕੀਤਾ ਜਾ ਸਕਦਾ। (ਇੰਜ ਪ੍ਰਤੀਤ ਹੁੰਦਾ ਹੈ) ਮਾਨੋ ਬਹੁਤ ਪ੍ਰੇਮ ਨਾਲ ਪਾਇਆ ਹੋਇਆ ਸੰਧੂਰ ਦਾ ਰੰਗ ਲਗ ਰਿਹਾ ਹੋਵੇ। ਬਰਛੀਆਂ ਨਾਲ ਪਰੋਤੇ ਵੈਰੀ ਜਿਥੇ ਕਿਥੇ ਅਨੇਕਾਂ ਤਰ੍ਹਾਂ ਨਾਲ ਡਿਗੇ ਪਏ ਹਨ। (ਇੰਜ ਲਗਦਾ ਹੈ) ਮਾਨੋ ਧਮਾਰ ਖੇਡ ਕੇ ਅਧਿਕ ਥਕੇ ਹੋਏ (ਪੈਰ) ਪਸਾਰ ਕੇ ਸੁਤੇ ਹੋਏ ਹੋਣ।੧੧੮।

ਬਿਸਨਪਦ। ਪਰਜ

ਉਸ ਨੇ ਦਸ ਹਜ਼ਾਰ ਵਰ੍ਹੇ ਤਕ ਰਾਜ ਕੀਤਾ। ਦੱਤਾਤ੍ਰੇ ਦੇ ਮਤ ਨੂੰ ਦੂਰ ਕਰ ਕੇ ਰਾਜ ਅਤੇ ਜੋਗ ਦੋਵੇਂ ਪ੍ਰਾਪਤ ਕਰ ਲਏ। ਜਿਹੜੇ ਜਿਹੜੇ (ਜਟਾਧਾਰੀ) ਲੁਕੇ ਛਿਪੇ ਸਨ, ਉਹੀ ਬਚੇ ਸਨ ਅਤੇ ਉਹੀ ਬਾਕੀ ਰਹਿ ਗਏ ਹਨ। ਇਸ ਤਰ੍ਹਾਂ ਇਕ ਨਾਮ ਲੈਣ ਲਈ ਹੀ ਜਗਤ ਵਿਚ ਬਚ ਰਹੇ ਹਨ। ਤਰ੍ਹਾਂ ਤਰ੍ਹਾਂ ਨਾਲ ਰਾਜ ਕੀਤਾ ਅਤੇ ਇੰਜ ਭਾਂਤ ਭਾਂਤ ਨਾਲ ਧਨ ਇਕੱਠਾ ਕਰ ਲਿਆ। ਜਿਥੇ ਜਿਥੇ ਵੀ (ਕੋਈ) ਮਾਨਸ (ਸੰਨਿਆਸੀ) ਕੰਨਾਂ ਨਾਲ ਸੁਣ ਲਿਆ, ਉਥੇ ਉਥੇ ਹੀ ਨਾਸ਼ ਕਰ ਦਿੱਤਾ। ਇਸ ਤਰ੍ਹਾਂ ਨਾਲ ਦੇਸਾਂ, ਨਗਰਾਂ, ਦੇਸਾਂਤਰਾਂ ਨੂੰ ਜਿਤ ਕੇ, ਜਿਤ ਦਾ ਨਗਾਰਾ ਵਜਾਇਆ। (ਫਿਰ) ਆਪਣੇ ਆਪ ਨੂੰ ਕਰਨ-ਕਾਰਨ ਸਮਰਥ ਮੰਨ ਕੇ, ਅਕਾਲ ਪੁਰਖ ਨੂੰ (ਮਨੋ) ਭੁਲਾ ਦਿੱਤਾ।੧੧੯।

ਰੁਆਮਲ ਛੰਦ

ਦਸ ਹਜ਼ਾਰ ਵਰ੍ਹਿਆਂ ਤਕ ਉਸ ਨੇ ਚੰਗੀ ਤਰ੍ਹਾਂ ਨਾਲ ਰਾਜ ਕੀਤਾ। ਭਾਂਤ ਭਾਂਤ ਦੀਆਂ ਧਰਤੀਆਂ ਜਿਤ ਲਈਆਂ ਅਤੇ ਸਾਰਿਆਂ ਵੈਰੀਆਂ ਨੂੰ ਮਾਰ ਦਿੱਤਾ। ਅਨੂਪਮ ਰਾਜਿਆਂ ਨੂੰ ਜਿਤ ਜਿਤ ਕੇ (ਆਪਣੇ) ਅਧੀਨ ਕਰ ਲਿਆ (ਜਿਨ੍ਹਾਂ ਦਾ) ਉਪਮਾ-ਰਹਿਤ ਅਤੇ ਅਪਾਰ ਰੂਪ ਸੀ। (ਫਿਰ ਉਸ) ਉਤਮ ਰਾਜੇ ਨੇ ਇਕ ਭੂਪ-ਮੇਧ ਯੱਗ ਕਰਨ ਦਾ ਮਨ ਬਣਾਇਆ।੧੨੦।

ਦੇਸ ਦੇਸਨ ਕੇ ਨਰੇਸਨ ਬਾਧਿ ਕੈ ਇਕ ਬਾਰਿ।
ਰੋਹ ਦੇਸ ਬਿਖੈ ਗਯੋ ਲੈ ਪੁਤ੍ਰ ਮਿਤ੍ਰ ਕੁਮਾਰ।
ਨਾਰਿ ਸੰਜੁਤ ਬੈਠਿ ਬਿਧਵਤ ਕੀਨ ਜਗ ਅਰੰਭ।
ਬੋਲਿ ਬੋਲਿ ਕਰੋਰ ਰਿਤਜ ਔਰ ਬਿਪ ਅਸੰਭ। ੧੨੧।

ਰਾਜਮੇਧ ਕਰ੍ਯੋ ਲਗੈ ਆਰੰਭ ਭੂਪ ਅਪਾਰ।
ਭਾਤਿ ਭਾਤਿ ਸਮ੍ਰਿਧ ਜੋਰਿ ਸੁਮਿਤ੍ਰ ਪੁਤ੍ਰ ਕੁਮਾਰ।
ਭਾਤਿ ਅਨੇਕਨ ਕੇ ਜੁਰੇ ਜਨ ਆਨਿ ਕੈ ਤਿਹ ਦੇਸ।
ਛੀਨਿ ਛੀਨਿ ਲਏ ਨ੍ਰਿਪਾਬਰ ਦੇਸ ਦਿਰਬ ਅਵਿਨੇਸ। ੧੨੨।

ਦੇਖ ਕੇ ਇਹ ਭਾਤਿ ਸਰਬ ਸੁ ਭੂਪ ਸੰਪਤਿ ਨੈਣ।
ਗਰਬ ਸੋ ਭੁਜ ਦੰਡ ਕੈ ਇਹ ਭਾਤਿ ਬੋਲਾ ਬੈਣ।
ਭੂਪ ਮੇਧ ਕਰੋ ਸਬੈ ਤੁਮ ਆਜ ਜਗ ਅਰੰਭ।
ਸਤਜੁਗ ਮਾਹਿ ਭਯੋ ਜਿਹੀ ਬਿਧਿ ਕੀਨ ਰਾਜੈ ਜੰਭ। ੧੨੩।

ਮੰਤ੍ਰੀਯ ਬਾਚ

ਲਛ ਜਉ ਨ੍ਰਿਪ ਮਾਰੀਯੈ ਤਬ ਹੋਤ ਹੈ ਨ੍ਰਿਪ ਮੇਧ।
ਏਕ ਏਕ ਅਨੇਕ ਸੰਪਤਿ ਦੀਜੀਯੈ ਭਵਿਖੇਧ।
ਲਛ ਲਛ ਤੁਰੰਗ ਏਕਹਿ ਦੀਜੀਐ ਅਬਿਚਾਰ।
ਜਗ ਪੂਰਣ ਹੋਤੁ ਹੈ ਸੁਨ ਰਾਜ ਰਾਜ ਵਤਾਰ। ੧੨੪।

ਭਾਤਿ ਭਾਤਿ ਸੁਮ੍ਰਿਧ ਸੰਪਤਿ ਦੀਜੀਯੈ ਇਕ ਬਾਰ।
ਲਛ ਹਸਤ ਤੁਰੰਗ ਦ੍ਵੈ ਲਛ ਸੁਵਰਨ ਭਾਰ ਅਪਾਰ।
ਕੋਟਿ ਕੋਟਿ ਦਿਜੇਕ ਏਕਹਿ ਦੀਜੀਯੈ ਅਬਿਲੰਬ।
ਜਗ ਪੂਰਣ ਹੋਇ ਤਉ ਸੁਨ ਰਾਜ ਰਾਜ ਅਸੰਭ। ੧੨੫।

ਪਾਰਸਨਾਥ ਬਾਚ
ਰੁਆਲ ਛੰਦ

ਸੁਵਰਨ ਕੀ ਨ ਇਤੀ ਕਮੀ ਜਉ ਟੁਟ ਹੈ ਬਹੁ ਬਰਖ।
ਹਸਤ ਕੀ ਨ ਕਮੀ ਮੁਝੈ ਹਯ ਸਾਰ ਲੀਜੈ ਪਰਖ।
ਅਉਰ ਜਉ ਧਨ ਚਾਹੀਯੈ ਸੋ ਲੀਜੀਯੈ ਅਬਿਚਾਰ।
ਚਿਤ ਮੈ ਨ ਕਛੂ ਕਰੋ ਸੁਨ ਮੰਤ੍ਰ ਮਿਤ੍ਰ ਅਵਤਾਰ। ੧੨੬।

ਯਉ ਜਬੈ ਨ੍ਰਿਪ ਉਚਰ੍ਯੋ ਤਬ ਮੰਤ੍ਰਿ ਬਰ ਸੁਨਿ ਬੈਨ।
ਹਾਥ ਜੋਰਿ ਸਲਾਮ ਕੈ ਨ੍ਰਿਪ ਨੀਚ ਕੈ ਜੁਗ ਨੈਨ।
ਅਉਰ ਏਕ ਸੁਨੋ ਨ੍ਰਿਪੋਤਮ ਉਚਰੋ ਇਕ ਗਾਥ।
ਜੋਨ ਮਧਿ ਸੁਨੀ ਪੁਰਾਰਨਨ ਅਉਰ ਸਿੰਮ੍ਰਿਤ ਸਾਥ। ੧੨੭।

ਇਕ ਵਾਰ ਦੇਸਾਂ ਦੇਸਾਂ ਦੇ ਰਾਜਿਆਂ ਨੂੰ ਬੰਨ੍ਹ ਕੇ ਪੁੱਤਰਾਂ, ਮਿਤਰਾਂ ਅਤੇ ਕੁਮਾਰਾਂ ਸਹਿਤ 'ਰੋਹ' ਦੇਸ ਵਿਚ ਲੈ ਗਿਆ। ਨਾਰੀ ਸਹਿਤ ਬੈਠ ਕੇ ਸਹੀ ਮਰਯਾਦਾ ਨਾਲ ਯੱਗ ਦਾ ਆਰੰਭ ਕੀਤਾ। ਕਰੋੜਾਂ ਬ੍ਰਾਹਮਣ ਬੁਲਾ ਲਏ ਅਤੇ ਬੇਸ਼ੁਮਾਰ 'ਰਿਤਜ' ਸਦ ਲਏ।੧੨੧।

ਰਾਜਾ ਅਪਾਰ ਭੂਪ-ਮੇਧ (ਯੱਗ) ਆਰੰਭ ਕਰਨ ਲਗਾ। ਭਾਂਤ ਭਾਂਤ ਦੇ ਸਮਰਥਾਵਾਨ ਅਤੇ ਮਿਤਰਾਂ, ਪੁੱਤਰਾਂ ਅਤੇ ਕੁਮਾਰਾਂ ਨੂੰ ਜੋੜ ਲਿਆ। ਅਨੇਕ ਭਾਂਤ ਦੇ ਲੋਕ ਉਸ ਦੇਸ ਵਿਚ ਆ ਜੁੜੇ। ਰਾਜੇ ਨੇ ਹੋਰਨਾਂ ਰਾਜਿਆਂ ਕੋਲੋਂ ਧਨ, ਦੇਸ ਖੋਹ ਲਿਆ।੧੨੨।

ਸਭ ਨੇ ਉਸ ਰਾਜੇ ਦੀ ਸਾਰੀ ਸੰਪਤੀ ਨੂੰ ਅੱਖਾਂ ਨਾਲ ਵੇਖ ਲਿਆ। ਉਹ (ਰਾਜਾ) ਭੁਜਾਵਾਂ ਦਾ ਹੰਕਾਰ ਕਰ ਕੇ ਇਸ ਤਰ੍ਹਾਂ ਬਚਨ ਕਹਿਣ ਲਗਾ। ਤੁਸੀਂ ਅਜ ਸਾਰੇ ਭੂਪ-ਮੇਧ ਯੱਗ ਆਰੰਭ ਕਰ ਦਿਓ। ਜਿਸ ਤਰ੍ਹਾਂ ਸੱਤ ਯੁਗ ਵਿਚ ਰਾਜੇ ਜੰਭ ਨੇ ਕੀਤਾ ਸੀ।੧੨੩।

ਮੰਤਰੀਆਂ ਨੇ ਕਿਹਾ

ਜੇ ਕਰ ਇਕ ਲਖ ਰਾਜਿਆਂ ਨੂੰ ਮਾਰਿਆ ਜਾਏ ਤਦ 'ਨ੍ਰਿਪ-ਮੇਧ' (ਭੂਪ-ਮੇਧ) ਯੱਗ ਹੁੰਦਾ ਹੈ। (ਫਿਰ) ਇਕ ਇਕ (ਯੱਗ ਕਰਾਉਣ ਵਾਲੇ) ਨੂੰ ਅਨੇਕ ਤਰ੍ਹਾਂ ਦੀ ਸੰਪਤੀ ਦਿੱਤੀ ਜਾਵੇ ਅਤੇ (ਉਨ੍ਹਾਂ ਦੇ) ਸੰਸਾਰਿਕ ਦੁਖਾਂ (ਨੂੰ ਖ਼ਤਮ ਕੀਤਾ ਜਾਏ)। ਬਿਨਾ ਵਿਚਾਰ ਕੀਤੇ ਇਕ ਇਕ ਨੂੰ ਲੱਖ ਲੱਖ ਘੋੜੇ ਦਿੱਤੇ ਜਾਣ। (ਤਦ ਜਾ ਕੇ) ਯੱਗ ਪੂਰਨ ਹੁੰਦਾ ਹੈ, ਹੇ ਰਾਜ-ਅਵਤਾਰ ਰਾਜਨ! ਸੁਣੋ।੧੨੪।

ਭਾਂਤ ਭਾਂਤ ਧਨ-ਦੌਲਤ ਅਤੇ ਸੰਪਤੀ ਇਕੋ ਵਾਰ ਹੀ ਦੇਣੀ ਚਾਹੀਦੀ ਹੈ। (ਇਕ) ਲੱਖ ਹਾਥੀ, ਦੋ ਲੱਖ ਘੋੜੇ ਅਤੇ ਸੋਨੇ ਦੇ ਅਨੇਕ ਭਾਰ (ਦੇਣੇ ਚਾਹੀਦੇ ਹਨ)। ਇਕ ਇਕ ਬ੍ਰਾਹਮਣ ਨੂੰ ਬਿਨਾ ਦੇਰ ਕੀਤੇ ਕਰੋੜ ਕਰੋੜ (ਦੀ ਰਕਮ) ਦੇਣੀ ਚਾਹੀਦੀ ਹੈ। ਤਦ ਹੀ ਯੱਗ ਪੂਰਨ ਹੋਵੇਗਾ; ਹੇ ਰਾਜਿਆਂ ਦੇ ਰਾਜੇ! ਸੁਣੋ। ੧੨੫।

ਪਾਰਸ ਨਾਥ ਨੇ ਕਿਹਾ -
ਰੁਆਲ ਛੰਦ

ਸੋਨੇ ਦੀ ਇਤਨੀ ਕਮੀ ਨਹੀਂ ਹੈ, ਜੇ ਬਹੁਤ ਵਰ੍ਹਿਆਂ ਤਕ (ਵੰਡਦੇ ਰਹੀਏ ਤਾਂ ਵੀ) ਟੋਟਾ ਨਹੀਂ ਆਵੇਗਾ। ਹਾਥੀਆਂ ਦੀ ਵੀ ਮੈਨੂੰ ਥੁੜ ਨਹੀਂ ਹੈ, ਜਾ ਕੇ ਘੋੜਸ਼ਾਲਾ ਪਰਖ ਲਵੋ। ਹੋਰ ਵੀ ਜੋ ਧਨ ਚਾਹੀਦਾ ਹੈ, ਬਿਨਾ ਵਿਚਾਰੇ ਲੈ ਲਵੋ। ਚਿਤ ਵਿਚ ਕੁਝ ਵੀ ਵਿਚਾਰ ਨ ਕਰੋ, ਹੇ ਮਿਤਰ ਭਾਵ ਵਾਲੇ ਮੰਤਰੀ! ਸੁਣ ਲਵੋ।੧੨੬।

ਜਦੋਂ ਰਾਜੇ ਨੇ ਇਸ ਤਰ੍ਹਾਂ ਬੋਲ ਕਹੇ, ਤਦ ਸ੍ਰੇਸ਼ਠ ਮੰਤਰੀ ਨੇ ਬੋਲ ਸੁਣ ਕੇ, ਹੱਥ ਜੋੜ ਕੇ ਰਾਜੇ ਨੂੰ ਸਲਾਮ ਕੀਤਾ ਅਤੇ ਦੋਵੇਂ ਅੱਖਾਂ ਨੀਵੀਆਂ ਕਰ ਕੇ (ਕਿਹਾ) ਹੇ ਉਤਮ ਰਾਜੇ! ਮੈਂ ਇਕ ਹੋਰ ਗੱਲ ('ਗਾਥ') ਕਹਿੰਦਾ ਹਾਂ, (ਧਿਆਨ ਨਾਲ) ਸੁਣੋ, ਜੋ (ਮੈਂ) ਪੁਰਾਣਾਂ ਅਤੇ ਸਿਮ੍ਰਿਤੀਆਂ ਤੋਂ ਸੁਣੀ ਹੋਈ ਹੈ।੧੨੭।

ਮੰਤ੍ਰੀ ਬਾਚ
ਰੁਆਲ ਛੰਦ

ਅਉਰ ਜੋ ਸਭ ਦੇਸ ਕੇ ਨ੍ਰਿਪ ਜੀਤੀਯੈ ਸੁਨਿ ਭੂਪ।
ਪਰਮ ਰੂਪ ਪਵਿਤ੍ਰ ਗਾਤ ਅਪਵਿਤ੍ਰ ਹਰਣ ਸਰੂਪ।
ਐਸ ਜਉ ਸੁਨਿ ਭੂਪ ਭੂਪਤਿ ਸਭ ਪੂਛੀਆ ਤਿਹ ਗਾਥ।
ਪੂਛ ਆਉ ਸਬੈ ਨ੍ਰਿਪਾਲਨ ਹਉ ਕਹੋ ਤੁਹ ਸਾਥ। ੧੨੮।

ਯੌ ਕਹੇ ਜਬ ਬੈਨ ਭੂਪਤਿ ਮੰਤ੍ਰਿ ਬਰ ਸੁਨਿ ਧਾਇ।
ਪੰਚ ਲਛ ਬੁਲਾਇ ਭੂਪਤਿ ਪੂਛ ਸਰਬ ਬੁਲਾਇ।
ਅਉਰ ਸਾਤ ਹੂੰ ਲੋਕ ਭੀਤਰ ਦੇਹੁ ਅਉਰ ਬਤਾਇ।
ਜਉਨ ਜਉਨ ਨ ਜੀਤਿਆ ਨ੍ਰਿਪ ਰੋਸ ਕੈ ਨ੍ਰਿਪ ਰਾਇ। ੧੨੯।

ਦੇਖਿ ਦੇਖਿ ਰਹੇ ਸਬੈ ਤਰ ਕੋ ਨ ਦੇਤ ਬਿਚਾਰ।
ਐਸ ਕਉਨ ਰਹਾ ਧਰਾ ਪਰ ਦੇਹੁ ਤਾਹਿ ਉਚਾਰ।
ਏਕ ਏਕ ਬੁਲਾਇ ਭੂਪਤਿ ਪੂਛ ਸਰਬ ਬੁਲਾਇ।
ਕੋ ਅਜੀਤ ਰਹਾ ਨਹੀ ਜਿਹ ਠਉਰ ਦੇਹੁ ਬਤਾਇ। ੧੩੦।

ਏਕ ਨ੍ਰਿਪ ਬਾਚ
ਰੁਆਲ ਛੰਦ

ਏਕ ਭੂਪਤਿ ਉਚਰੋ ਸੁਨਿ ਲੇਹੁ ਰਾਜਾ ਬੈਨ।
ਜਾਨ ਮਾਫ ਕਰੋ ਕਹੋ ਤਬ ਰਾਜ ਰਾਜ ਸੁ ਨੈਨ।
ਏਕ ਹੈ ਮੁਨਿ ਸਿੰਧੁ ਮੈ ਅਰੁ ਮਛ ਕੇ ਉਰ ਮਾਹਿ।
ਮੋਹਿ ਰਾਵ ਬਿਬੇਕ ਭਾਖੌ ਤਾਹਿ ਭੂਪਤਿ ਨਾਹਿ। ੧੩੧।

ਏਕ ਦ੍ਯੋਸ ਜਟਧਰੀ ਨ੍ਰਿਪ ਕੀਨੁ ਛੀਰ ਪ੍ਰਵੇਸ।
ਚਿਤ੍ਰ ਰੂਪ ਹੁਤੀ ਤਹਾ ਇਕ ਨਾਰਿ ਨਾਗਰ ਭੇਸ।
ਤਾਸੁ ਦੇਖਿ ਸਿਵੇਸ ਕੋ ਗਿਰ ਬਿੰਦ ਸਿੰਧ ਮਝਾਰ।
ਮਛ ਪੇਟ ਮਛੰਦ੍ਰ ਜੋਗੀ ਬੈਠਿ ਹੈ ਨ੍ਰਿਪ ਬਾਰ। ੧੩੨।

ਤਾਸੁ ਤੇ ਚਲ ਪੁਛੀਐ ਨ੍ਰਿਪ ਸਰਬ ਬਾਤ ਬਿਬੇਕ।
ਏਨ ਤੋਹਿ ਬਤਾਇ ਹੈ ਨ੍ਰਿਪ ਭਾਖਿ ਹੋ ਜੁ ਅਨੇਕ।
ਐਸ ਬਾਤ ਸੁਨੀ ਜਬੈ ਤਬ ਰਾਜ ਰਾਜ ਅਵਤਾਰ।
ਸਿੰਧੁ ਖੋਜਨ ਕੋ ਚਲਾ ਲੈ ਜਗਤ ਕੇ ਸਬ ਜਾਰ। ੧੩੩।

ਭਾਤਿ ਭਾਤਿ ਮੰਗਾਇ ਜਾਲਨ ਸੰਗ ਲੈ ਦਲ ਸਰਬ।
ਜੀਤ ਦੁੰਦਭ ਦੈ ਚਲਾ ਨ੍ਰਿਪ ਜਾਨਿ ਕੈ ਜੀਅ ਗਰਬ।
ਮੰਤ੍ਰੀ ਮਿਤ੍ਰ ਕੁਮਾਰਿ ਸੰਪਤ ਸਰਬ ਮਧਿ ਬੁਲਾਇ।
ਸਿੰਧ ਜਾਰ ਡਰੇ ਜਹਾ ਤਹਾ ਮਛ ਸਤ੍ਰੂ ਡਰਾਇ। ੧੩੪।

ਮੰਤਰੀ ਨੇ ਕਿਹਾ -
ਰੁਆਲ ਛੰਦ

ਹੇ ਰਾਜਨ! ਸੁਣੋ, ਹੋਰ ਜੋ ਸਾਰੇ ਦੇਸਾਂ ਦੇ ਰਾਜੇ ਜਿਤੇ ਹੋਏ ਹਨ, ਅਤੇ (ਜਿਨ੍ਹਾਂ ਦੇ) ਪਰਮ ਰੂਪ ਅਤੇ ਪਵਿਤ੍ਰ ਸ਼ਰੀਰ ਅਤੇ ਅਪਵਿਤ੍ਰਤਾ ਨੂੰ ਹਰਨ ਵਾਲੇ ਸਰੂਪ ਹਨ। ਇਸ ਤਰ੍ਹਾਂ ਹੇ ਰਾਜਿਆਂ ਦੇ ਸੁਆਮੀ! ਸੁਣੋ, ਉਨ੍ਹਾਂ ਸਾਰਿਆਂ ਤੋਂ ਇਹ ਗੱਲ ਪੁਛੋ। (ਰਾਜੇ ਨੇ ਕਿਹਾ ਹੇ ਮੰਤਰੀ!) ਮੈਂ ਤੈਨੂੰ ਕਹਿੰਦਾ ਹਾਂ ਕਿ ਸਾਰਿਆਂ ਰਾਜਿਆਂ ਨੂੰ ਪੁਛ ਆਓ।੧੨੮।

ਜਦ ਰਾਜੇ ਨੇ ਇਸ ਤਰ੍ਹਾਂ ਬੋਲ ਕਹੇ, ਤਾਂ ਸ੍ਰੇਸ਼ਠ ਮੰਤਰੀ ਸੁਣ ਕੇ ਭਜ ਪਿਆ। ਪੰਜ ਲੱਖ ਰਾਜੇ ਬੁਲਾ ਲਏ ਅਤੇ ਸਾਰੇ ਬੁਲਾਏ ਹੋਇਆਂ ਨੂੰ ਪੁਛਿਆ। ਹੋਰ ਸੱਤ ਲੋਕਾਂ ਵਿਚ (ਕੋਈ ਇਕ ਵੀ ਰਾਜਾ) ਦਸ ਦਿਓ, ਜਿਸ ਜਿਸ ਨੂੰ ਰਾਜੇ ਨੇ ਕ੍ਰੋਧ ਕਰ ਕੇ ਨਹੀਂ ਜਿਤਿਆ ਹੈ।੧੨੯।

ਸਾਰੇ ਹੇਠਾਂ ਨੂੰ ਵੇਖਦੇ ਰਹੇ, ਕਿਸੇ ਨੇ ਵੀ ਵਿਚਾਰ-ਪੂਰਵਕ ਉੱਤਰ ਨਹੀਂ ਦਿੱਤਾ। ਅਜਿਹਾ ਕੌਣ ਧਰਤੀ ਉਤੇ ਰਹਿ ਗਿਆ ਹੈ, ਜਿਸ ਬਾਰੇ ਉਹ ਦਸ ਦੇਣ। ਇਕ ਇਕ ਰਾਜੇ ਨੂੰ ਬੁਲਾ ਬੁਲਾ ਕੇ ਫਿਰ ਸਾਰਿਆਂ ਨੂੰ ਬੁਲਾ ਕੇ ਪੁਛਿਆ। ਕੋਈ ਵੀ ਜਿਤੇ ਬਿਨਾ ਰਿਹਾ ਨਹੀਂ, ਜਿਸ ਦਾ ਠਿਕਾਣਾ ਦਸਿਆ ਜਾ ਸਕੇ।੧੩੦।

ਇਕ ਰਾਜੇ ਨੇ ਕਿਹਾ-
ਰੁਆਲ ਛੰਦ

ਇਕ ਰਾਜੇ ਨੇ ਕਿਹਾ ਹੇ ਰਾਜਨ! ਬਚਨ ਸੁਣ ਲਵੋ। ਜੇ ਮੇਰੀ ਜਾਨ ਬਖ਼ਸ਼ੀ ਕਰ ਦਿਓ, ਤਦ ਹੇ ਸੁੰਦਰ ਨੈਣਾਂ ਵਾਲੇ ਰਾਜਿਆਂ ਦੇ ਰਾਜੇ। (ਇਕ ਗੱਲ ਕਹਿੰਦਾ ਹਾਂ)। ਇਕ ਮੁਨੀ ਮੱਛ ਦੇ ਪੇਟ ਵਿਚ ਹੈ ਅਤੇ ਸਮੁੰਦਰ ਵਿਚ ਰਹਿੰਦਾ ਹੈ। ਹੇ ਰਾਜਨ! ਉਸ ਨੂੰ (ਸਾਰੇ) ਰਾਜੇ ਮੋਹ ਅਤੇ ਬਿਬੇਕ ਦਾ ਭੂਪ ਕਹਿੰਦੇ ਹਨ।੧੩੧।

ਇਕ ਦਿਨ ਜਟਾਧਾਰੀ ਰਾਜੇ ਨੇ ਛੀਰ ਸਮੁੰਦਰ ਵਿਚ ਪ੍ਰਵੇਸ਼ ਕੀਤਾ। ਉਥੇ ਇਕ ਚਿਤਰ ਦੇ ਸਮਾਨ ਸੁੰਦਰ ਰੂਪ ਵਾਲੀ ਚਤੁਰ ਭੇਸ ਵਾਲੀ ਇਸਤਰੀ ਸੀ। ਉਸ ਨੂੰ ਵੇਖ ਕੇ ਸ਼ਿਵ ਦੇ ਅਵਤਾਰ ('ਸਿਵੇਸ'-ਦੱਤ) ਦਾ ਵੀਰਜ ਸਮੁੰਦਰ ਵਿਚ ਡਿਗ ਪਿਆ। ਹੇ ਰਾਜਨ! ਮਛਿੰਦ੍ਰ ਨਾਂ ਦਾ ਯੋਗੀ (ਉਸ ਵੀਰਜ ਤੋਂ ਪੈਦਾ ਹੋ ਕੇ) ਬਾਲਕ ਦਾ ਰੂਪ ਧਾਰ ਕੇ ਮੱਛ ਦੇ ਪੇਟ ਵਿਚ ਬੈਠਾ ਹੈ।੧੩੨।

ਇਸ ਲਈ ਹੇ ਰਾਜਨ! ਉਸ ਪਾਸੋਂ ਬਿਬੇਕ ਦੀ ਸਭ ਗੱਲ ਜਾ ਕੇ ਪੁਛਣੀ ਚਾਹੀਦੀ ਹੈ। (ਉਹੀ) ਤੁਹਾਨੂੰ ਠੀਕ ਦਸੇਗਾ, ਹੇ ਰਾਜਨ ! (ਉਹ) ਹੋਰ ਅਨੇਕ (ਗੱਲਾਂ ਵੀ) ਦਸੇਗਾ। ਜਦੋਂ ਇਸ ਤਰ੍ਹਾਂ ਦੀ ਗੱਲ ਰਾਜਿਆਂ ਦੇ ਅਵਤਾਰ ਰਾਜੇ ਨੇ ਸੁਣੀ, (ਤਦ) ਸੰਸਾਰ ਦੇ ਸਾਰੇ ਜਾਲ ਨਾਲ ਲੈ ਕੇ ਸਮੁੰਦਰ ਵਿਚੋਂ ਲਭਣ ਲਈ ਤੁਰ ਗਿਆ।੧੩੩।

ਭਾਂਤ ਭਾਂਤ ਦੇ ਜਾਲਾਂ ਨੂੰ ਮੰਗਵਾ ਕੇ, ਸਾਰੇ ਦਲ ਨੂੰ ਨਾਲ ਲੈ ਕੇ ਜਿਤ ਦਾ ਨਗਾਰਾ ਵਜਾਉਂਦਾ ਹੋਇਆ ਰਾਜਾ ਚਲ ਪਿਆ, ਜਿਸ ਦੇ ਹਿਰਦੇ ਵਿਚ ਗਰਬ ਪਤਾ ਚਲਦਾ ਸੀ। ਮੰਤਰੀ, ਮਿਤਰ ਅਤੇ ਕੁਮਾਰਾਂ ਨੂੰ ਸਭ ਸੰਪੱਤੀ ਸਹਿਤ (ਸਮੁੰਦਰ) ਵਿਚ ਬੁਲਾ ਲਿਆ ਅਤੇ ਮੱਛ ਵੈਰੀ ਨੂੰ ਡਰਾਉਂਦੇ ਹੋਇਆਂ ਜਿਥੇ ਕਿਥੇ ਸਮੁੰਦਰ ਵਿਚ ਜਾਲ ਪਵਾ ਦਿੱਤੇ।੧੩੪।

ਭਾਤਿ ਭਾਤਨ ਮਛ ਕਛਪ ਅਉਰ ਜੀਵ ਅਪਾਰ।
ਬਧਿ ਜਾਰਨ ਹ੍ਵੈ ਕਢੇ ਤਬ ਤਿਆਗਿ ਪ੍ਰਾਨ ਸੁ ਧਾਰ।
ਸਿੰਧੁ ਤੀਰ ਗਏ ਜਬੈ ਜਲ ਜੀਵ ਏਕੈ ਬਾਰ।
ਐਸ ਭਾਤਿ ਭਏ ਬਖਾਨਤ ਸਿੰਧੁ ਪੈ ਮਤ ਸਾਰ। ੧੩੫।

ਬਿਪ ਕੋ ਧਰਿ ਸਿੰਧੁ ਮੂਰਤਿ ਆਇਯੋ ਤਿਹ ਪਾਸਿ।
ਰਤਨ ਹੀਰ ਪ੍ਰਵਾਲ ਮਾਨਕ ਦੀਨ ਹੈ ਅਨਿਆਸ।
ਜੀਵ ਕਾਹਿ ਸੰਘਾਰੀਐ ਸੁਨਿ ਲੀਜੀਐ ਨ੍ਰਿਪ ਬੈਨ।
ਜਉਨ ਕਾਰਜ ਕੋ ਚਲੇ ਤੁਮ ਸੋ ਨਹੀ ਇਹ ਠੈਨ। ੧੩੬।

ਸਿੰਧੁ ਬਾਚ

ਰੁਆਲ ਛੰਦ

ਛੀਰ ਸਾਗਰ ਹੈ ਜਹਾ ਸੁਨ ਰਾਜ ਰਾਜ ਵਤਾਰ।
ਮਛ ਉਦਰ ਮਛਿੰਦ੍ਰ ਜੋਗੀ ਬੈਠ ਹੈ ਬ੍ਰਤ ਧਾਰਿ।
ਡਾਰਿ ਜਾਰ ਨਿਕਾਰ ਤਾਕਹਿ ਪੂਛ ਲੇਹੁ ਬਨਾਇ।
ਜੋ ਕਹਾ ਸੋ ਕੀਜੀਐ ਨ੍ਰਿਪ ਇਹੀ ਸਤਿ ਉਪਾਇ। ੧੩੭।

ਜੋਰਿ ਬੀਰਨ ਨਾਖ ਸਿੰਧਹ ਆਗ ਚਾਲ ਸੁਬਾਹ।
ਹੂਰ ਪੂਰ ਰਹੀ ਜਹਾ ਤਹਾ ਜਤ੍ਰ ਤਤ੍ਰ ਉਛਾਹ।
ਭਾਤਿ ਭਾਤਿ ਬਜੰਤ੍ਰ ਬਾਜਤ ਅਉਰ ਘੁਰਤ ਨਿਸਾਨ।
ਛੀਰ ਸਿੰਧੁ ਹੁਤੋ ਜਹਾ ਤਿਹ ਠਾਮ ਪਹੁਚੇ ਆਨਿ। ੧੩੮।

ਸੂਤ੍ਰ ਜਾਰ ਬਨਾਇ ਕੈ ਤਿਹ ਮਧਿ ਡਾਰਿ ਅਪਾਰ।
ਅਉਰ ਜੀਵ ਘਨੇ ਗਹੇ ਨ ਵਿਲੋਕਯੋ ਸਿਵ ਬਾਰ।
ਹਾਰਿ ਹਾਰਿ ਫਿਰੇ ਸਬੈ ਭਟ ਆਨਿ ਭੂਪਤਿ ਤੀਰ।
ਅਉਰ ਜੀਵ ਘਨੇ ਗਹੇ ਪਰ ਸੋ ਨ ਪਾਵ ਫਕੀਰ। ੧੩੯।

ਮਛ ਪੇਟਿ ਮਛਿੰਦ੍ਰ ਜੋਗੀ ਬੈਠ ਹੈ ਬਿਨੁ ਆਸ।
ਜਾਰ ਭੇਟ ਸਕੈ ਨ ਵਾ ਕੋ ਮੋਨਿ ਅੰਗ ਸੁ ਬਾਸ।
ਏਕ ਜਾਰ ਸੁਨਾ ਨਯੋ ਤਿਹ ਡਾਰੀਐ ਅਬਿਚਾਰ।
ਸਤਿ ਬਾਤ ਕਹੋ ਤੁਮੈ ਸੁਨਿ ਰਾਜ ਰਾਜ ਵਤਾਰ। ੧੪੦।

ਗਿਆਨ ਨਾਮੁ ਸੁਨਾ ਹਮੋ ਤਿਹ ਜਾਰ ਕੋ ਨ੍ਰਿਪ ਰਾਇ।
ਤਉਨ ਤਾ ਮੈ ਡਾਰਿ ਕੈ ਮੁਨਿ ਰਾਜ ਲੇਹੁ ਗਹਾਇ।
ਯੌ ਨ ਹਾਥਿ ਪਰੇ ਮੁਨੀਸੁਰ ਬੀਤ ਹੈ ਬਹੁ ਬਰਖ।
ਸਤਿ ਬਾਤ ਕਹੌ ਤੁਮੈ ਸੁਨ ਲੀਜੀਐ ਭਰਤਰਖ। ੧੪੧।

ਯੌ ਨ ਪਾਨਿ ਪਰੇ ਮੁਨਾਬਰ ਹੋਹਿੰ ਕੋਟਿ ਉਪਾਇ।
ਡਾਰ ਕੇ ਤੁਮ ਗ੍ਯਾਨ ਜਾਰ ਸੁ ਤਾਸੁ ਲੇਹੁ ਗਹਾਇ।
ਗ੍ਯਾਨ ਜਾਰ ਜਬੈ ਨ੍ਰਿਪੰਬਰ ਡਾਰ੍ਯੋ ਤਿਹ ਬੀਚ।
ਤਉਨ ਜਾਰ ਗਹੋ ਮੁਨਾਬਰ ਜਾਨੁ ਦੂਜ ਦਧੀਚ। ੧੪੨।

ਭਾਂਤ ਭਾਂਤ ਦੇ ਮੱਛ, ਕੱਛੂਏ ਅਤੇ ਹੋਰ ਅਪਾਰ ਜੀਵ ਜਾਲਾਂ ਵਿਚ ਬੰਨ੍ਹ ਕੇ (ਬਾਹਰ) ਕਢੇ, ਤਦ (ਉਹ) ਪ੍ਰਾਣ ਤਿਆਗ ਕੇ ਚਲੇ ਗਏ। (ਅਜਿਹੀ ਸੰਕਟ ਦੀ ਘੜੀ ਵਿਚ) ਸਾਰੇ ਜੀਵ ਇਕੋ ਵਾਰ ਇਕੱਠੇ ਹੋ ਕੇ ਸਮੁੰਦਰ ਪਾਸ ਚਲੇ ਗਏ। (ਉਹ ਸਾਰੇ) ਸ੍ਰੇਸ਼ਠ ਮਤ ਵਾਲੇ ਸਮੁੰਦਰ ਪ੍ਰਤਿ ਇਸ ਤਰ੍ਹਾਂ ਕਹਿਣ ਲਗੇ।੧੩੫।

ਸਮੁੰਦਰ ਬ੍ਰਾਹਮਣ ਰੂਪ ਧਾਰ ਕੇ ਉਸ (ਰਾਜੇ) ਪਾਸ ਆ ਗਿਆ। (ਉਸ ਨੇ) ਬਿਨਾ ਯਤਨ ਕੀਤੇ ਰਤਨ, ਹੀਰੇ, ਪ੍ਰਬਲ ਅਤੇ ਮਾਣਕ ਲਿਆ ਦਿੱਤੇ (ਅਤੇ ਕਿਹਾ--) ਹੇ ਰਾਜਨ! (ਮੇਰੀ) ਗੱਲ ਸੁਣੋ, ਜੀਵਾਂ ਨੂੰ ਕਿਸ ਲਈ ਮਾਰ ਰਹੇ ਹੋ। ਜਿਸ ਕਾਰਜ ਲਈ ਤੁਸੀਂ ਚਲ ਕੇ ਆਏ ਹੋ, ਉਹ ਇਸ ਸਾਥਾਨ ਤੇ ਨਹੀਂ ਹੈ।੧੩੬।

ਸਮੁੰਦਰ ਨੇ ਕਿਹਾ -

ਰੁਆਲ ਛੰਦ

ਹੇ ਰਾਜਿਆਂ ਦੇ ਅਵਤਾਰ ਰਾਜਾ! ਸੁਣੋ, ਜਿਥੇ ਛੀਰ ਸਮੁੰਦਰ ਹੈ, (ਉਥੇ) ਮੱਛ ਦੇ ਪੇਟ ਵਿਚ ਮਛਿੰਦ੍ਰ ਜੋਗੀ ਬ੍ਰਤ ਧਾਰ ਕੇ ਬੈਠਾ ਹੈ। ਉਸ ਨੂੰ ਜਾਲ ਪਾ ਕੇ ਕਢੋ ਅਤੇ ਚੰਗੀ ਤਰ੍ਹਾਂ ਪੁਛ ਲਵੋ। ਹੇ ਰਾਜਨ! ਜੋ ਮੈਂ ਕਿਹਾ ਹੈ, ਉਹੀ ਕਰੋ। ਇਹੀ ਉਪਾ ਸੱਚਾ ਹੈ। ੧੩੭।

(ਸਾਰੇ) ਸੂਰਮਿਆਂ ਨੂੰ ਜੋੜ ਕੇ ਅਤੇ ਸਮੁੰਦਰ ਨੂੰ ਲੰਘ ਕੇ ਰਾਜਾ ਅਗੇ ਤੁਰ ਚਲਿਆ। ਜਿਥੇ ਕਿਥੇ ਹੂਰਾਂ ਭਰੀਆਂ ਪਈਆਂ ਸਨ ਅਤੇ ਇਧਰ ਉਧਰ ਉਤਸਾਹ ਛਾਇਆ ਹੋਇਆ ਸੀ। ਭਾਂਤ ਭਾਂਤ ਦੇ ਵਾਜੇ ਵਜਦੇ ਸਨ ਅਤੇ ਧੌਂਸੇ ਗੂੰਜ ਰਹੇ ਸਨ। ਜਿਥੇ ਛੀਰ ਸਮੁੰਦਰ ਸੀ, ਉਥੇ ਆ ਪਹੁੰਚੇ। ੧੩੮।

ਸੂਤਰ ਦਾ ਜਾਲ ਬਣਾ ਕੇ, ਉਸ ਅਪਾਰ (ਸਮੁੰਦਰ) ਵਿਚ ਪਵਾ ਦਿੱਤਾ। ਹੋਰ ਬਹੁਤ ਸਾਰੇ ਜੀਵ ਪਕੜ ਲਏ ਪਰ ਸ਼ਿਵ ਦਾ ਬਾਲਕ (ਮਛਿੰਦ੍ਰ) ਨ ਦਿਸਿਆ। ਸਾਰੇ ਸੂਰਮੇ (ਜਾਲ ਪਾ ਪਾ ਕੇ) ਹਾਰੇ ਹੋਏ ਫਿਰਦੇ ਫਿਰਦੇ ਰਾਜੇ ਕੋਲ ਆ ਗਏ (ਅਤੇ ਕਹਿਣ ਲਗੇ) ਹੋਰ ਜੀਵ ਤਾਂ ਬਹੁਤ ਪਕੜੇ ਗਏ ਹਨ, ਪਰ ਉਹ ਫਕੀਰ (ਜੋਗੀ) ਪ੍ਰਾਪਤ ਨਹੀਂ ਹੋਇਆ।੧੩੯।

ਮੱਛ ਦੇ ਪੇਟ ਵਿਚ ਮਛਿੰਦ੍ਰ ਜੋਗੀ ਆਸ-ਰਹਿਤ ਹੋ ਕੇ ਬੈਠਾ ਹੈ। ਜਾਲ ਉਸ ਨੂੰ ਛੋਹ ਤਕ ਨਹੀਂ ਸਕਦਾ ਕਿਉਂਕਿ ਉਹ ਮੋਨੀ ਸ਼ਰੀਰ ਵਿਚ ਵਸਦਾ ਹੈ। ਇਕ ਹੋਰ ਨਵਾਂ ਜਾਲ ਸੁਣਿਆ ਹੈ, ਉਸ ਨੂੰ ਬਿਨਾ ਵਿਚਾਰੇ ਪਾਣਾ ਚਾਹੀਦਾ ਹੈ। ਹੇ ਰਾਜਿਆਂ ਦੇ ਅਵਤਾਰ ਰਾਜਨ! ਸੁਣੋ, (ਮੈਂ) ਤੁਹਾਨੂੰ ਸੱਚੀ ਗੱਲ ਕਹਿੰਦਾ ਹਾਂ।੧੪੦।

ਹੇ ਰਾਜਨ! ਅਸੀਂ ਉਸ ਜਾਲ ਦਾ ਨਾਂ 'ਗਿਆਨ' ਸੁਣਿਆ ਹੈ। ਉਸ ਨੂੰ ਉਸ (ਸਮੁੰਦਰ) ਵਿਚ ਪਾ ਕੇ ਮੁਨੀ ਰਾਜ (ਮਛਿੰਦ੍ਰ) ਨੂੰ ਪਕੜ ਲਵੋ। ਇਨ੍ਹਾਂ ਸਾਧਨਾਂ ਨਾਲ ਮੁਨੀਸਰ ਹੱਥ ਨਹੀਂ ਲਗੇਗਾ, ਭਾਵੇਂ ਬਹੁਤ ਹੀ ਵਰ੍ਹੇ ਕਿਉਂ ਨ ਬੀਤ ਜਾਣ। ਹੇ ਭਰਤਰਖ! (ਮੈਂ) ਤੁਹਾਨੂੰ ਸੱਚੀ ਗੱਲ ਕਹਿੰਦਾ ਹਾਂ, ਸੁਣ ਲਵੋ।੧੪੧।

ਇਸ ਤਰ੍ਹਾਂ ਮੁਨੀਸਰ ਹੱਥ ਨਹੀਂ ਲਗਣਾ, ਭਾਵੇਂ ਕਰੋੜਾਂ ਉਪਾ ਕਿਉਂ ਨ ਹੋਣ। ਤੁਸੀਂ ਗਿਆਨ ਦਾ ਜਾਲ ਪਾ ਕੇ ਉਸ ਨੂੰ ਪਕੜ ਲਵੋ। ਜਦ ਸ੍ਰੇਸ਼ਠ ਰਾਜੇ (ਪਾਰਸ ਨਾਥ) ਨੇ ਉਸ ਵਿਚ ਗਿਆਨ ਦਾ ਜਾਲ ਪਾ ਦਿੱਤਾ। ਉਸ ਜਾਲ ਨੇ ਮੁਨੀਸਰ ਨੂੰ ਪਕੜ ਲਿਆ, ਮਾਨੋ ਦੂਜਾ ਦਧੀਚ (ਪੈਦਾ ਹੋ ਗਿਆ ਹੋਵੇ)।੧੪੨।

ਮਛ ਸਹਿਤ ਮਛਿੰਦ੍ਰ ਜੋਗੀ ਬਧਿ ਜਾਰ ਮਝਾਰ।
ਮਛ ਲੋਕ ਬਿਲੋਕਿ ਕੈ ਸਬ ਹ੍ਵੈ ਗਏ ਬਿਸੰਭਾਰ।
ਦ੍ਵੈ ਮਹੂਰਤ ਬਿਤੀ ਜਬੈ ਸੁਧਿ ਪਾਇ ਕੈ ਕਛੁ ਅੰਗਿ।
ਭੂਪ ਦ੍ਵਾਰ ਗਏ ਸਭੈ ਭਟ ਬਾਧਿ ਅਸਤ੍ਰ ਉਤੰਗ। ੧੪੩।

ਮਛ ਉਦਰ ਲਗੇ ਸੁ ਚੀਰਨ ਕਿਉਹੂੰ ਨ ਚੀਰਾ ਜਾਇ।
ਹਾਰਿ ਹਾਰਿ ਪਰੈ ਜਬੈ ਤਬ ਪੂਛ ਮਿਤ੍ਰ ਬੁਲਾਇ।
ਅਉਰ ਕਉਨ ਬਿਚਾਰੀਐ ਉਪਚਾਰ ਤਾਕਰ ਆਜ।
ਦ੍ਰਿਸਟਿ ਜਾ ਤੇ ਪਰੈ ਮੁਨੀਸ੍ਵਰ ਸਰੇ ਹਮਰੋ ਕਾਜੁ। ੧੪੪।

ਦੋਹਰਾ

ਮਛ ਪੇਟ ਕਿਹੂੰ ਨ ਫੁਟੇ ਸਬ ਕਰ ਹਟੇ ਉਪਾਇ।
ਗ੍ਯਾਨ ਗੁਰੂ ਤਿਨ ਕੋ ਹੁਤੋ ਪੂਛਾ ਤਹਿ ਬਨਾਇ। ੧੪੫।

ਤੋਟਕ ਛੰਦ

ਭਟ ਤ੍ਯਾਗ ਕੈ ਸਬ ਗਰਬ। ਨ੍ਰਿਪ ਤੀਰ ਬੋਲੋ ਸਰਬ।
ਨ੍ਰਿਪ ਪੂਛੀਐ ਗੁਰ ਗ੍ਯਾਨ। ਕਹਿ ਦੇਇ ਤੋਹਿ ਬਿਧਾਨ। ੧੪੬।

ਬਿਧਿ ਪੂਰਿ ਕੈ ਸੁਭ ਚਾਰ। ਅਰੁ ਗ੍ਯਾਨ ਰੀਤਿ ਬਿਚਾਰਿ।
ਗੁਰ ਭਾਖੀਐ ਮੁਹਿ ਭੇਵ। ਕਿਮ ਦੇਖੀਐ ਮੁਨਿ ਦੇਵ। ੧੪੭।

ਗੁਰ ਗ੍ਯਾਨ ਬੋਲ੍ਯੋ ਬੈਨ। ਸੁਭ ਬਾਚ ਸੋ ਸੁਖ ਦੈਨ।
ਛੁਰਕਾ ਬਿਬੇਕ ਲੈ ਹਾਥ। ਇਹ ਫਾਰੀਐ ਤਿਹ ਸਾਥ। ੧੪੮।

ਤਬ ਕਾਮ ਤੈਸੋ ਈ ਕੀਨ। ਗੁਰ ਗ੍ਯਾਨ ਜ੍ਯੋਂ ਸਿਖ ਦੀਨ।
ਗਹਿ ਕੈ ਬਿਬੇਕਹਿ ਹਾਥ। ਤਿਹ ਚੀਰਿਆ ਤਿਹ ਸਾਥ। ੧੪੯।

ਜਬ ਚੀਰਿ ਪੇਟ ਬਨਾਇ। ਤਬ ਦੇਖਏ ਜਗ ਰਾਇ।
ਜੁਤ ਧ੍ਯਾਨ ਮੁੰਦ੍ਰਤ ਨੈਨ। ਬਿਨੁ ਆਸ ਚਿਤ ਨ ਡੁਲੈਨ। ੧੫੦।

ਸਤ ਧਾਤ ਪੁਤ੍ਰਾ ਕੀਨ। ਮੁਨਿ ਦ੍ਰਿਸਟਿ ਤਰ ਧਰ ਦੀਨ।
ਜਬ ਛੂਟਿ ਰਿਖਿ ਕੇ ਧ੍ਯਾਨ। ਤਬ ਭਏ ਭਸਮ ਪ੍ਰਮਾਨ। ੧੫੧।

ਜੋ ਅਉਰ ਦ੍ਰਿਗ ਤਰਿ ਆਉ। ਸੋਊ ਜੀਅਤ ਜਾਨ ਨ ਪਾਉ।
ਸੋ ਭਸਮ ਹੋਵਤ ਜਾਨੁ। ਬਿਨੁ ਪ੍ਰੀਤਿ ਭਗਤ ਨ ਮਾਨੁ। ੧੫੨।

ਜਬ ਭਏ ਪੁਤ੍ਰਾ ਭਸਮ। ਜਨ ਅੰਧਤਾ ਰਵਿ ਰਸਮ।
ਪੁਨਿ ਪੂਛੀਆ ਤਿਹਾ ਜਾਇ। ਮੁਨਿ ਰਾਜ ਭੇਦ ਬਤਾਇ। ੧੫੩।

ਮੱਛ ਸਮੇਤ ਮਛਿੰਦ੍ਰ ਜੋਗੀ ਨੂੰ ਜਾਲ ਵਿਚ ਬੰਨ੍ਹ ਲਿਆ। ਮੱਛ ਨੂੰ ਵੇਖ ਕੇ ਸਾਰੇ ਲੋਕ ਸੁਧ ਬੁਧ ਖੋਹ ਬੈਠੇ। ਦੋ ਮਹੂਰਤ ਬੀਤਣ ਤੇ ਜਦ ਸ਼ਰੀਰਾਂ ਦੀ ਕੁਝ ਸੁੱਧ ਪਾ ਸਕੇ, (ਤਦ) ਸਾਰੇ ਸੂਰਮੇ ਸੁੰਦਰ ਅਸਤ੍ਰ ਸ਼ਸਤ੍ਰ ਬੰਨ੍ਹ ਕੇ ਰਾਜੇ ਦੇ ਦੁਆਰ ਉਤੇ ਗਏ।੧੪੩।

ਉਹ (ਸਾਰੇ) ਮੱਛ ਦਾ ਪੇਟ ਚੀਰਨ ਲਗੇ, ਪਰ ਕਿਸੇ ਤਰ੍ਹਾਂ ਵੀ ਚੀਰਿਆ ਨਹੀਂ ਜਾ ਸਕਿਆ। ਜਦ ਸਾਰੇ ਹਾਰ ਹਾਰ ਕੇ ਬਸ ਕਰ ਗਏ, ਤਦ ਮਿਤਰ ਨੂੰ ਬੁਲਾ ਕੇ ਪੁਛਿਆ। (ਉਸ ਨੂੰ ਚੀਰਨ ਲਈ) ਅਜ ਹੋਰ ਕੋਈ ਯਤਨ (ਉਪਚਾਰ) ਵਿਚਾਰਨਾ ਚਾਹੀਦਾ ਹੈ, (ਜਿਸ ਕਰ ਕੇ) ਮੁਨੀਸਰ (ਸਾਡੀ) ਨਜ਼ਰ ਪੈ ਜਾਏ ਅਤੇ ਸਾਡੇ ਕੰਮ ਸੰਵਰ ਜਾਣ।੧੪੪।

ਦੋਹਰਾ

ਮੱਛ ਦਾ ਪੇਟ ਕਿਸੇ ਤਰ੍ਹਾਂ ਵੀ ਨ ਫਟਿਆ, ਸਾਰੇ ਹੀ ਯਤਨ ਕਰ ਕੇ ਥਕ ਗਏ। (ਫਿਰ) ਉਨ੍ਹਾਂ ਦਾ 'ਗਿਆਨ' (ਨਾਂ ਦਾ) ਗੁਰੂ ਸੀ, ਉਸ ਨੂੰ ਜਾ ਕੇ ਪੁਛਿਆ।੧੪੫।

ਤੋਟਕ ਛੰਦ

ਸੂਰਮੇ ਸਾਰਾ ਗਰਬ ਛਡ ਕੇ ਰਾਜੇ ਕੋਲ ਜਾ ਕੇ ਕਹਿਣ ਲਗੇ।ਹੇ ਰਾਜਨ! 'ਗਿਆਨ' (ਨਾਂ ਵਾਲੇ) ਗੁਰੂ ਨੂੰ ਪੁਛ ਵੇਖੋ, ਉਹ ਤੁਹਾਨੂੰ (ਸ਼ਾਇਦ) ਕੋਈ ਢੰਗ ਜਾਂ ਜੁਗਤ ਦਸ ਦੇਵੇ।੧੪੬।

ਸ਼ੁਭ ਆਚਾਰ ਦੀ ਵਿਧੀ ਪੂਰੀ ਕਰ ਕੇ ਅਤੇ ਗਿਆਨ ਦੀ ਰੀਤ ਵਿਚਾਰ ਕੇ (ਰਾਜੇ ਨੇ ਕਿਹਾ--) ਹੇ ਗੁਰਦੇਵ! ਮੈਨੂੰ (ਉਹ) ਭੇਦ ਦਸ ਦਿਓ ਕਿ ਕਿਵੇਂ ਮੁਨੀ ਦੇਵ ਦੇ ਦਰਸ਼ਨ ਪ੍ਰਾਪਤ ਕਰਾਂ।੧੪੭।

'ਗਿਆਨ' ਗੁਰੂ ਨੇ ਸ਼ੁਭ ਅਤੇ ਸੁਖ ਦੇਣ ਵਾਲੇ ਬਚਨ ਕਹੇ। (ਹੇ ਰਾਜਨ!) ਬਿਬੇਕ ਦਾ ਛੁਰਾ ਹੱਥ ਵਿਚ ਲੈ ਲਵੋ। ਉਸ ਨਾਲ (ਇਸ ਮੱਛ ਦਾ) ਪੇਟ ਫਾੜੋ।੧੪੮।

ਤਦ ਉਸੇ ਤਰ੍ਹਾਂ ਕੰਮ ਕੀਤਾ ਜਿਵੇਂ 'ਗਿਆਨ' ਗੁਰੂ ਨੇ ਸਿਖਿਆ ਦਿੱਤੀ ਸੀ। ਹੱਥ ਵਿਚ ਬਿਬੇਕ (ਦੇ ਛੁਰੇ ਨੂੰ) ਪਕੜ ਕੇ, ਉਸ ਨਾਲ ਉਸ ਨੂੰ ਚੀਰ ਦਿੱਤਾ। ੧੪੯।

ਜਦ (ਮੱਛ ਦਾ) ਪੇਟ ਚੰਗੀ ਤਰ੍ਹਾਂ ਚੀਰਿਆ ਗਿਆ ਤਦ ਜਗਤ ਦੇ ਰਾਜੇ (ਮਛਿੰਦ੍ਰ) ਨੂੰ ਵੇਖਿਆ। (ਉਸ ਨੇ) ਧਿਆਨ ਵਿਚ ਅੱਖਾਂ ਬੰਦ ਕੀਤੀਆਂ ਹੋਈਆਂ ਸਨ ਅਤੇ ਆਸ ਤੋਂ ਰਹਿਤ ਹੋਏ ਦਾ ਚਿਤ ਡੋਲਦਾ ਨਹੀਂ ਸੀ।੧੫੦।

ਸੱਤ ਧਾਤਾਂ ਦਾ ਇਕ ਪੁਤਲਾ ਬਣਾ ਲਿਆ। (ਉਸ ਨੂੰ) ਮੁਨੀ ਦੀ ਨਜ਼ਰ ਹੇਠਾਂ ਰੱਖ ਦਿੱਤਾ। ਜਦ ਰਿਸ਼ੀ (ਮੁਨੀ) ਦਾ ਧਿਆਨ ਛੁਟਿਆ, ਤਦ (ਉਹ ਪੁਤਲਾ) ਭਸਮ ਹੋ ਗਿਆ।੧੫੧।

ਜੇ ਹੋਰ ਕੋਈ ਅੱਖਾਂ ਤਲੇ ਆ ਜਾਂਦਾ, ਉਹ ਵੀ ਜੀਉਂਦਾ ਨ ਬਚਦਾ। (ਬਸ) ਜਾਣ ਲਵੋ, ਉਹ ਵੀ ਭਸਮ ਹੋ ਜਾਂਦਾ। ਭਗਵਾਨ ਦੀ ਭਗਤੀ ਪ੍ਰੀਤ ਤੋਂ ਬਿਨਾ ਨਹੀਂ ਹੋ ਸਕਦੀ।੧੫੨।

ਜਦ ਪੁਤਲਾ ਭਸਮ ਹੋ ਗਿਆ, (ਤਦ ਇੰਜ ਪ੍ਰਤੀਤ ਹੋਣ ਲਗਾ) ਮਾਨੋ ਸੂਰਜ ਦੀਆਂ ਕਿਰਨਾਂ ਨੇ ਹਨੇਰੇ ਨੂੰ (ਨਸ਼ਟ ਕਰ ਦਿੱਤਾ ਹੋਵੇ)। ਫਿਰ ਉਸ ਪਾਸੋਂ ਜਾ ਕੇ ਪੁਛਿਆ ਕਿ ਹੇ ਮੁਨੀਰਾਜ! (ਸਾਰਾ) ਭੇਦ ਦਸ ਦਿਓ।੧੫੩।

ਨਰਾਜ ਛੰਦ

ਕਉਨ ਭੂਪ ਭੂਮਿ ਮੈ ਬਤਾਇ ਮੋਹਿ ਦੀਜੀਯੈ।
ਜੋ ਮੋਹਿ ਤ੍ਰਾਸਿ ਨ ਤ੍ਰਸ੍ਯੋ ਕ੍ਰਿਪਾ ਰਿਖੀਸ ਕੀਜੀਯੈ।
ਸੁ ਅਉਰ ਕਉਨ ਹੈ ਹਠੀ ਸੁ ਜਉਨ ਮੋ ਨ ਜੀਤਿਯੋ।
ਅਤ੍ਰਾਸ ਕਉਨ ਠਉਰ ਹੈ ਜਹਾ ਨ ਮੋਹ ਬੀਤਿਯੋ। ੧੫੪।

ਨ ਸੰਕ ਚਿਤ ਆਨੀਯੈ ਨਿਸੰਕ ਭਾਖ ਦੀਜੀਯੈ।
ਸੁ ਕੋ ਅਜੀਤ ਹੈ ਰਹਾ ਉਚਾਰ ਤਾਸੁ ਕੀਜੀਯੈ।
ਨਰੇਸ ਦੇਸ ਦੇਸ ਕੇ ਅਸੇਸ ਜੀਤ ਮੈ ਲੀਏ।
ਛਿਤੇਸ ਭੇਸ ਭੇਸ ਕੇ ਗੁਲਾਮ ਆਨਿ ਹੂਐ ਰਹੇ। ੧੫੫।

ਅਸੇਖ ਰਾਜ ਕਾਜ ਮੋ ਲਗਾਇ ਕੈ ਦੀਏ।
ਅਨੰਤ ਤੀਰਥ ਨਾਤਿ ਕੈ ਅਛਿਨ ਪੁਨ ਮੈ ਕੀਏ।
ਅਨੰਤ ਛਤ੍ਰੀਆਨ ਛੈ ਦੁਰੰਤ ਰਾਜ ਮੈ ਕਰੋ।
ਸੋ ਕੋ ਤਿਹੁੰ ਜਹਾਨ ਮੈ ਸਮਾਜ ਜਉਨ ਤੇ ਟਰੋ। ੧੫੬।

ਅਨੰਗ ਰੰਗ ਰੰਗ ਕੇ ਸੁਰੰਗ ਬਾਜ ਮੈ ਹਰੇ।
ਬਸੇਖ ਰਾਜਸੂਇ ਜਗ ਬਾਜਮੇਧ ਮੈ ਕਰੇ।
ਨ ਭੂਮਿ ਐਸ ਕੋ ਰਹੀ ਨ ਜਗ ਖੰਭ ਜਾਨੀਯੈ।
ਜਗਤ੍ਰ ਕਰਣ ਕਾਰਣ ਕਰਿ ਦੁਤੀਯ ਮੋਹਿ ਮਾਨੀਯੈ। ੧੫੭।

ਸੁ ਅਤ੍ਰ ਛਤ੍ਰ ਜੇ ਧਰੇ ਸੁ ਛਤ੍ਰ ਸੂਰ ਸੇਵਹੀ।
ਅਦੰਡ ਖੰਡ ਖੰਡ ਕੇ ਸੁਦੰਡ ਮੋਹਿ ਦੇਵ ਹੀ।
ਸੁ ਐਸ ਅਉਰ ਕੌਨ ਹੈ ਪ੍ਰਤਾਪਵਾਨ ਜਾਨੀਐ।
ਤ੍ਰਿਲੋਕ ਆਜ ਕੇ ਬਿਖੈ ਜੋਗਿੰਦਰ ਮੋਹਿ ਮਾਨੀਐ। ੧੫੮।

ਮਛਿੰਦ੍ਰ ਬਾਚ ਪਾਰਸਨਾਥ ਸੋ

ਸਵੈਯਾ

ਕਹਾ ਭਯੋ ਜੋ ਸਭ ਹੀ ਜਗ ਜੀਤਿ ਸੁ ਲੋਗਨ ਕੋ ਬਹੁ ਤ੍ਰਾਸ ਦਿਖਾਯੋ।
ਅਉਰ ਕਹਾ ਜੁ ਪੈ ਦੇਸ ਬਿਦੇਸਨ ਮਾਹਿ ਭਲੇ ਗਜ ਗਾਹਿ ਬਧਾਯੋ।
ਜੋ ਮਨੁ ਜੀਤਤ ਹੈ ਸਭ ਦੇਸ ਵਹੈ ਤੁਮਰੈ ਨ੍ਰਿਪ ਹਾਥਿ ਨ ਆਯੋ।
ਲਾਜ ਗਈ ਕਛੁ ਕਾਜ ਸਰ੍ਯੋ ਨਹੀ ਲੋਕ ਗਯੋ ਪਰਲੋਕ ਨ ਪਾਯੋ। ੧੫੯।

ਭੂਮਿ ਕੋ ਕਉਨ ਗੁਮਾਨ ਹੈ ਭੂਪਤਿ ਸੋ ਨਹੀ ਕਾਹੂੰ ਕੇ ਸੰਗ ਚਲੈ ਹੈ।
ਹੈ ਛਲਵੰਤ ਬਡੀ ਬਸੁਧਾ ਯਹਿ ਕਾਹੂੰ ਕੀ ਹੈ ਨਹ ਕਾਹੂੰ ਹੁਐ ਹੈ।
ਭਉਨ ਭੰਡਾਰ ਸਬੈ ਬਰ ਨਾਰਿ ਸੁ ਅੰਤਿ ਤੁਝੈ ਕੋਊ ਸਾਥ ਨ ਦੈ ਹੈ।
ਆਨ ਕੀ ਬਾਤ ਚਲਾਤ ਹੋ ਕਾਹੇ ਕਉ ਸੰਗਿ ਕੀ ਦੇਹ ਨ ਸੰਗਿ ਸਿਧੈ ਹੈ। ੧੬੦।

ਨਰਾਜ ਛੰਦ

ਹੇ ਮੁਨੀਸਰ! ਮੈਨੂੰ ਦਸ ਦਿਓ ਕਿ ਭੂਮੀ ਉਤੇ ਕਿਹੜਾ ਰਾਜਾ ਹੈ ਜੋ ਮੇਰੇ ਡਰ ਨਾਲ ਡਰਿਆ ਨਹੀਂ ਹੈ। ਇਹ ਗੱਲ (ਦਸਣ ਦੀ) ਕ੍ਰਿਪਾ ਕਰੋ। ਹੋਰ ਕਿਹੜਾ ਹਠੀ ਸੂਰਮਾ ਹੈ ਜਿਸ ਨੂੰ ਮੈਂ ਜਿਤਿਆ ਨਹੀਂ ਹੈ। ਡਰ ਤੋਂ ਰਹਿਤ ਕਿਹੜਾ ਸਥਾਨ ਹੈ ਜਿਥੇ ਮੇਰਾ (ਡਰ) ਨਹੀਂ ਗੁਜ਼ਰਿਆ ਹੈ।੧੫੪।

ਚਿਤ ਵਿਚ ਸ਼ੰਕਾ ਨ ਲਿਆਓ, ਨਿਸੰਗ ਹੋ ਕੇ ਦਸ ਦਿਓ। ਸੋ ਕੌਣ ਅਜਿਤ ਰਹਿ ਗਿਆ ਹੈ, ਉਸ ਬਾਰੇ ਦਸ ਦਿਓ। ਦੇਸਾਂ ਦੇਸਾਂ ਦੇ ਸਾਰੇ ਰਾਜੇ ਮੈਂ ਜਿਤ ਲਏ ਹਨ। ਵਖ ਵਖ ਭੇਖਾਂ ਵਾਲੇ ਰਾਜੇ ਮੇਰੇ ਗੁਲਾਮ ਹੋ ਕੇ ਆ ਗਏ ਹਨ।੧੫੫।

(ਸਾਰਿਆਂ ਰਾਜਿਆਂ ਨੂੰ) ਮੈਂ ਰਾਜ-ਕਾਰਜ ਵਿਚ ਲਗਾ ਦਿੱਤਾ ਹੈ। ਅਨੰਤ ਤੀਰਥਾਂ ਵਿਚ ਇਸ਼ਨਾਨ ਕਰ ਕੇ, ਨ ਛੀਣ ਹੋਣ ਵਾਲੇ ('ਅਛਿਨ') ਪੁੰਨ ਮੈਂ ਕੀਤੇ ਹਨ। ਅਨੰਤ ਛਤ੍ਰੀਆਂ ਨੂੰ ਮਾਰ ਕੇ ਮੈਂ ਅਟਲ ('ਦੁਰੰਤ') ਰਾਜ ਕਰਦਾ ਹਾਂ। ਤਿੰਨ ਜਹਾਨਾਂ ਵਿਚ ਉਹ ਕੌਣ ਹੈ? ਜਿਸ ਦੇ ਰਾਜ-ਸਮਾਜ (ਸੈਨਿਕ ਸ਼ਕਤੀ) ਨਾਲ (ਲੋਹਾ ਲੈਣੋ) ਮੈਂ ਟਲਦਾ ਹੋਵਾਂ।੧੫੬।

ਬੇਸ਼ੁਮਾਰ ਰੰਗਾਂ ਵਾਲੇ ਅਤੇ ਸੁੰਦਰ ਸਰੂਪ ਵਾਲੇ ਘੋੜੇ ਮੈਂ ਖੋਹ ਲਏ ਹਨ। ਵਿਸ਼ੇਸ਼ ('ਬਸੇਖ') ਰਾਜ-ਸੂਅ ਅਤੇ ਅਸ੍ਵਮੇਧ ਯੱਗ ਮੈਂ ਕੀਤੇ ਹਨ। ਅਜਿਹੀ ਕੋਈ ਭੂਮੀ ਨਹੀਂ ਰਹੀ, ਜਿਥੇ (ਮੇਰੇ) ਯੱਗ ਦਾ ਖੰਭਾ (ਗਡਿਆ ਹੋਇਆ) ਨ ਜਾਣਿਆ ਜਾਂਦਾ ਹੋਵੇ। ਜਗਤ ਦੇ ਕਰਨ ਕਾਰਨ ਵਾਲਾ ਮੈਨੂੰ (ਪ੍ਰਭੂ ਤੋਂ ਬਾਦ) ਦੂਜਾ ਮੰਨਣਾ ਚਾਹੀਦਾ ਹੈ।੧੫੭।

ਜੋ ਅਸਤ੍ਰ ਅਤੇ ਛੱਤਰ ਧਾਰਨ ਕਰਨ ਵਾਲੇ (ਰਾਜੇ) ਹਨ, ਉਹ ਛਤ੍ਰੀ ਸ਼ੂਰਵੀਰ (ਮੇਰੀ) ਸੇਵਾ ਕਰਦੇ ਹਨ। ਜੋ ਖੰਡ ਖੰਡ ਦੇ ਅਦੰਡ (ਰਾਜੇ) ਹਨ, ਉਹ ਮੈਨੂੰ ਦੰਡ (ਕਰ) ਦਿੰਦੇ ਹਨ (ਅਰਥਾਤ ਅਧੀਨਗੀ ਸਵੀਕਾਰ ਕਰਦੇ ਹਨ)। ਸੋ ਇਸ ਵੇਲੇ ਹੋਰ ਕੌਣ ਹੈ? ਜਿਸ ਨੂੰ ਪ੍ਰਤਾਪੀ ਜਾਣਿਆ ਜਾਵੇ। ਹੇ ਜੋਗੀ ਰਾਜ! ਤਿੰਨਾਂ ਲੋਕਾਂ ਵਿਚ ਮੈਨੂੰ ਹੀ ਮੰਨਿਆ ਜਾਂਦਾ ਹੈ।੧੫੮।

ਮਛਿੰਦ੍ਰ ਨੇ ਕਿਹਾ, ਪਾਰਸ ਨਾਥ ਨੂੰ

ਸਵੈਯਾ

ਕੀ ਹੋਇਆ ਜੇ ਸਾਰੇ ਹੀ ਜਗਤ ਨੂੰ ਜਿਤ ਕੇ ਲੋਕਾਂ ਨੂੰ ਬਹਤੁ ਡਰ ਵਿਖਾਇਆ ਹੈ। ਹੋਰ ਕੀ (ਹੋਇਆ) ਜੇ ਦੇਸਾਂ ਬਿਦੇਸਾਂ ਵਿਚ ਹਾਥੀਆਂ ਨੂੰ ਚੰਗੀ ਤਰ੍ਹਾਂ ਸੁਸਜਿਤ ਕਰ ਕੇ ਧੌਂਸਾ ਵਜਾ ਲਿਆ ਹੈ। ਜਿਹੜਾ ਮਨ ਸਾਰੇ ਦੇਸਾਂ ਨੂੰ ਜਿਤਦਾ ਹੈ, ਉਹ (ਮਨ) ਹੇ ਰਾਜਨ! ਤੇਰੇ ਹੱਥ ਵਸ ਨਹੀਂ ਆਇਆ। (ਤੇਰੇ ਮਨ ਤੋਂ ਹਰ ਤਰ੍ਹਾਂ ਦੀ) ਲਾਜ ਦੂਰ ਹੋ ਗਈ, ਪਰ ਕੋਈ ਕੰਮ ਵੀ ਸਿਰੇ ਨਹੀਂ ਚੜ੍ਹਿਆ। ਤੇਰਾ ਲੋਕ ਤਾਂ ਨਸ਼ਟ ਹੋ ਗਿਆ, ਪਰੰਤੂ ਪਰਲੋਕ ਵੀ ਪ੍ਰਾਪਤ ਨਹੀਂ ਹੋ ਸਕਿਆ।੧੫੯।

ਹੇ ਰਾਜਨ! ਧਰਤੀ (ਦੀ ਬਾਦਸ਼ਾਹੀ ਦਾ) ਕੀ ਗੁਮਾਨ ਕਰਨਾ ਹੈ (ਕਿਉਂਕਿ) ਉਹ ਕਿਸੇ ਦੇ ਨਾਲ ਨਹੀਂ ਚਲੀ ਹੈ। ਇਹ ਧਰਤੀ ਬਹੁਤ ਛਲਾਵੀ (ਛੱਲਣ ਵਾਲੀ) ਹੈ (ਕਿਉਂਕਿ) ਇਹ ਕਿਸੇ ਦੀ ਨਹੀਂ ਹੈ, ਅਤੇ ਨ ਹੀ ਕਿਸੇ ਦੀ (ਇਸ ਨੇ) ਹੋਣਾ ਹੈ। ਸਾਰੇ ਘਰ, ਖ਼ਜ਼ਾਨੇ ਅਤੇ ਸੁੰਦਰ ਇਸਤਰੀ, ਅੰਤ ਸਮੇਂ ਕੋਈ ਵੀ ਤੇਰਾ ਸਾਥ ਨਹੀਂ ਦੇਵੇਗਾ। ਹੋਰ ਕਿਸੇ ਦੀ ਗੱਲ ਕਿਸ ਲਈ ਚਲਾਉਂਦੇ ਹੋ, (ਸਦਾ) ਨਾਲ ਰਹਿਣ ਵਾਲੀ ਦੇਹੀ ਵੀ ਨਾਲ ਨਹੀਂ ਜਾਵੇਗੀ।੧੬੦।

ਰਾਜ ਕੇ ਸਾਜ ਕੋ ਕਉਨ ਗੁਮਾਨ ਨਿਦਾਨ ਜੁ ਆਪਨ ਸੰਗ ਨ ਜੈ ਹੈ।
ਭਉਨ ਭੰਡਾਰ ਭਰੇ ਘਰ ਬਾਰ ਸੁ ਏਕ ਹੀ ਬਾਰ ਬਿਗਾਨ ਕਹੈ ਹੈ।
ਪੁਤ੍ਰ ਕਲਤ੍ਰ ਸੁ ਮਿਤ੍ਰ ਸਖਾ ਕੋਈ ਅੰਤਿ ਸਮੈ ਤੁਹਿ ਸਾਥ ਨ ਦੈ ਹੈ।
ਚੇਤ ਰੇ ਚੇਤ ਅਚੇਤ ਮਹਾ ਪਸੁ ਸੰਗ ਬੀਯੋ ਸੋ ਭੀ ਸੰਗ ਨ ਜੈ ਹੈ। ੧੬੧।

ਕਉਨ ਭਰੋਸ ਭਟਾਨ ਕੋ ਭੂਪਤਿ ਭਾਰ ਪਰੇ ਜਿਨਿ ਭਾਰ ਸਹੈਂਗੇ।
ਭਾਜ ਹੈ ਭੀਰ ਭਯਾਨਕ ਹੁਐ ਕਰ ਭਾਰਥ ਸੋ ਨਹੀ ਭੇਰ ਚਹੈਂਗੇ।
ਏਕ ਉਪਚਾਰ ਨ ਚਾਲ ਹੈ ਰਾਜਨ ਮਿਤ੍ਰ ਸਬੈ ਮ੍ਰਿਤ ਨੀਰ ਬਹੈਂਗੇ।
ਪੁਤ੍ਰ ਕਲਤ੍ਰ ਸਭੈ ਤੁਮਰੇ ਨ੍ਰਿਪ ਛੂਟਤ ਪ੍ਰਾਨ ਮਸਾਨ ਕਹੈਂਗੇ। ੧੬੨।

ਪਾਰਸਨਾਥ ਬਾਚ ਮਛਿੰਦ੍ਰ ਸੋ
ਤੋਮਰ ਛੰਦ

ਮੁਨਿ ਕਉਨ ਹੈ ਵਹ ਰਾਉ। ਤਿਹ ਆਜ ਮੋਹਿ ਬਤਾਉ।
ਤਿਹ ਜੀਤ ਹੋ ਜਬ ਜਾਇ। ਤਬ ਭਾਖੀਅਉ ਮੁਹਿ ਰਾਇ। ੧੬੩।

ਮਛਿੰਦ੍ਰ ਬਾਚ ਪਾਰਸਨਾਥ ਸੋ
ਤੋਮਰ ਛੰਦ

ਸੁਨ ਰਾਜ ਰਾਜਨ ਹੰਸ। ਭਵ ਭੂਮਿ ਕੇ ਅਵਤੰਸ।
ਤੁਹਿ ਜੀਤਏ ਸਬ ਰਾਇ। ਪਰ ਸੋ ਨ ਜੀਤਯੋ ਜਾਇ। ੧੬੪।

ਅਬਿਬੇਕ ਹੈ ਤਿਹ ਨਾਉ। ਤਵ ਹੀਯ ਮੈ ਤਿਹ ਠਾਉ।
ਤਿਹ ਜੀਤ ਕਹੀ ਨ ਭੂਪ। ਵਹ ਹੈ ਸਰੂਪ ਅਨੂਪ। ੧੬੫।

ਛਪੈ ਛੰਦ

ਬਲਿ ਮਹੀਪ ਜਿਨ ਛਲ੍ਯੋ ਬ੍ਰਹਮ ਬਾਵਨ ਬਸ ਕਿਨੋ।
ਕਿਸਨ ਬਿਸਨ ਜਿਨ ਹਰੇ ਦੰਡ ਰਘੁਪਤਿ ਤੇ ਲਿਨੋ।
ਦਸ ਗ੍ਰੀਵਹਿ ਜਿਨਿ ਹਰਾ ਸੁਭਟ ਸੁੰਭਾਸੁਰ ਖੰਡ੍ਯੋ।
ਮਹਖਾਸੁਰ ਮਰਦੀਆ ਮਾਨ ਮਧੁ ਕੀਟ ਬਿਹੰਡ੍ਯੋ।
ਸੋਊ ਮਦਨ ਰਾਜ ਰਾਜਾ ਨ੍ਰਿਪਤਿ ਨ੍ਰਿਪ ਅਬਿਬੇਕ ਮੰਤ੍ਰੀ ਕੀਯੋ।
ਜਿਹ ਦੇਵ ਦਈਤ ਗੰਧ੍ਰਬ ਮੁਨਿ ਜੀਤਿ ਅਡੰਡ ਡੰਡਹਿ ਲੀਯੋ। ੧੬੬।

ਜਵਨ ਕ੍ਰੁਧ ਜੁਧ ਕਰਣ ਕੈਰਵ ਰਣ ਘਾਏ।
ਜਾਸੁ ਕੋਪ ਕੇ ਕੀਨ ਸੀਸ ਦਸ ਸੀਸ ਗਵਾਏ।
ਜਉਨ ਕ੍ਰੁਧ ਕੇ ਕੀਏ ਦੇਵ ਦਾਨਵ ਰਣਿ ਲੁਝੇ।
ਜਾਸੁ ਕ੍ਰੋਧ ਕੇ ਕੀਨ ਖਸਟ ਕੁਲ ਜਾਦਵ ਜੁਝੇ।
ਸੋਊ ਤਾ ਸਮਾਨੁ ਸੈਨਾਧਿਪਤਿ ਜਿਦਿਨ ਰੋਸ ਵਹੁ ਆਇ ਹੈ।
ਬਿਨੁ ਇਕ ਬਿਬੇਕ ਸੁਨਹੋ ਨ੍ਰਿਪਤਿ ਅਵਰ ਸਮੁਹਿ ਕੋ ਜਾਇ ਹੈ। ੧੬੭।

ਰਾਜ ਦੀ ਸਾਜ-ਸਜਾਵਟ ਦਾ ਕੀ ਹੰਕਾਰ ਹੈ, ਜੋ ਅੰਤ ਵੇਲੇ ਆਪਣੇ ਨਾਲ ਨਹੀਂ ਜਾਵੇਗੀ। ਮਹੱਲ, ਭਰੇ ਹੋਏ ਖ਼ਜ਼ਾਨੇ ਅਤੇ ਘਰ ਬਾਰ, ਇਕੋ ਵਾਰ ਹੀ ਬੇਗਾਨਿਆਂ ਦੇ ਕਹੇ ਜਾਣਗੇ (ਅਰਥਾਤ ਪਰਾਏ ਹੋ ਜਾਣਗੇ)। ਪੁੱਤਰ, ਇਸਤਰੀ, ਮਿਤਰ ਅਤੇ ਸਾਥੀ ਆਦਿ ਵਿਚੋਂ ਕੋਈ ਵੀ ਅੰਤ-ਕਾਲ ਵੇਲੇ ਤੇਰੇ ਨਾਲ ਨਹੀਂ ਜਾਏਗਾ। ਹੇ ਬੇਸਮਝ ਮਹਾ ਪਸ਼ੂ! ਚੇਤੇ ਕਰ ਕਿ ਨਾਲ ਜਨਮਿਆ ('ਬੀਯੋ'ਸ਼ਰੀਰ) ਵੀ ਤੇਰੇ ਨਾਲ ਨਹੀਂ ਜਾਏਗਾ।੧੬੧।

ਹੇ ਰਾਜਨ! ਸੂਰਮਿਆਂ ਦਾ ਵੀ ਕੀ ਭਰੋਸਾ ਹੈ (ਕਿਉਂਕਿ) (ਇਨ੍ਹਾਂ ਦੇ ਸਿਰ ਉਤੇ) ਭਾਰ ਪੈਣ ਤੇ ਇਹ ਭਾਰ ਨੂੰ ਨਹੀਂ ਝਲਣਗੇ। ਭਿਆਨਕ ਭੀੜ ਪੈਣ ਤੇ (ਸਾਰੇ) ਭਜ ਜਾਣਗੇ ਅਤੇ ਵੱਡਾ ਯੁੱਧ (ਅਥਵਾ ਮਹਾਭਾਰਤ ਵਰਗਾ ਯੁੱਧ) ਨਹੀਂ ਕਰਨਾ ਚਾਹੁਣਗੇ। ਹੇ ਰਾਜਨ! ਇਕ ਉਪਚਾਰ (ਜਾਂ ਯਤਨ) ਨਹੀਂ ਚਲੇਗਾ, (ਬਸ) ਸਾਰੇ ਮਿਤਰ ਮ੍ਰਿਤੂ ਵੇਲੇ (ਕੇਵਲ ਅੱਖਾਂ ਵਿਚੋਂ) ਹੰਝੂ ਕੇਰਨਗੇ। ਹੇ ਰਾਜਨ! ਪੁੱਤਰ, ਇਸਤਰੀ (ਅਤੇ ਹੋਰ) ਸਾਰੇ ਤੇਰੇ ਪ੍ਰਾਣ ਛੁਟਣ ਤੇ 'ਮਸਾਨ' (ਭੂਤ, ਪ੍ਰੇਤ) ਕਹਿਣਗੇ।੧੬੨।

ਪਾਰਸ ਨਾਥ ਨੇ ਕਿਹਾ, ਮਛਿੰਦ੍ਰ ਪ੍ਰਤਿ
ਤੋਮਰ ਛੰਦ

ਹੇ ਮੁਨੀ! ਉਹ ਰਾਜਾ ਕਿਹੜਾ ਹੈ? ਉਹ ਮੈਨੂੰ ਅਜ ਦਸ ਦਿਓ। ਜਦ ਮੈਂ ਉਸ ਨੂੰ ਜਾ ਕੇ ਜਿਤ ਲਵਾਂਗਾ, ਤਦ ਮੈਨੂੰ ਰਾਜਾ ਕਹਿਣਾ। ੧੬੩।

ਮਛਿੰਦ੍ਰ ਨੇ ਕਿਹਾ, ਪਾਰਸ ਨਾਥ ਨੂੰ
ਤੋਮਰ ਛੰਦ

ਹੇ ਰਾਜਿਆਂ ਦੇ ਰਾਜਾ ਹੰਸ! ਸੁਣੋ, (ਤੁਸੀਂ) ਸੰਸਾਰ ਅਤੇ ਧਰਤੀ ਦੇ ਸੂਰਜ ਹੋ। ਤੁਸੀਂ ਸਾਰੇ ਰਾਜੇ ਜਿਤ ਲਏ ਹਨ, ਪਰ ਉਹ ਨਹੀਂ ਜਿਤਿਆ ਜਾਵੇਗਾ।੧੬੪।

ਉਸ ਦਾ ਨਾਂ 'ਅਬਿਬੇਕ' ਹੈ। ਤੇਰੇ ਹਿਰਦੇ ਵਿਚ ਉਸ ਦਾ ਠਿਕਾਣਾ ਹੈ। ਉਸ ਨੂੰ ਕਿਸੇ ਵੀ ਰਾਜੇ ਨੇ ਨਹੀਂ ਜਿਤਿਆ। ਉਹ ਅਨੂਪਮ ਸਰੂਪ ਵਾਲਾ ਹੈ।੧੬੫।

ਛਪੈ ਛੰਦ

ਜਿਸ ਨੇ ਬਲਿ ਰਾਜੇ ਨੂੰ ਛਲ ਲਿਆ ਸੀ ਅਤੇ ਬ੍ਰਹਮਾ ਅਤੇ ਬਾਵਨ ਨੂੰ ਵਸ ਵਿਚ ਕਰ ਲਿਆ ਸੀ। ਜਿਸ ਨੇ ਕ੍ਰਿਸ਼ਨ ਅਤੇ ਵਿਸ਼ਨੂ ਨੂੰ ਹਰ ਲਿਆ ਸੀ ਅਤੇ ਰਾਮ ਚੰਦਰ ਤੋਂ ਦੰਡ ਲਿਆ ਸੀ। ਜਿਸ ਨੇ ਰਾਵਣ ਨੂੰ ਪਰਾਜਿਤ ਕਰ ਦਿੱਤਾ ਸੀ ਅਤੇ ਮਹਾਨ ਬਲਵਾਨ ਸ਼ੁੰਭ ਦੈਂਤ ਨੂੰ ਖੰਡ ਖੰਡ ਕਰ ਦਿੱਤਾ ਸੀ। ਮਹਿਖਾਸੁਰ ਨੂੰ ਮਾਰ ਦਿੱਤਾ ਸੀ ਅਤੇ ਮਧੁ ਤੇ ਕੈਟਭ ਦਾ ਮਾਨ ਤੋੜ ਦਿੱਤਾ ਸੀ। ਉਸ ਰਾਜਿਆਂ ਦੇ ਰਾਜੇ ਅਬਿਬੇਕ ਰਾਜੇ ਨੇ ਕਾਮਦੇਵ ਨੂੰ ਆਪਣਾ ਮੰਤਰੀ ਬਣਾਇਆ। ਜਿਸ ਨੇ ਦੇਵਤੇ, ਦੈਂਤ, ਗੰਧਰਬ, ਮੁਨੀ ਆਦਿ ਜਿਤ ਕੇ ਨ ਦੰਡੇ ਜਾ ਸਕਣ ਵਾਲਿਆਂ ਤੋਂ ਦੰਡ ਵਸੂਲ ਕੀਤਾ।੧੬੬।

ਜਿਸ ਨੇ ਕ੍ਰੋਧਿਤ ਹੋ ਕੇ ਯੁੱਧ ਵਿਚ ਕਰਨ ਅਤੇ ਕੈਰਵਾਂ ਨੂੰ ਰਣ-ਭੂਮੀ ਵਿਚ ਮਾਰਿਆ। ਜਿਸ ਦੇ ਕ੍ਰੋਧ ਕਰਨ ਤੇ ਰਾਵਣ ਨੇ ਦਸ ਸਿਰ ਗੰਵਾ ਲਏ। ਜਿਸ ਦੇ ਕ੍ਰੋਧ ਕਰਨ ਤੇ ਦੇਵਤੇ ਅਤੇ ਦੈਂਤ ਰਣ ਵਿਚ ਲੜ ਮੋਏ। ਜਿਸ ਦੇ ਕ੍ਰੋਧ ਕਰਨ ਤੇ ਯਾਦਵਾਂ ਦੀਆਂ ਛੇ ਕੁਲਾਂ ਜੂਝ ਮੋਈਆਂ। ਉਹ ਅਤੇ ਉਸ ਦੇ ਸਮਾਨ ਹੀ ਸੈਨਾਪਤੀ ਨੂੰ ਜਿਸ ਦਿਨ ਰੋਸ ਆ ਜਾਏਗਾ, ਹੇ ਰਾਜਨ! ਸੁਣੋ, ਇਕ ਬਿਬੇਕ ਤੋਂ ਬਿਨਾ ਹੋਰ ਕੌਣ ਉਸ ਦੇ ਸਾਹਮਣੇ ਜਾਏਗਾ।੧੬੭।

ਪਾਰਸਨਾਥ ਬਾਚ ਮਛਿੰਦ੍ਰ ਸੋ

ਛਪੈ ਛੰਦ

ਸੁਨਹੁ ਮਛਿੰਦ੍ਰ ਬੈਨ ਕਹੋ ਤੁਹਿ ਬਾਤ ਬਿਚਛਨ।
ਇਕ ਬਿਬੇਕ ਅਬਿਬੇਕ ਜਗਤ ਦ੍ਵੈ ਨ੍ਰਿਪਤਿ ਸੁਲਛਨ।
ਬਡ ਜੋਧਾ ਦੁਹੂੰ ਸੰਗ ਬਡੇ ਦੋਊ ਆਪ ਧਨੁਰਧਰ।
ਏਕ ਜਾਤਿ ਇਕ ਪਾਤਿ ਏਕ ਹੀ ਮਾਤ ਜੋਧਾਬਰ।
ਇਕ ਤਾਤ ਏਕ ਹੀ ਬੰਸ ਪੁਨਿ ਬੈਰ ਭਾਵ ਦੁਹ ਕਿਮ ਗਹੋ।
ਤਿਹ ਨਾਮ ਠਾਮ ਆਭਰਣ ਰਥ ਸਸਤ੍ਰ ਅਸਤ੍ਰ ਸਬ ਮੁਨਿ ਕਹੋ। ੧੬੮।

ਮਛਿੰਦ੍ਰ ਬਾਚ ਪਾਰਸਨਾਥ ਸੋ

ਛਪੈ ਛੰਦ

ਅਸਿਤ ਬਰਣ ਅਬਿਬੇਕ ਅਸਿਤ ਬਾਜੀ ਰਥ ਸੋਭਤ।
ਅਸਿਤ ਬਸਤ੍ਰ ਤਿਹ ਅੰਗਿ ਨਿਰਖਿ ਨਾਰੀ ਨਰ ਲੋਭਤ।
ਅਸਿਤ ਸਾਰਥੀ ਅਗ੍ਰ ਅਸਿਤ ਆਭਰਣ ਰਥੋਤਮ।
ਅਸਿਤ ਧਨੁਖ ਕਰਿ ਅਸਿਤ ਧੁਜਾ ਜਾਨੁਕ ਪੁਰਖੋਤਮ।
ਇਹ ਛਬਿ ਨਰੇਸ ਅਬਿਬੇਕ ਨ੍ਰਿਪ ਜਗਤ ਜਯੰਕਰ ਮਾਨੀਯੈ।
ਅਨਜਿਤ ਜਾਸੁ ਕਹ ਨ ਤਜੋ ਕ੍ਰਿਸਨ ਰੂਪ ਤਿਹ ਜਾਨੀਯੈ। ੧੬੯।

ਪੁਹਪ ਧਨੁਖ ਅਲਿ ਪਨਚ ਮਤਸ ਜਿਹ ਧੁਜਾ ਬਿਰਾਜੈ।
ਬਾਜਤ ਝਾਝਰ ਤੂਰ ਮਧੁਰ ਬੀਨਾ ਧੁਨਿ ਬਾਜੈ।
ਸਬ ਬਜੰਤ੍ਰ ਜਿਹ ਸੰਗ ਬਜਤ ਸੁੰਦਰ ਛਬ ਸੋਹਤ।
ਸੰਗ ਸੈਨ ਅਬਲਾ ਸੰਬੂਹ ਸੁਰ ਨਰ ਮੁਨਿ ਮੋਹਤ।
ਅਸ ਮਦਨ ਰਾਜ ਰਾਜਾ ਨ੍ਰਿਪਤਿ ਜਿਦਿਨ ਕ੍ਰੁਧ ਕਰਿ ਧਾਇ ਹੈ।
ਬਿਨੁ ਇਕ ਬਿਬੇਕ ਤਾ ਕੇ ਸਮੁਹਿ ਅਉਰ ਦੂਸਰ ਕੋ ਜਾਇ ਹੈ। ੧੭੦।

ਕਰਤ ਨ੍ਰਿਤ ਸੁੰਦਰੀ ਬਜਤ ਬੀਨਾ ਧੁਨਿ ਮੰਗਲ।
ਉਪਜਤ ਰਾਗ ਸੰਬੂਹ ਬਜਤ ਬੈਰਾਰੀ ਬੰਗਲਿ।
ਭੈਰਵ ਰਾਗ ਬਸੰਤ ਦੀਪ ਹਿੰਡੋਲ ਮਹਾ ਸੁਰ।
ਉਘਟਤ ਤਾਨ ਤਰੰਗ ਸੁਨਤ ਰੀਝਤ ਧੁਨਿ ਸੁਰ ਨਰ।
ਇਹ ਛਬਿ ਪ੍ਰਭਾਵ ਰਿਤੁ ਰਾਜ ਨ੍ਰਿਪ ਜਿਦਿਨ ਰੋਸ ਕਰਿ ਧਾਇ ਹੈ।
ਬਿਨੁ ਇਕ ਬਿਬੇਕ ਤਾ ਕੇ ਨ੍ਰਿਪਤਿ ਅਉਰ ਸਮੁਹਿ ਕੋ ਜਾਇ ਹੈ। ੧੭੧।

ਪਾਰਸ ਨਾਥ ਨੇ ਕਿਹਾ, ਮਛਿੰਦ੍ਰ ਪ੍ਰਤਿ

ਛਪੈ ਛੰਦ

ਹੇ ਮਛਿੰਦ੍ਰ! (ਮੈਂ) ਤੈਨੂੰ ਇਕ ਬੜੀ ਅਸਚਰਜ-ਮਈ ਗੱਲ ਕਹਿੰਦਾ ਹਾਂ, ਮੇਰੇ ਬੋਲ ਸੁਣੋ। ਇਕ ਬਿਬੇਕ ਅਤੇ ਇਕ ਅਬਿਬੇਕ, ਦੋਵੇਂ ਜਗਤ ਵਿਚ ਚੰਗੇ ਲੱਛਣਾਂ ਵਾਲੇ ਰਾਜੇ ਹਨ। ਦੋਹਾਂ ਨਾਲ ਬਹੁਤ ਤਕੜੇ ਯੋਧੇ ਹਨ ਅਤੇ ਆਪ ਵੀ ਦੋਵੇਂ ਬਹੁਤ ਵੱਡੇ ਧਨੁਸ਼ਧਾਰੀ ਹਨ। (ਇਨ੍ਹਾਂ) ਸ੍ਰੇਸ਼ਠ ਯੋਧਿਆਂ ਦੀ ਇਕੋ ਜਾਤਿ, ਇਕੋ ਬਰਾਦਰੀ ਅਤੇ ਇਕੋ ਹੀ ਮਾਤਾ ਹੈ। ਇਕੋ ਪਿਓ ਅਤੇ ਇਕੋ ਹੀ ਕੁਲ ਹੈ, ਫਿਰ ਦੋਹਾਂ ਨੇ ਵੈਰ ਭਾਵ ਕਿਉਂ ਗ੍ਰਹਿਣ ਕਰ ਲਿਆ ਹੈ। ਹੇ ਮੁਨੀ! ਉਨ੍ਹਾਂ ਦੇ ਸਾਰੇ ਅਸਤ੍ਰਾਂ, ਸ਼ਸਤ੍ਰਾਂ, ਗਹਿਣਿਆਂ, ਰਥਾਂ ਦੇ ਨਾਂ ਅਤੇ ਠਿਕਾਣੇ (ਮੈਨੂੰ) ਦਸ ਦਿਓ।੧੬੮।

ਮਛਿੰਦ੍ਰ ਨੇ ਕਿਹਾ, ਪਾਰਸ ਨਾਥ ਪ੍ਰਤਿ

ਛਪੈ ਛੰਦ

ਅਬਿਬੇਕ ਦਾ ਕਾਲਾ ('ਅਸਿਤ') ਰੰਗ ਹੈ ਅਤੇ (ਉਸ ਦੇ) ਰਥ ਅਗੇ ਕਾਲੇ ਰੰਗ ਦੇ ਘੋੜੇ ਸ਼ੋਭਦੇ ਹਨ। ਉਸ ਦੇ ਸ਼ਰੀਰ ਉਤੇ ਕਾਲੇ ਰੰਗ ਦੇ ਬਸਤ੍ਰ ਹਨ ਜਿਨ੍ਹਾਂ ਨੂੰ ਵੇਖ ਕੇ ਇਸਤਰੀ ਅਤੇ ਪੁਰਸ਼ ਮੋਹਿਤ ਹੋ ਜਾਂਦੇ ਹਨ। ਉਸ ਦੇ ਅਗੇ (ਬੈਠਾ) ਰਥਵਾਨ ਕਾਲੇ ਰੰਗ ਵਾਲਾ ਹੈ ਅਤੇ (ਉਸ ਦੇ) ਉੱਤਮ ਰਥ ਦੇ ਗਹਿਣੇ ਵੀ ਕਾਲੇ ਰੰਗ ਦੇ ਹਨ। (ਉਸ ਦੇ) ਹੱਥ ਵਿਚ ਕਾਲੇ ਰੰਗ ਦਾ ਧਨੁਸ਼ ਅਤੇ ਕਾਲੇ ਰਗ ਦਾ ਹੀ ਝੰਡਾ ਹੈ। (ਇੰਜ ਪ੍ਰਤੀਤ ਹੁੰਦਾ ਹੈ) ਮਾਨੋ ਉਤਮ ਪੁਰਸ਼ ਹੋਵੇ। ਹੇ ਰਾਜਨ! ਅਬਿਬੇਕ ਰਾਜੇ ਦੀ ਇਸ ਤਰ੍ਹਾਂ ਦੀ ਛਬੀ ਹੈ, ਜਿਸ ਨੇ ਜਗਤ ਨੂੰ ਜਿਤ ਲਿਆ ਹੋਇਆ ਮੰਨਿਆ ਜਾਂਦਾ ਹੈ। ਜੋ ਜਿਤਿਆ ਨਹੀਂ ਜਾ ਸਕਦਾ, ਜਿਸ ਨੂੰ ਛਡਿਆ ਨਹੀਂ ਜਾ ਸਕਦਾ, ਉਸ ਨੂੰ 'ਕ੍ਰਿਸ਼ਨ' (ਕਾਲਾ) ਰੂਪ ਜਾਣਨਾ ਚਾਹੀਦਾ ਹੈ।੧੬੯।

ਫੁਲਾਂ ਦਾ ਧਨੁਸ਼ ਹੈ, ਭੌਂਰਿਆਂ ਦਾ ਚਿਲਾ ਹੈ, ਜਿਸ ਦੇ (ਰਥ ਉਤੇ) ਮੱਛੀ (ਦੇ ਚਿੰਨ੍ਹ ਵਾਲੀ) ਧੁਜਾ ਬਿਰਾਜ ਰਹੀ ਹੈ। ਝਾਂਝਰ ਅਤੇ ਤੂਰ ਵਜਦੇ ਹਨ ਅਤੇ ਬੀਨਾ ਦੀ ਮਧੁਰ ਧੁਨ ਵਜ ਰਹੀ ਹੈ। ਜਿਸ ਨਾਲ ਸਾਰੇ ਵੱਜਣ ਯੋਗ ਵਾਜੇ ਵਜਦੇ ਹਨ ਅਤੇ (ਜਿਨ੍ਹਾਂ ਦੀ) ਸੁੰਦਰ ਛਬੀ ਸ਼ੋਭਾ ਪਾ ਰਹੀ ਹੈ। ਜਿਸ ਨਾਲ ਇਸਤਰੀਆਂ ਦੀ ਸੈਨਾ ਹੈ, (ਜੋ) ਸਾਰਿਆਂ ਦੇਵਤਿਆਂ, ਮਨੁੱਖਾਂ ਅਤੇ ਮੁਨੀਆਂ ਨੂੰ ਮੋਹਿਤ ਕਰ ਰਹੀਆਂ ਹਨ। ਹੇ ਰਾਜਨ! ਰਾਜਿਆਂ ਦਾ ਰਾਜਾ ਕਾਮਦੇਵ ਇਸ ਤਰ੍ਹਾਂ ਦਾ ਹੈ। ਜਿਸ ਦਿਨ (ਉਹ) ਕ੍ਰੋਧ ਕਰ ਕੇ ਧਾਵਾ ਕਰੇਗਾ, (ਉਸ ਵੇਲੇ) ਇਕ ਬਿਬੇਕ ਤੋਂ ਬਿਨਾ ਉਸ ਦੇ ਸਾਹਮਣੇ ਹੋਰ ਦੂਜਾ ਕਿਹੜਾ ਜਾਏਗਾ।੧੭੦।

ਸੁੰਦਰੀਆਂ ਨਾਚ ਕਰਦੀਆਂ ਹਨ ਅਤੇ ਬੀਨਾ ਦੀ ਧੁਨ ਵਿਚ ਮੰਗਲਮਈ ਗੀਤ ਹੁੰਦੇ ਹਨ। ਸਭ ਤਰ੍ਹਾਂ ਦੇ ਰਾਗ ਉਤਪੰਨ ਹੁੰਦੇ ਹਨ ਅਤੇ ਬੈਰਾਰੀ ਅਤੇ ਬੰਗਾਲੀ (ਰਾਗਨੀਆਂ) ਵਜਦੀਆਂ ਹਨ। ਭੈਰੋ, ਬਸੰਤ, ਦੀਪਕ ਅਤੇ ਹਿੰਡੋਲ ਰਾਗਾਂ ਦੀਆਂ ਮਹਾਨ ਸੁਰਾਂ ਨਾਲ ਤਾਨ ਤਰੰਗਾਂ ਪੈਦਾ ਹੁੰਦੀਆਂ ਹਨ, (ਜਿਸ) ਧੁਨ ਨੂੰ ਸੁਣ ਕੇ ਦੇਵਤੇ ਅਤੇ ਮਨੁੱਖ ਰੀਝਦੇ ਹਨ। ਇਸ ਛਬੀ ਅਤੇ ਪ੍ਰਭਾਵ ਵਾਲਾ 'ਬਸੰਤ' ('ਰਿਤੁ ਰਾਜ') ਰਾਜਾ ਜਿਸ ਦਿਨ ਕ੍ਰੋਧ ਕਰ ਕੇ ਧਾਵਾ ਕਰੇਗਾ, ਤਦ ਇਕ ਬਿਬੇਕ ਤੋਂ ਬਿਨਾ ਹੇ ਰਾਜਨ! ਹੋਰ ਕਿਹੜਾ ਉਸ ਦੇ ਸਾਹਮਣੇ ਜਾਏਗਾ।੧੭੧।

ਸੋਰਠਿ ਸਾਰੰਗ ਸੁਧ ਮਲਾਰ ਬਿਭਾਸ ਸਰਬਿ ਗਨਿ।
ਰਾਮਕਲੀ ਹਿੰਡੋਲ ਗੌਂਡ ਗੂਜਰੀ ਮਹਾ ਧੁਨਿ।
ਲਲਤ ਪਰਜ ਗਵਰੀ ਮਲਾਰ ਕਾਨੜਾ ਮਹਾ ਛਬਿ।
ਜਾਹਿ ਬਿਲੋਕਤ ਬੀਰ ਸਰਬ ਤੁਮਰੇ ਜੈ ਹੈ ਦਬਿ।
ਇਹ ਬਿਧਿ ਨਰੇਸ ਰਿਤੁ ਰਾਜ ਨ੍ਰਿਪ ਮਦਨ ਸੁਅਨ ਜਬ ਗਰਜ ਹੈ।
ਬਿਨੁ ਇਕ ਗ੍ਯਾਨ ਸੁਨ ਹੋ ਨ੍ਰਿਪਤਿ ਸੁ ਅਉਰ ਦੂਸਰ ਕੋ ਬਰਜਿ ਹੈ। ੧੭੨।

ਕਉਧਤ ਦਾਮਨਿ ਸਘਨ ਸਘਨ ਘੋਰਤ ਚਹੁਦਿਸ ਘਨ।
ਮੋਹਿਤ ਭਾਮਿਨ ਸਘਨ ਡਰਤ ਬਿਰਹਨਿ ਤ੍ਰਿਯ ਲਖਿ ਮਨਿ।
ਬੋਲਤ ਦਾਦੁਰ ਮੋਰ ਸਘਨ ਝਿਲੀ ਝਿੰਕਾਰਤ।
ਦੇਖਤ ਦ੍ਰਿਗਨ ਪ੍ਰਭਾਵ ਅਮਿਤ ਮੁਨਿ ਮਨ ਬ੍ਰਿਤ ਹਾਰਤ।
ਇਹ ਬਿਧਿ ਹੁਲਾਸ ਮਦਨਜ ਦੂਸਰ ਜਿਦਿਨ ਚਟਕ ਦੈ ਸਟਕ ਹੈ।
ਬਿਨੁ ਇਕ ਬਿਬੇਕ ਸੁਨਹੋ ਨ੍ਰਿਪਤਿ ਅਉਰ ਦੂਸਰ ਕੋ ਹਟਕ ਹੇ। ੧੭੩।

ਤ੍ਰਿਤੀਆ ਪੁਤ੍ਰ ਅਨੰਦ ਜਿਦਿਨ ਸਸਤ੍ਰਨ ਕਹੁ ਧਰਿ ਹੈ।
ਕਰਿ ਹੈ ਚਿਤ੍ਰ ਬਚਿਤ੍ਰ ਸੁ ਰਣ ਸੁਰ ਨਰ ਮੁਨਿ ਡਰਿ ਹੈ।
ਕੋ ਭਟ ਧਰਿ ਹੈ ਧੀਰ ਜਿਦਿਨ ਸਾਮੁਹਿ ਵਹ ਐ ਹੈ।
ਸਭ ਕੋ ਤੇਜ ਪ੍ਰਤਾਪ ਛਿਨਕ ਭੀਤਰ ਹਰ ਲੈ ਹੈ।
ਇਹ ਬਿਧਿ ਅਨੰਦ ਦੁਰ ਧਰਖ ਭਟ ਜਿਦਿਨ ਸਸਤ੍ਰ ਗਹ ਮਿਕ ਹੈ।
ਬਿਨੁ ਇਕ ਧੀਰਜ ਸੁਨਿ ਰੇ ਨ੍ਰਿਪਤਿ ਸੁ ਅਉਰ ਨ ਦੂਸਰਿ ਟਿਕ ਹੈ। ੧੭੪।

ਰਤਨ ਜਟਤ ਰਥ ਸੁਭਤ ਖਚਿਤ ਬਜ੍ਰਨ ਮੁਕਤਾਫਲ।
ਹੀਰ ਚੀਰ ਆਭਰਣ ਧਰੇ ਸਾਰਥੀ ਮਹਾਬਲ।
ਕਨਕ ਦੇਖ ਕੁਰਰਾਤ ਕਠਨ ਕਾਮਿਨ ਬ੍ਰਿਤ ਹਾਰਤ।
ਤਨਿ ਪਟੰਬਰ ਜਰਕਸੀ ਪਰਮ ਭੂਖਨ ਤਨ ਧਾਰਤ।
ਇਹ ਛਬਿ ਅਨੰਦ ਮਦਨਜ ਨ੍ਰਿਪਤਿ ਜਿਦਿਨ ਗਰਜ ਦਲ ਗਾਹਿ ਹੈ।
ਬਿਨੁ ਇਕ ਧੀਰਜ ਸੁਨਿ ਰੇ ਨ੍ਰਿਪਤਿ ਸੁ ਅਉਰ ਸਮੁਹ ਕੋ ਜਾਹਿ ਹੈ। ੧੭੫।

ਧੂਮ੍ਰ ਬਰਣ ਸਾਰਥੀ ਧੂਮ੍ਰ ਬਾਜੀਰਥ ਛਾਜਤ।
ਧੂਮ੍ਰ ਬਰਣ ਆਭਰਣ ਨਿਰਖਿ ਸੁਰ ਨਰ ਮੁਨਿ ਲਾਜਤ।
ਧੂਮ੍ਰ ਨੈਨ ਧੂਮਰੋ ਗਾਤ ਧੂਮਰ ਤਿਹ ਭੂਖਨ।
ਧੂਮ੍ਰ ਬਦਨ ਤੇ ਬਮਤ ਸਰਬ ਸਤ੍ਰੂ ਕੁਲ ਦੂਖਨ।
ਅਸ ਭਰਮ ਮਦਨ ਚਤੁਰਥ ਸੁਵਨ ਜਿਦਿਨ ਰੋਸ ਕਰਿ ਧਾਇ ਹੈ।
ਦਲ ਲੂਟ ਕੂਟ ਤੁਮਰੋ ਨ੍ਰਿਪਤਿ ਸੁ ਸਰਬ ਛਿਨਕ ਮਹਿ ਜਾਇ ਹੈ। ੧੭੬।

ਸੋਰਠ, ਸਾਰੰਗ, ਸ਼ੁੱਧ ਮਲਾਰ, ਬਿਭਾਸ ਆਦਿ ਸਾਰੇ (ਰਾਗ) ਗਣ ਰਾਮਕਲੀ, ਹਿੰਡੋਲ, ਗੌਂਡ, ਗੂਜਰੀ ਦੀ ਸੁੰਦਰ ਧੁਨ; ਲਲਤ, ਪਰਜ, ਗੌਰੀ, ਮਲ੍ਹਾਰ ਅਤੇ ਕਾਨੜਾ ਦੀ ਮਹਾਨ ਛਬੀ; ਜਿਸ ਨੂੰ ਵੇਖ ਕੇ ਤੇਰੇ ਸਾਰੇ ਸੂਰਮੇ ਦਬ ਜਾਣਗੇ। ਇਸ ਤਰ੍ਹਾਂ ਦਾ ਹੈ ਕਾਮਦੇਵ ਦਾ ਪੁੱਤਰ ('ਸੂਅਨ') ਰੁਤਾਂ ਦਾ ਰਾਜਾ ਬਸੰਤ ਜਦ (ਆ ਕੇ) ਗਜੇਗਾ, ਤਾਂ ਬਿਨਾ ਇਕ ਗਿਆਨ ਦੇ, ਹੇ ਰਾਜਨ! ਸੁਣੋ, ਹੋਰ ਕੌਣ ਦੂਜਾ ਉਸ ਨੂੰ ਰੋਕੇਗਾ।੧੭੨।

(ਜਿਵੇਂ) ਬਿਜਲੀ ਘਨਘੋਰ ਬਦਲਾਂ ਵਿਚ ਚਮਕਦੀ ਹੈ ਅਤੇ ਚੌਹਾਂ ਦਿਸ਼ਾਵਾਂ ਵਿਚ ਘਨਘੋਰ ਗੂੰਜ ਹੋ ਰਹੀ ਹੈ। ਬਹੁਤ ਇਸਤਰੀਆਂ ਮੋਹਿਤ ਹੋ ਰਹੀਆਂ ਹਨ ਅਤੇ ਵਿਯੋਗਣ ਇਸਤਰੀਆਂ ਦਾ ਮਨ (ਉਸ ਨੂੰ) ਵੇਖ ਕੇ ਡਰ ਰਿਹਾ ਹੈ। (ਜਿਸ ਤਰ੍ਹਾਂ) ਡੱਡੂਆਂ ਅਤੇ ਮੋਰਾਂ ਦੇ ਝੁੰਡ ਬੋਲਦੇ ਹਨ ਅਤੇ 'ਝਿਲੀ' (ਬੀਂਡੇ) ਝੀਂ ਝੀਂ ਕਰਦੇ ਹਨ। ਅੱਖਾਂ (ਇਸ ਦੇ) ਪ੍ਰਭਾਵ ਨੂੰ ਵੇਖਦੀਆਂ ਹਨ ਅਤੇ ਬੇਹਿਸਾਬੇ ਮੁਨੀਆਂ ਦਾ ਮਨ (ਇਸ ਪ੍ਰਭਾਵ ਕਾਰਨ) ਸੁੱਧ ਬੁੱਧ ਭੁਲ ਜਾਂਦਾ ਹੈ। ਇਸ ਪ੍ਰਕਾਰ ਦਾ 'ਹੁਲਾਸ' ਸੂਰਮਾ ਹੈ, ਜੋ ਕਾਮਦੇਵ ਦਾ ਦੂਜਾ ਪੁੱਤਰ ਹੈ, ਜਿਸ ਦਿਨ ਉਹ ਚਟਕ ਕੇ (ਅਗੋਂ) ਲੰਘੇਗਾ, ਹੇ ਰਾਜਨ! ਸੁਣੋ, ਇਕ ਬਿਬੇਕ ਤੋਂ ਬਿਨਾ ਹੋਰ ਦੂਜਾ ਕਿਹੜਾ (ਸੂਰਮਾ ਉਸ ਨੂੰ) ਰੋਕੇਗਾ। ੧੭੩।

(ਕਾਮਦੇਵ ਦਾ) ਤੀਜਾ ਪੁੱਤਰ 'ਆਨੰਦ' ਜਿਸ ਦਿਨ ਸ਼ਸਤ੍ਰ ਧਾਰਨ ਕਰ ਲਏਗਾ। ਚਿਤਰ ਵਰਗਾ ਵਿਚਿਤ੍ਰ ਜਦੋਂ ਉਹ ਯੁੱਧ ਕਰੇਗਾ, (ਤਾਂ) ਦੇਵਤੇ, ਮਨੁੱਖ ਅਤੇ ਮੁਨੀ ਡਰਨਗੇ। ਜਿਸ ਦਿਨ ਉਹ ਸਾਹਮਣੇ ਆਏਗਾ, ਤਾਂ ਕਿਹੜਾ ਸੂਰਮਾ ਧੀਰਜ ਧਾਰਨ ਕਰ ਸਕੇਗਾ। (ਕਿਉਂਕਿ ਉਹ) ਸਾਰਿਆਂ ਦੇ ਤੇਜ ਪ੍ਰਤਾਪ ਨੂੰ ਇਕ ਛਿਣ ਵਿਚ ਹਰ ਲਵੇਗਾ। ਇਸ ਤਰ੍ਹਾਂ ਦਾ ਹੈ ਨਿਡਰ ('ਦੁਰ ਧਰਖ') ਯੋਧਾ 'ਆਨੰਦ', ਜਿਸ ਦਿਨ ਉਹ ਸ਼ਸਤ੍ਰ ਧਾਰਨ ਕਰ ਕੇ ਮਧੋਲੇਗਾ ('ਮਿਕ'), ਹੇ ਰਾਜਨ! ਸੁਣੋ; ਬਿਨਾ ਇਕ ਧੀਰਜ ਦੇ ਹੋਰ ਕੋਈ ਵੀ (ਉਸ ਦੇ ਸਾਹਮਣੇ) ਨਹੀਂ ਟਿਕ ਸਕੇਗਾ।੧੭੪।

ਰਤਨਾਂ ਨਾਲ ਜੜਿਆ (ਜੋ) ਰਥ ਸ਼ੋਭਦਾ ਹੈ, (ਜਿਸ ਨੂੰ) ਹੀਰਿਆਂ ਅਤੇ ਮੋਤੀਆਂ ਨਾਲ ਖਚਿਤ ਕੀਤਾ ਹੋਇਆ ਹੈ। ਜਿਸ ਦੇ ਮਹਾਨ ਬਲਵਾਨ ਰਥਵਾਨ ਨੇ ਹੀਰਿਆਂ ਦੇ ਗਹਿਣੇ ਅਤੇ ਬਸਤ੍ਰ ਧਾਰਨ ਕੀਤੇ ਹੋਏ ਹਨ। (ਜਿਸ ਦੀ ਚਮਕ ਦਮਕ ਨੂੰ) ਵੇਖ ਕੇ ਸੋਨਾ (ਕਨਕ) ਕੁੜਦਾ ਹੈ ਅਤੇ ਤਕੜੇ ਮਨ ਵਾਲੀਆਂ ਇਸਤਰੀਆਂ (ਜਿਸ ਨੂੰ ਵੇਖ ਕੇ) ਸੁਰਤ ਖੋਹ ਬਹਿੰਦੀਆਂ ਹਨ (ਅਰਥਾਤ ਕਾਮ ਵਸ ਹੋ ਜਾਂਦੀਆਂ ਹਨ)। (ਜਿਸ ਨੇ) ਸ਼ਰੀਰ ਉਤੇ ਜ਼ਰੀਦਾਰ ਬਸਤ੍ਰ ਹਨ ਅਤੇ ਸ਼ਰੀਰ ਉਤੇ ਬਹੁਤ ਸੁੰਦਰ ਗਹਿਣੇ ਧਾਰਨ ਕੀਤੇ ਹੋਏ ਹਨ। ਇਹ ਛਬੀ ਕਾਮ ਦੇਵ ਦੇ ਪੁੱਤਰ 'ਆਨੰਦ' ਰਾਜੇ ਦੀ ਹੈ। ਜਿਸ ਦਿਨ (ਇਹ) ਗਜ ਕੇ ਸੈਨਿਕ ਦਲ ਨੂੰ ਗਾਹੇਗਾ, ਤਾਂ ਹੇ ਰਾਜਨ! ਸੁਣੋ, ਬਿਨਾ ਇਕ ਧੀਰਜ ਦੇ ਹੋਰ ਕੌਣ ਇਸ ਦੇ ਸਾਹਮਣੇ ਜਾਵੇਗਾ।੧੭੫।

ਧੂੰਏ ਰੰਗ ਵਾਲਾ ਜਿਸ ਦਾ ਰਥਵਾਨ ਹੈ ਅਤੇ ਧੂੰਏਂ ਰੰਗੇ ਘੋੜੇ ਹੀ (ਜਿਸ ਦੇ) ਰਥ ਅਗੇ ਜੁਤੇ ਹੋਏ ਹਨ। ਧੂਏਂ ਦੇ ਰੰਗ ਵਾਲੇ ਗਹਿਣੇ ਹਨ, (ਜਿਸ ਨੂੰ) ਵੇਖ ਕੇ ਦੇਵਤੇ, ਮੁਨੀ ਅਤੇ ਮਨੁੱਖ ਮਨ ਵਿਚ ਲਜਾਉਂਦੇ ਹਨ। (ਜਿਸ ਦੀਆਂ) ਧੂੰਏਂ ਦੇ ਰੰਗ ਵਾਲੀਆਂ ਅੱਖੀਆਂ ਹਨ, ਧੂੰਏਂ ਵਰਗਾ ਸ਼ਰੀਰ ਹੈ ਅਤੇ ਧੂੰਏਂ ਦੇ ਰੰਗ ਵਾਲੇ ਹੀ ਜਿਸ ਦੇ ਗਹਿਣੇ ਹਨ। (ਜੋ) ਮੁਖ ਤੋਂ ਧੂੰਏਂ ਦੇ ਰੰਗ ਵਾਲੀ ਉਲਟੀ ਕਰ ਰਿਹਾ ਹੈ ਅਤੇ ਵੈਰੀ ਦੀ ਸਾਰੀ ਕੁਲ ਨੂੰ ਦੁਖ ਦੇਣ ਵਾਲਾ ਹੈ। ਇਹ 'ਭਰਮ' (ਨਾਮ ਵਾਲਾ ਯੋਧਾ) ਕਾਮਦੇਵ ਦਾ ਚੌਥਾ ਪੁੱਤਰ ਹੈ। ਜਿਸ ਦਿਨ (ਇਹ) ਕ੍ਰੋਧ ਕਰ ਕੇ ਧਾਵਾ ਬੋਲੇਗਾ, ਹੇ ਰਾਜਨ! ਇਕ ਛਿਣ ਵਿਚ ਹੀ ਇਹ ਤੇਰੀ ਸਾਰੀ ਸੈਨਾ ਨੂੰ ਲੁਟ ਕੁਟ ਕੇ ਚਲਾ ਜਾਵੇਗਾ।੧੭੬।

ਅਉਰ ਅਉਰ ਜੇ ਸੁਭਟਿ ਗਨੋ ਤਿਹ ਨਾਮ ਬਿਚਛਨ।
ਬਡ ਜੋਧਾ ਬਡ ਸੂਰ ਬਡੇ ਜਿਤਵਾਰ ਸੁਲੱਛਨ।
ਕਲਹਿ ਨਾਮ ਇਕ ਨਾਰਿ ਮਹਾ ਕਲ ਰੂਪ ਕਲਹ ਕਰ।
ਲੋਗ ਚਤੁਰਦਸ ਮਾਝਿ ਜਾਸੁ ਛੋਰਾ ਨਹੀ ਸੁਰ ਨਰ।
ਸਬ ਸਸਤ੍ਰ ਅਸਤ੍ਰ ਭੀਤਰ ਨਿਪੁਣ ਅਤਿ ਪ੍ਰਭਾਵ ਤਿਹ ਜਾਨੀਐ।
ਸਬ ਦੇਸ ਭੇਸ ਅਰੁ ਰਾਜ ਸਬ ਤ੍ਰਾਸ ਜਵਨ ਕੋ ਮਾਨੀਐ। ੧੭੭।

ਬੈਰ ਨਾਮ ਇਕ ਬੀਰ ਮਹਾ ਦੁਰ ਧਰਖ ਅਜੈ ਰਣਿ।
ਕਬਹੁ ਦੀਨ ਨਹੀ ਪੀਠਿ ਅਨਿਕ ਜੀਤੇ ਜਿਹ ਨ੍ਰਿਪ ਗਣ।
ਲੋਚਨ ਸ੍ਰੌਣਤ ਬਰਣ ਅਰੁਣ ਸਬ ਸਸਤ੍ਰ ਅੰਗਿ ਤਿਹ।
ਰਵਿ ਪ੍ਰਕਾਸ ਸਰ ਧੁਜਾ ਅਰੁਣ ਲਾਜਤ ਲਖਿ ਛਬਿ ਜਿਹ।
ਇਹ ਭਾਤਿ ਬੈਰ ਬੀਰਾ ਬਡੈ ਜਿਦਿਨ ਕ੍ਰੁਧ ਕਰਿ ਗਰਜਿ ਹੈ।
ਬਿਨੁ ਏਕ ਸਾਂਤਿ ਸੁਨ ਰੇ ਨ੍ਰਿਪਤਿ ਸੁ ਅਉਰ ਨ ਦੂਸਰ ਬਰਜਿ ਹੈ। ੧੭੮।

ਧੂਮ੍ਰ ਧੁਜਾ ਰਥ ਧੂਮ੍ਰ ਧੂਮ੍ਰ ਸਾਰਥੀ ਬਿਰਾਜਤ।
ਧੂਮ੍ਰ ਬਸਤ੍ਰ ਤਨ ਧਰੋ ਨਿਰਖਿ ਧੂਅਰੋ ਮਨਿ ਲਾਜਤ।
ਧੂਮ੍ਰ ਧਨੁਖ ਕਰ ਛਕ੍ਯੋ ਬਾਨ ਧੂਮਰੇ ਸੁਹਾਏ।
ਸੁਰ ਨਰ ਨਾਗ ਭੁਜੰਗ ਜਛ ਅਰੁ ਅਸੁਰ ਲਜਾਏ।
ਇਹ ਛਬਿ ਪ੍ਰਭਾਵ ਆਲਸ ਨ੍ਰਿਪਤਿ ਜਿਦਿਨ ਜੁਧ ਕਹ ਜੁਟ ਹੈ।
ਉਦਮ ਬਿਹੀਨ ਸੁਨ ਰੇ ਨ੍ਰਿਪਤਿ ਅਉਰ ਸਕਲ ਦਲ ਫੁਟ ਹੈ। ੧੭੯।

ਹਰਿਤ ਧੁਜਾ ਅਰੁ ਧਨੁਖ ਹਰਿਤ ਬਾਜੀ ਰਥ ਸੋਭੰਤ।
ਹਰਤ ਬਸਤ੍ਰ ਤਨ ਧਰੇ ਨਿਰਖਿ ਸੁਰ ਨਰ ਮਨ ਮੋਹੰਤ।
ਪਵਨ ਬੇਗ ਰਥ ਚਲਤ ਭ੍ਰਮਨ ਬਘੂਲਾ ਲਖਿ ਲਜਿਤ।
ਸੁਨਤ ਸ੍ਰਵਨ ਚਕ ਸਬਦ ਮੇਘ ਮਨ ਮਹਿ ਸੁਖੁ ਸਜਿਤ।
ਇਹ ਛਬਿ ਪ੍ਰਤਾਪ ਮਦ ਨਾਮ ਨ੍ਰਿਪ ਜਿਦਿਨ ਤੁਰੰਗ ਨਚਾਇ ਹੈ।
ਬਿਨੁ ਇਕ ਬਿਬੇਕ ਸੁਨ ਲੈ ਨ੍ਰਿਪਤਿ ਸਸੁ ਸਮਰਿ ਨ ਦੂਸਰ ਜਾਇ ਹੈ। ੧੮੦।

ਅਸਿਤ ਧੁਜਾ ਸਾਰਥੀ ਅਸਿਤ ਬਸਤ੍ਰੈ ਅਰੁ ਬਾਜੀ।
ਅਸਿਤ ਕਵਚ ਤਨ ਕਸੇ ਤਜਤ ਬਾਣਨ ਕੀ ਰਾਜੀ।
ਅਸਿਤ ਸਕਲ ਤਿਹ ਬਰਣ ਅਸਿਤ ਲੋਚਨ ਦੁਖ ਮਰਦਨ।
ਅਸਿਤ ਮਣਿਣ ਕੇ ਸਕਲ ਅੰਗਿ ਭੁਖਣ ਰੁਚਿ ਬਰਧਨ।
ਅਸ ਕੁਵ੍ਰਿਤਿ ਬੀਰ ਦੁਰ ਧਰਖ ਅਤਿ ਜਿਦਿਨ ਸਮਰ ਕਹ ਸਜਿ ਹੈ।
ਬਿਨੁ ਇਕ ਧੀਰਜ ਬੀਰਤ ਤਜਿ ਅਉਰ ਸਕਲ ਦਲ ਭਜਿ ਹੈ। ੧੮੧।

ਹੋਰ ਹੋਰ ਜੋ ਯੋਧੇ ਗਿਣੇ ਜਾਂਦੇ ਹਨ, ਉਨ੍ਹਾਂ ਦੇ ਸੁੰਦਰ ਨਾਂ ਹਨ। (ਉਹ) ਬਹੁਤ ਭਾਰੀ ਯੋਧੇ, ਵੱਡੇ ਸੂਰਮੇ ਅਤੇ ਬਹੁਤ ਜਿਤਾਂ ਹਾਸਲ ਕਰਨ ਵਾਲੇ ਚੰਗੇ ਲੱਛਣਾਂ ਵਾਲੇ ਹਨ। 'ਕਲਹ' ਨਾਂ ਵਾਲੀ ਇਕ ਇਸਤਰੀ ਹੈ ਜੋ ਮਹਾਨ 'ਕਲ' ਰੂਪ ਵਾਲੀ ਅਤੇ ਬਹੁਤ ਕਲੇਸ਼ ਕਰਨ ਵਾਲੀ ਹੈ। ਜਿਸ ਨੇ ਚੌਹਾਂ ਲੋਕਾਂ ਵਿਚ ਦੇਵਤਾ ਜਾਂ ਮਨੁੱਖ ਨਹੀਂ ਛਡਿਆ ਹੈ। ਸਾਰੇ ਸ਼ਸਤ੍ਰਾਂ ਅਸਤ੍ਰਾਂ ਨੂੰ ਚਲਾਉਣ ਵਿਚ ਨਿਪੁਣ ਹੈ ਅਤੇ ਉਸ ਦਾ ਭਾਰੀ ਪ੍ਰਭਾਵ ਜਾਣੀਦਾ ਹੈ। ਸਾਰੇ ਦੇਸਾਂ ਅਤੇ ਭੇਸਾਂ ਅਤੇ ਸਭ ਰਾਜਾਂ ਵਿਚ ਜਿਸ ਦਾ ਡਰ ਮੰਨਿਆ ਜਾਂਦਾ ਹੈ।੧੭੭।

'ਵੈਰ' ਨਾਂ ਦਾ ਇਕ ਬਹੁਤ ਹੀ ਨਿਡਰ ਵੀਰ ਹੈ ਜੋ ਰਣ ਵਿਚ ਜਿਤਿਆ ਨਹੀਂ ਜਾ ਸਕਦਾ। ਜਿਸ ਨੇ ਕਦੇ ਵੀ ਪਿਠ ਨਹੀਂ ਦਿੱਤੀ ਅਤੇ ਅਨੇਕਾਂ ਰਾਜਿਆਂ ਦੇ ਸਮੂਹ ਜਿਤ ਲਏ ਹਨ। ਉਸ ਦੀਆਂ ਲਾਲ ਅੱਖਾਂ ਹਨ ਅਤੇ ਸ਼ਰੀਰ ਉਤੇ ਸਜਾਏ ਸਾਰੇ ਸ਼ਸਤ੍ਰ ਲਾਲ ਹਨ। ਜਿਸ ਦੀ ਧੁਜਾ ਸੂਰਜ ਦੇ ਪ੍ਰਕਾਸ਼ ਵਾਂਗ ਹੈ ਅਤੇ (ਜਿਸ ਦੀ) ਛਬੀ ਨੂੰ ਲਾਲ ਰੰਗ ਵੀ ਵੇਖ ਕੇ ਲਜਿਤ ਹੁੰਦਾ ਹੈ। ਇਸ ਤਰ੍ਹਾਂ ਦਾ 'ਵੈਰ' ਬਹੁਤ ਵੱਡਾ ਵੀਰ ਹੈ, ਜਿਸ ਦਿਨ ਉਹ ਕ੍ਰੋਧ ਕਰ ਕੇ ਗਜੇਗਾ, ਹੇ ਰਾਜਨ! ਸੁਣੋ, ਬਿਨਾ ਇਕ 'ਸਾਂਤਿ' ਦੇ ਹੋਰ (ਕੋਈ) ਦੂਜਾ ਉਸ ਨੂੰ ਨਹੀਂ ਵਰਜੇਗਾ।੧੭੮।

(ਜਿਸ ਦੀ) ਧੂੰਏਂ ਦੀ ਧੁਜਾ, ਧੂੰਏਂ ਦਾ ਰਥ ਅਤੇ ਧੂੰਏਂ ਦਾ ਰਥਵਾਨ ਬੈਠਾ ਹੋਇਆ ਹੈ। ਧੂੰਏਂ ਦੇ ਹੀ ਬਸਤ੍ਰ ਸ਼ਰੀਰ ਉਤੇ ਧਾਰਨ ਕੀਤੇ ਹੋਏ ਹਨ, (ਜਿਨ੍ਹਾਂ ਨੂੰ) ਵੇਖ ਕੇ ਧੂੰਏਂ ਦਾ ਮਨ ਵੀ ਲਜਿਤ ਹੁੰਦਾ ਹੈ। ਧੂੰਏਂ ਦਾ ਹੀ ਧਨੁਸ਼ (ਜਿਸ ਨੇ) ਹੱਥ ਵਿਚ ਕਸਿਆ ਹੋਇਆ ਹੈ ਜਿਸ ਵਿਚ ਧੂੰਏਂ ਦੇ ਹੀ ਤੀਰ ਸੁਸ਼ੋਭਿਤ ਹਨ। (ਜਿਸ ਨੂੰ ਵੇਖ ਕੇ) ਦੇਵਤੇ, ਮਨੁੱਖ, ਨਾਗ, ਸੱਪ, ਯਕਸ਼ ਅਤੇ ਦੈਂਤ ਲਜਾਵਾਨ ਹੋ ਰਹੇ ਹਨ। ਇਸ (ਪ੍ਰਕਾਰ ਦੀ) ਛਬੀ ਦੇ ਪ੍ਰਭਾਵ ਵਾਲਾ 'ਆਲਸ', ਰਾਜਾ ਜਦੋਂ ਯੁੱਧ ਨੂੰ ਜੁਟ ਜਾਏਗਾ, ਹੇ ਰਾਜਨ! ਸੁਣੋ, 'ਉਦਮ' ਤੋਂ ਬਿਨਾ ਹੋਰ ਸਾਰਾ ਦਲ (ਉਸ ਤੋਂ) ਨਸ਼ਟ ਹੋ ਜਾਏਗਾ।੧੭੯।

ਹਰੇ ਰੰਗ ਦੀ ਧੁਜਾ, ਹਰੇ ਰੰਗ ਦਾ ਧਨੁਸ਼ ਅਤੇ ਹਰੇ ਘੋੜੇ ਅਤੇ ਹਰੇ ਰੰਗ ਦਾ ਰਥ ਸ਼ੋਭ ਰਿਹਾ ਹੈ। (ਜਿਸ ਨੇ) ਹਰੇ ਰੰਗ ਦੇ ਬਸਤ੍ਰ ਸ਼ਰੀਰ ਉਤੇ ਧਾਰਨ ਕੀਤੇ ਹੋਏ ਹਨ, (ਜਿਨ੍ਹਾਂ ਨੂੰ) ਵੇਖ ਕੇ ਦੇਵਤਿਆਂ ਅਤੇ ਮਨੁੱਖਾਂ ਦੇ ਮਨ ਮੋਹਿਤ ਹੋ ਰਹੇ ਹਨ। (ਜਿਸ ਦਾ) ਰਥ ਹਵਾ ਦੇ ਵੇਗ ਵਾਂਗ ਚਲਦਾ ਹੈ, (ਜਿਸ ਨੂੰ) ਭ੍ਰਮਦਿਆਂ ਵੇਖ ਕੇ ਵਾ-ਵਰੋਲਾ ਵੀ ਲਜਿਤ ਹੁੰਦਾ ਹੈ। (ਜਿਸ ਦੇ) ਸ਼ਬਦ ਨੂੰ ਕੰਨਾਂ ਨਾਲ ਸੁਣ ਕੇ ਹੈਰਾਨ ਹੋਇਆ ਬਦਲ ਮਨ ਵਿਚ ਸੁਖ ਅਨੁਭਵ ਕਰਦਾ ਹੈ। ਇਹ ਛਬੀ ਅਤੇ ਪ੍ਰਤਾਪ 'ਮਦ' ਨਾਂ ਦੇ ਰਾਜੇ ਦਾ ਹੈ, (ਉਹ) ਜਿਸ ਦਿਨ ਘੋੜਾ ਨਚਾਏਗਾ; ਹੇ ਰਾਜਨ! ਸੁਣ ਲਓ, ਬਿਨਾ ਇਕ 'ਬਿਬੇਕ' ਦੇ ਯੁੱਧ ਵਿਚ (ਉਸ ਦੇ ਸਾਹਮਣੇ) ਹੋਰ ਦੂਜਾ ਕੌਣ ਜਾਏਗਾ।੧੮੦।

ਕਾਲੀ (ਅਸਿਤ) ਧੁਜਾ ਹੈ, ਕਾਲਾ ਰਥਵਾਨ ਹੈ, ਬਸਤ੍ਰ ਅਤੇ ਘੋੜੇ ਵੀ ਕਾਲੇ ਹਨ, ਕਾਲਾ ਹੀ ਕਵਚ ਤਨ ਉਤੇ ਕਸਿਆ ਹੋਇਆ ਹੈ ਅਤੇ ਬਾਣਾਂ ਦੀ ਲੜੀ ਛਡੀ ਜਾ ਰਿਹਾ ਹੈ। ਉਸ ਦਾ ਸਾਰਾ ਰੰਗ ਕਾਲਾ ਹੈ ਅਤੇ ਦੁਖ ਨੂੰ ਨਸ਼ਟ ਕਰਨ ਵਾਲੀਆਂ ਕਾਲੀਆਂ ਹੀ ਅੱਖਾਂ ਹਨ। ਕਾਲੀਆਂ ਮਣੀਆਂ ਦੇ ਜ਼ੇਵਰ ਸਾਰਿਆਂ ਅੰਗਾਂ ਉਤੇ ਰੁਚੀ ਨਾਲ ਬੰਨ੍ਹੇ ਹੋਏ ਹਨ। ਇਸ ਤਰ੍ਹਾਂ ਦਾ ਬਹੁਤ ਨਿਡਰ ਯੋਧਾ 'ਕੁਵ੍ਰਿਤਿ' ਹੈ। ਜਿਸ ਦਿਨ (ਉਹ) ਯੁੱਧ ਨੂੰ ਜਾਏਗਾ, ਤਾਂ ਬਿਨਾ ਇਕ 'ਧੀਰਜ' (ਨਾਂ ਦੇ) ਯੋਧੇ ਦੇ, ਹੋਰ ਸਾਰਾ ਦਲ ਤੱਤ-ਛਿਣ ਭਜ ਜਾਏਗਾ।੧੮੧।

ਚਰਮ ਬਰਮ ਕਹ ਧਰੇ ਧਰਮ ਛਤ੍ਰੀ ਕੋ ਧਾਰਤ।
ਅਜੈ ਜਾਨਿ ਆਪਨਹਿ ਸਰਬ ਰਣ ਸੁਭਟ ਪਚਾਰਤ।
ਧਰਨ ਨ ਆਗੈ ਧੀਰ ਬੀਰ ਜਿਹ ਸਮੁਹ ਧਾਵਤ।
ਸੁਰ ਅਸੁਰ ਅਰੁ ਨਰ ਨਾਰਿ ਜਛ ਗੰਧ੍ਰਬ ਗੁਨ ਗਾਵਤ।
ਇਹ ਬਿਧਿ ਗੁਮਾਨ ਜਾ ਦਿਨ ਗਰਜ ਪਰਮ ਕ੍ਰੋਧ ਕਰ ਢੂਕ ਹੈ।
ਬਿਨੁ ਇਕ ਸੀਲ ਸੁਨ ਨ੍ਰਿਪਤਿ ਨ੍ਰਿਪਾਨਿ ਸੁ ਅਉਰ ਸਕਲ ਦਲ ਹੂਕ ਹੈ। ੧੮੨।

ਕੜਕਿ ਕ੍ਰੋਧ ਕਰਿ ਚੜਗੁ ਭੜਕਿ ਭਾਦਵਿ ਜ੍ਯੋਂ ਗਜਤ।
ਸੜਕ ਤੇਗ ਦਾਮਿਨ ਤੜਕ ਤੜਭੜ ਰਣ ਸਜਤ।
ਲੁੜਕ ਲੁਥ ਬਿਥੁਰਗ ਸੇਲ ਸਾਮੁਹਿ ਹ੍ਵੈ ਘਲਤ।
ਜਿਦਿਨ ਰੋਸ ਰਾਵਤ ਰਣਹਿ ਦੂਸਰ ਕੋ ਝਲਤ।
ਇਹ ਬਿਧਿ ਅਪਮਾਨ ਤਿਹ ਭ੍ਰਾਤ ਭਨ ਜਿਦਿਨ ਰੁਦ੍ਰ ਰਸ ਮਚਿ ਹੈ।
ਬਿਨ ਇਕ ਸੀਲ ਦੁਸੀਲ ਭਟ ਸੁ ਅਉਰ ਕਵਣ ਰਣਿ ਰਚਿ ਹੈ। ੧੮੩।

ਧਨੁਖ ਮੰਡਲਾਕਾਰ ਲਗਤ ਜਾ ਕੋ ਸਦੀਵ ਰਣ।
ਨਿਰਖਤ ਤੇਜ ਪ੍ਰਭਾਵ ਭਟਕ ਭਾਜਤ ਹੈ ਭਟ ਗਣ।
ਕਉਨ ਬਾਧਿ ਤੇ ਧੀਰ ਬੀਰ ਨਿਰਖਤ ਦੁਤਿ ਲਾਜਤ।
ਨਹਨ ਜੁਧ ਠਹਰਾਤਿ ਤ੍ਰਸਤ ਦਸਹੂੰ ਦਿਸ ਭਾਜਤ।
ਇਹ ਬਿਧਿ ਅਨਰਥ ਸਮਰਥ ਰਣਿ ਜਿਦਿਨ ਤੁਰੰਗ ਮਟਕ ਹੈ।
ਬਿਨੁ ਇਕ ਧੀਰ ਸੁਨ ਬੀਰ ਬਰੁ ਸੁ ਦੂਸਰ ਕਉਨ ਹਟਕਿ ਹੈ। ੧੮੪।

ਪ੍ਰੀਤ ਬਸਤ੍ਰ ਤਨਿ ਧਰੇ ਧੁਜਾ ਪੀਅਰੀ ਰਥ ਧਾਰੇ।
ਪੀਤ ਮਨੁਖ ਕਰਿ ਸੋਭ ਮਾਨ ਰਤਿ ਪਤਿ ਕੋ ਟਾਰੇ।
ਪੀਤ ਬਰਣ ਸਾਰਥੀ ਪੀਤ ਬਰਣੈ ਰਥ ਬਾਜੀ।
ਪੀਤ ਬਰਨ ਕੋ ਬਾਣ ਖੇਤਿ ਚੜਿ ਗਰਜਤ ਗਾਜੀ।
ਇਹ ਭਾਤਿ ਬੈਰ ਸੂਰਾ ਨ੍ਰਿਪਤਿ ਜਿਦਿਨ ਗਰਜਿ ਦਲ ਗਾਹਿ ਹੈ।
ਬਿਨੁ ਇਕ ਗਿਆਨ ਸਵਧਾਨ ਹ੍ਵੈ ਅਉਰ ਸਮਰ ਕੋ ਚਾਹਿ ਹੈ। ੧੮੫।

ਮਲਿਤ ਬਸਤ੍ਰ ਤਨਿ ਧਰੇ ਮਲਿਤ ਭੂਖਨ ਰਥ ਬਾਧੇ।
ਮਲਿਤ ਮੁਕਟ ਸਿਰ ਧਰੇ ਪਰਮ ਬਾਣਣ ਕਹ ਸਾਧੇ।
ਮਲਿਤ ਬਰਣ ਸਾਰਥੀ ਮਲਿਤ ਤਾਹੂੰ ਆਭੂਖਨ।
ਮਲਯਾਗਰ ਕੀ ਗੰਧੰ ਸਕਲ ਸਤ੍ਰੂ ਕੁਲ ਦੂਖਨ।
ਇਹ ਭਾਤਿ ਨਿੰਦ ਅਨਧਰ ਸੁਭਟ ਜਿਦਿਨ ਅਯੋਧਨ ਮਚਿ ਹੈ।
ਬਿਨੁ ਇਕ ਧੀਰਜ ਸੁਨ ਬੀਰਬਰ ਸੁ ਆਉਰ ਕਵਣ ਰਣਿ ਰਚਿ ਹੈ। ੧੮੬।

ਚੰਮ ਦਾ ਕਵਚ (ਜਿਸ ਨੇ) ਪਾਇਆ ਹੋਇਆ ਹੈ ਅਤੇ ਛਤ੍ਰੀ ਧਰਮ ਨੂੰ ਧਾਰਨ ਕੀਤਾ ਹੋਇਆ ਹੈ। ਆਪਣੇ ਆਪ ਨੂੰ ਅਜਿਤ ਜਾਣ ਕੇ ਰਣ-ਭੂਮੀ ਵਿਚ ਸਾਰਿਆਂ ਯੋਧਿਆਂ ਨੂੰ ਵੰਗਾਰਦਾ ਹੈ। ਜਿਸ ਦੇ ਸਾਹਮਣੇ ਹੋ ਕੇ ਧਾਵਾ ਕਰਦਾ ਹੈ, ਉਹ ਸੂਰਮਾ ਅਗੋਂ ਧੀਰਜ ਧਾਰਨ ਨਹੀਂ ਕਰਦਾ। ਦੇਵਤੇ, ਦੈਂਤ ਅਤੇ ਨਰ-ਨਾਰੀ, ਯਕਸ਼, ਗੰਧਰਬ (ਸਭ ਉਸ ਦੇ) ਗੁਣ ਗਾਉਂਦੇ ਹਨ। ਇਸ ਤਰ੍ਹਾਂ ਦਾ 'ਗੁਮਾਨ' (ਨਾਂ ਦਾ ਸੂਰਮਾ) ਜਿਸ ਦਿਨ ਗਜ ਵਜ ਕੇ ਬਹੁਤ ਕ੍ਰੋਧ ਨਾਲ ਆ ਢੁਕੇਗਾ, ਤਾਂ ਹੇ ਰਜਿਆਂ ਦੇ ਰਾਜੇ! ਸੁਣੋ, ਬਿਨਾ ਇਕ 'ਸੀਲ' ਦੇ ਹੋਰ ਸਾਰਾ ਦਲ ਹਾਲ-ਦੁਹਾਈ ਮਚਾਏਗਾ।੧੮੨।

ਕੜਕ ਕੇ ਕ੍ਰੋਧ ਨਾਲ ਚੜ੍ਹੇਗਾ ਅਤੇ ਭਾਦਰੋਂ ਦੀ ਬਿਜਲੀ ਵਾਂਗ ਗੱਜੇਗਾ। ਸੜਕ ਕਰ ਕੇ ਤਲਵਾਰ (ਮਿਆਨ ਤੋਂ ਨਿਕਲੇਗੀ) ਅਤੇ ਬਿਜਲੀ ਦੀ ਤੜਕ ਵਾਂਗ ਤੱਤ-ਫਟ ਰਣ ਸਜੇਗੀ। ਲੋਥਾਂ ਉਤੇ ਲੋਥਾਂ ਵਿਛ ਜਾਣਗੀਆਂ ਅਤੇ ਸਾਹਮਣੇ ਹੋ ਕੇ ਬਰਛੇ ਮਾਰੇ ਜਾਣਗੇ। ਜਿਸ ਦਿਨ ਰੋਸ ਨਾਂ ਦਾ ਰਾਜਾ ਰਣ ਮਚਾਏਗਾ, (ਉਸ ਦੀ ਝਾਲ ਨੂੰ) ਦੂਜਾ ਕੌਣ ਝਲੇਗਾ। ਇਸ ਤਰ੍ਹਾਂ ਦਾ ਉਸ ਦਾ ਭਰਾ 'ਅਪਮਾਨ' ਦਸਿਆ ਜਾਂਦਾ ਹੈ, ਜਿਸ ਦਿਨ (ਉਹ) ਰੁਦ੍ਰ ਰੂਪ ਵਿਚ ਮਚ ਪਏਗਾ, ਤਦ ਬਿਨਾ ਇਕ 'ਸੀਲ' ਅਤੇ 'ਦੁਸੀਲ' ਸੂਰਮਿਆਂ ਤੋਂ ਹੋਰ ਕੌਣ ਯੁੱਧ ਵਿਚ ਮਗਨ ਹੋ ਸਕੇਗਾ।੧੮੩।

ਜਿਸ ਦਾ ਮੰਡਲਾਕਾਰ ਵਾਲਾ ਧਨੁਸ਼ ਹੈ ਅਤੇ (ਜੋ) ਸਦਾ ਯੁੱਧ ਵਿਚ ਲਗਾ ਰਹਿੰਦਾ ਹੈ। (ਜਿਸ ਦੇ) ਤੇਜ ਦੇ ਪ੍ਰਭਾਵ ਨੂੰ ਵੇਖ ਕੇ ਸੂਰਮਿਆਂ ਦੇ ਜੁਟ ਭਟਕਦੇ ਹੋਏ ਭਜੀ ਜਾਂਦੇ ਹਨ। (ਉਸ ਦੀ) ਛਬੀ ਨੂੰ ਵੇਖ ਕੇ ਕਿਹੜੇ ਸੂਰਮੇ ਧੀਰਜ ਬੰਨ੍ਹਦੇ ਹਨ? ਸਗੋਂ ਯੋਧੇ ਲਜਿਤ ਹੁੰਦੇ ਹਨ। ਯੁੱਧ ਵਿਚ ਠਹਿਰਦੇ ਨਹੀਂ ਹਨ, ਭੈਭੀਤ ਹੋਏ ਦਸਾਂ ਦਿਸ਼ਾਵਾਂ ਵਲ ਭਜਦੇ ਜਾਂਦੇ ਹਨ। ਇਸ ਤਰ੍ਹਾਂ ਦਾ ਸਮਰਥ ਸੂਰਮਾ 'ਅਨਰਥ' ਜਿਸ ਦਿਨ ਯੁੱਧ ਵਿਚ ਘੋੜੇ ਨੂੰ ਮਟਕਾਏਗਾ, (ਹੇ ਰਾਜਨ!) ਸੁਣੋ, ਬਿਨਾ ਇਕ ਧੀਰਜ (ਨਾਂ ਦੇ) ਸੂਰਮੇ ਤੋਂ ਹੋਰ ਕੌਣ ਉਸ ਨੂੰ ਰੋਕ ਸਕੇਗਾ।੧੮੪।

ਤਨ ਉਤੇ ਪੀਲੇ ਬਸਤ੍ਰ ਧਾਰੇ ਹੋਏ ਹਨ ਅਤੇ ਰਥ ਉਤੇ ਪੀਲੀ ਧੁਜਾ ਲਗਾਈ ਹੋਈ ਹੈ। ਪੀਲਾ ਧਨੁਸ਼ ਹੱਥ ਵਿਚ ਸ਼ੋਭਦਾ ਹੈ ਅਤੇ ਕਾਮਦੇਵ ਦਾ ਮਾਨ ਦੂਰ ਕਰਦਾ ਹੈ। ਪੀਲੇ ਰੰਗ ਦਾ ਰਥਵਾਨ ਹੈ ਅਤੇ ਪੀਲੇ ਰੰਗ ਦੇ ਹੀ ਰਥ ਨਾਲ ਘੋੜੇ (ਜੁਤੇ ਹਨ) । ਪੀਲੇ ਰੰਗ ਦੇ ਬਾਣ ਹਨ। (ਉਹ) ਯੋਧਾ ਰਣ-ਭੂਮੀ ਵਿਚ ਜਾ ਕੇ ਗੱਜਦਾ ਹੈ। ਹੇ ਰਾਜਨ! ਇਸ ਭਾਂਤ ਦਾ ਸੂਰਮਾ 'ਵੈਰ' ਹੈ। ਜਿਸ ਦਿਨ (ਉਹ) ਲਲਕਾਰਾ ਮਾਰ ਕੇ ਸੈਨਾ-ਦਲ ਨੂੰ ਮਧੋਲੇਗਾ, (ਉਦੋਂ) ਬਿਨਾ ਇਕ ਗਿਆਨ ਦੇ ਹੋਰ ਕਿਹੜਾ ਸਾਵਧਾਨ ਹੋ ਕੇ ਯੁੱਧ ਨੂੰ ਚਾਹੇਗਾ।੧੮੫।

ਮੈਲੇ ਜਿਹੇ ਬਸਤ੍ਰ ਤਨ ਉਤੇ ਧਾਰਨ ਕੀਤੇ ਹੋਏ ਹਨ ਅਤੇ ਮੈਲੇ ਜਿਹੇ ਗਹਿਣੇ ਰਥ ਨਾਲ ਬੰਨ੍ਹੇ ਹੋਏ ਹਨ। ਮੈਲਾ ਜਿਹਾ ਮੁਕਟ ਸਿਰ ਉਤੇ ਧਾਰਨ ਕੀਤਾ ਹੋਇਆ ਹੈ ਅਤੇ ਬਹੁਤ ਚੰਗੇ ਬਾਣਾਂ ਨੂੰ ਸਾਧਿਆ ਹੋਇਆ ਹੈ। ਰਥਵਾਨ ਵੀ ਮੈਲੇ ਜਿਹੇ ਰੰਗ ਦਾ ਹੈ ਅਤੇ ਉਸ ਦੇ ਗਹਿਣੇ ਵੀ ਮੈਲੇ ਜਿਹੇ ਹਨ। ਮਲਯਾਗਰ (ਉਤੇ ਜੰਮੇ ਚੰਦਨ) ਦੀ ਸੁਗੰਧ ਵਾਲਾ ਅਤੇ ਸਾਰੇ ਵੈਰੀਆਂ ਦੇ ਕੁਲ ਨੂੰ ਦੁਖ ਦੇਣ ਵਾਲਾ ਹੈ। ਇਸ ਤਰ੍ਹਾਂ ਦਾ ਧੜ-ਹੀਨ ਯੋਧਾ 'ਨਿੰਦ' ਜਿਸ ਦਿਨ ਯੁੱਧ ਮਚਾਏਗਾ, ਹੇ ਸ੍ਰੇਸ਼ਠ ਸੂਰਮੇ (ਪਾਰਸ ਨਾਥ)! ਸੁਣੋ, ਬਿਨਾ ਇਕ ਧੀਰਜ ਦੇ ਹੋਰ ਕੌਣ ਯੁੱਧ ਮਚਾਏਗਾ।੧੮੬।

ਘੋਰ ਬਸਤ੍ਰ ਤਨਿ ਧਰੇ ਘੋਰ ਪਗੀਆ ਸਿਰ ਬਾਧੇ।
ਘੋਰ ਬਰਣ ਸਿਰਿ ਮੁਕਟ ਘੋਰ ਸਤ੍ਰੁਨ ਕਹ ਸਾਧੇ।
ਘੋਰ ਮੰਤ੍ਰ ਮੁਖ ਜਪਤ ਪਰਮ ਆਘੋਰ ਰੂਪ ਤਿਹ।
ਲਖਤ ਸੂਰਗ ਭਹਰਾਤ ਘੋਰ ਆਭਾ ਲਖਿ ਕੇ ਜਿਹ।
ਇਹ ਭਾਤਿ ਨਰਕ ਦੁਰ ਧਰਖ ਭਟ ਜਿਦਿਨ ਰੋਸਿ ਰਣਿ ਆਇ ਹੈ।
ਬਿਨੁ ਇਕ ਹਰਿਨਾਮ ਸੁਨ ਹੋ ਨ੍ਰਿਪਤਿ ਸੁ ਅਉਰ ਨ ਕੋਇ ਬਚਾਇ ਹੈ। ੧੮੭।

ਸਮਟ ਸਾਗ ਸੰਗ੍ਰਹੈ ਸੇਲ ਸਾਮੁਹਿ ਹ੍ਵੈ ਸੁਟੈ।
ਕਲਿਤ ਕ੍ਰੋਧ ਸੰਜੁਗਤਿ ਗਲਿਤ ਗੈਵਰ ਜਿਯੋਂ ਜੁਟੈ।
ਇਕ ਇਕ ਬਿਨੁ ਕੀਨ ਇਕ ਤੇ ਇਕ ਨ ਚਲੈ।
ਇਕ ਇਕ ਸੰਗ ਭਿੜੈ ਸਸਤ੍ਰ ਸਨਮੁਖ ਹ੍ਵੈ ਝਲੈ।
ਇਹ ਬਿਧਿ ਨਸੀਲ ਦੁਸੀਲ ਭਟ ਸਹਤ ਕੁਚੀਲ ਗਰਜਿ ਹੈ।
ਬਿਨੁ ਏਕ ਸੁਚਹਿ ਸੁਨਿ ਨ੍ਰਿਪ ਨ੍ਰਿਪਨਿ ਸੁ ਅਉਰ ਨ ਕੋਊ ਬਰਜਿ ਹੈ। ੧੮੮।

ਸਸਤ੍ਰ ਅਸਤ੍ਰ ਦੋਊ ਨਿਪੁਣ ਨਿਪੁਣ ਸਬ ਬੇਦ ਸਾਸਤ੍ਰ ਕਰ।
ਅਰੁਣ ਨੇਤ੍ਰ ਅਰੁ ਰਕਤ ਬਸਤ੍ਰ ਧ੍ਰਿਤਵਾਨ ਧਨੁਰਧਰ।
ਬਿਕਟ ਬਾਕ੍ਯ ਬਡ ਡ੍ਯਾਛ ਬਡੋ ਅਭਿਮਾਨ ਧਰੇ ਮਨ।
ਅਮਿਤ ਰੂਪ ਅਮਿਤੋਜ ਅਭੈ ਆਲੋਕ ਅਜੈ ਰਨ।
ਅਸ ਸੁਭਟ ਛੁਧਾ ਤ੍ਰਿਸਨਾ ਸਬਲ ਜਿਦਿਨ ਰੰਗ ਰਣ ਰਚਿ ਹੈ।
ਬਿਨੁ ਇਕ ਨ੍ਰਿਪਤਿ ਨਿਗ੍ਰਹ ਬਿਨਾ ਅਉਰ ਜੀਅ ਨ ਲੈ ਬਚਿ ਹੈ। ੧੮੯।

ਪਵਨ ਬੇਗ ਰਥ ਚਲਤ ਸੁ ਛਬਿ ਸਾਵਜ ਤਾੜਤਾ ਕ੍ਰਿਤ।
ਗਿਰਤ ਧਰਨ ਸੁੰਦਰੀ ਨੈਕ ਜਿਹ ਦਿਸਿ ਫਿਰਿ ਝਾਕਤ।
ਮਦਨ ਮੋਹ ਰਹਤ ਮਨੁਛ ਦੇਖਿ ਛਬਿ ਲਾਜਤ।
ਉਪਜਤ ਹੀਯ ਹੁਲਾਸ ਨਿਰਖਿ ਦੁਤਿ ਕਹ ਦੁਖ ਭਾਜਤ।
ਇਮਿ ਕਪਟ ਦੇਵ ਅਨਜੇਵ ਨ੍ਰਿਪੁ ਜਿਦਿਨ ਝਟਕ ਦੈ ਧਾਇ ਹੈ।
ਬਿਨੁ ਏਕ ਸਾਂਤਿ ਸੁਨੇਹੋ ਨ੍ਰਿਪਤਿ ਸੁ ਅਉਰ ਕਵਨ ਸਮੁਹਾਇ ਹੈ। ੧੯੦।

ਚਖਨ ਚਾਰੁ ਚੰਚਲ ਪ੍ਰਭਾਵ ਖੰਜਨ ਲਖਿ ਲਾਜਤ।
ਗਾਵਤ ਰਾਗ ਬਸੰਤ ਬੇਣ ਬੀਨਾ ਧੁਨਿ ਬਾਜਤ।
ਧਧਕਤ ਧ੍ਰਿਕਟ ਮ੍ਰਿਦੰਗ ਝਾਂਝ ਝਾਲਰ ਸੁਭ ਸੋਹਤ।
ਖਗ ਮ੍ਰਿਗ ਜਛ ਭੁਜੰਗ ਅਸਰ ਸੁਰ ਨਰ ਮਨ ਮੋਹਤ।
ਅਸ ਲੋਭ ਨਾਮ ਜੋਧਾ ਬਡੋ ਜਿਦਿਨ ਜੁਧ ਕਹ ਜੁਟਿ ਹੈ।
ਜਸ ਪਵਨ ਬੇਗ ਤੇ ਮੇਘ ਗਣ ਸੁ ਅਸ ਤਵ ਸਬ ਦਲ ਫੁਟਿ ਹੈ। ੧੯੧।

ਗੂੜ੍ਹੇ (ਜਾਂ ਭਿਆਨਕ) ਰੰਗ ਦੇ ਬਸਤ੍ਰ ਤਨ ਉਤੇ ਧਾਰਨ ਕੀਤੇ ਹੋਏ ਹਨ ਅਤੇ ਸਿਰ ਉਤੇ ਵੀ ਗਾੜ੍ਹੇ (ਜਾਂ ਭਿਆਨਕ) ਰੰਗ ਦੀ ਪਗੜੀ ਬੰਨ੍ਹੀ ਹੋਈ ਹੈ। ਗੂੜ੍ਹੇ (ਭਿਆਨਕ) ਰੰਗ ਦਾ ਸਿਰ ਉਤੇ ਮੁਕਟ ਹੈ ਅਤੇ ਭਿਆਨਕ ਵੈਰੀਆਂ ਨੂੰ ਸਾਧਣ ਵਾਲਾ ਹੈ (ਅਰਥਾਂਤਰ-ਭਿਆਨਕ ਸ਼ਸਤ੍ਰਾਂ ਦੇ ਨਿਸ਼ਾਨੇ ਬਣਾਉਂਦਾ ਹੈ)। ਮੁਖ ਤੋਂ ਭਿਆਨਕ ਮੰਤ੍ਰ ਦਾ ਜਾਪ ਕਰਦਾ ਹੈ ਅਤੇ ਜਿਸ ਦਾ ਬਹੁਤ ਭਿਆਨਕ ਰੂਪ ਹੈ। ਜਿਸ ਦੀ ਭਿਆਨਕ ਚਮਕ ਦਮਕ ਵੇਖ ਕੇ 'ਸਵਰਗ' (ਨਾਂ ਵਾਲਾ ਯੋਧਾ ਵੀ) ਕੰਬਦਾ ਹੈ। ਇਸ ਤਰ੍ਹਾਂ ਦਾ ਹੈ 'ਨਰਕ' ਨਾਂ ਦਾ ਭਿਆਨਕ ਯੋਧਾ, ਜਿਸ ਦਿਨ ਕ੍ਰੋਧ ਕਰ ਕੇ ਰਣ-ਭੂਮੀ ਵਿਚ ਆਏਗਾ, ਹੇ ਰਾਜਨ! ਸੁਣੋ, ਬਿਨਾ ਇਕ 'ਹਰਿ-ਨਾਮ' ਦੇ ਹੋਰ ਕੋਈ ਵੀ (ਉਸ ਤੋਂ) ਬਚ ਨਹੀਂ ਸਕੇਗਾ।੧੮੭।

ਜੋ ਚੰਗੀ ਤਰ੍ਹਾਂ ਸਿਮਟ ਕੇ ਬਰਛੀ ਨੂੰ ਪਕੜਦਾ ਹੈ ਅਤੇ ਸਾਹਮਣੇ ਹੋ ਕੇ ਬਰਛਾ ਸੁਟਦਾ ਹੈ। ਕ੍ਰੋਧ ਨਾਲ ਸੰਯੁਕਤ ਹੋ ਕੇ ਚਮਕਦਾ ਹੈ ਅਤੇ ਮਸਤੀ ਵਿਚ ਘੁਲੇ ਹੋਏ ਹਾਥੀ ਵਾਂਗ (ਯੁੱਧ ਵਿਚ) ਜੁਟ ਜਾਂਦਾ ਹੈ। ਇਕ ਇਕ ਕੀਤੇ ਬਿਨਾ, ਉਹ ਇਕ (ਥਾਂ ਤੋਂ) ਦੂਜੀ ਵਲ ਨਹੀਂ ਜਾਂਦਾ। (ਉਹ) ਇਕ ਨਾਲ ਇਕ ਯੁੱਧ ਕਰਦਾ ਹੈ ਅਤੇ ਸਾਹਮਣੇ ਹੋ ਕੇ ਸ਼ਸਤ੍ਰ (ਦਾ ਵਾਰ) ਝਲਦਾ ਹੈ। ਇਸ ਤਰ੍ਹਾਂ ਦੇ 'ਨਸੀਲ' (ਵਿਗੜੇ ਸੁਭਾ ਵਾਲਾ) ਅਤੇ 'ਦੁਸੀਲ' (ਕੁਰਖ਼ਤ ਸੁਭਾ ਵਾਲਾ) ਸੂਰਮੇ 'ਕੁਚੀਲ' (ਅਸ਼ੁੱਧਤਾ) ਨਾਲ ਰਲ ਕੇ ਜਦੋਂ ਲਲਕਾਰਨਗੇ, ਹੇ ਰਾਜਿਆਂ ਦੇ ਰਾਜੇ! ਸੁਣੋ, ਬਿਨਾ ਇਕ 'ਸੁਚਤਾ' (ਨਾਂ ਦੇ ਸੂਰਮੇ) ਤੋਂ ਹੋਰ ਕੋਈ ਉਨ੍ਹਾਂ ਨੂੰ ਰੋਕ ਨਹੀਂ ਸਕੇਗਾ।੧੮੮।

ਸ਼ਸਤ੍ਰ ਅਤੇ ਅਸਤ੍ਰ ਦੋਹਾਂ ਨੂੰ ਚਲਾਉਣ ਵਿਚ ਨਿਪੁਣ ਹੈ ਅਤੇ ਵੇਦ ਤੇ ਸ਼ਾਸਤ੍ਰ (ਨੂੰ ਵਿਚਾਰਨ ਵਿਚ) ਮਾਹਿਰ ਹੈ। (ਉਸ ਦੇ) ਲਾਲ ਨੇਤਰ ਹਨ ਅਤੇ ਲਾਲ ਹੀ ਬਸਤ੍ਰ ਹਨ ਅਤੇ ਧੀਰਜ ਵਾਲਾ ਧਨੁਸ਼ਧਾਰੀ ਹੈ। ਬਹੁਤ ਵਿਕਟ, ਬਾਂਕਾ ਅਤੇ ਵੱਡੀਆਂ ਅੱਖਾਂ ਵਾਲਾ ਅਤੇ ਮਨ ਵਿਚ ਵੱਡਾ ਅਭਿਮਾਨ ਧਾਰਨ ਕਰਨ ਵਾਲਾ ਹੈ। (ਜੋ) ਅਮਿਤ ਰੂਪ ਵਾਲਾ, ਅਮਿਤ ਬਲ ਵਾਲਾ, ਭੈ ਰਹਿਤ ਹੈ ਅਤੇ ਨ ਜਿਤਿਆ ਜਾ ਸਕਣ ਵਾਲਾ ਅਲੌਕਿਕ ਰਣ ਕਰਦਾ ਹੈ। ਇਸ ਤਰ੍ਹਾਂ ਦੇ ਭੁਖ ਅਤੇ ਤ੍ਰੇਹ (ਦੋਵੇਂ) ਸੂਰਮੇ ਬਹੁਤ ਬਲਵਾਨ ਹਨ। ਜਿਸ ਦਿਨ ਇਹ ਰਣ-ਭੂਮੀ ਰਚਾ ਦੇਣਗੇ, ਹੇ ਰਾਜਨ! ਬਿਨਾ ਇਕ 'ਨਿਗ੍ਰਹ' ਤੋਂ ਹੋਰ ਕੋਈ ਜੀਉਂਦਾ ਨਹੀਂ ਬਚੇਗਾ।੧੮੯।

ਪੌਣ ਦੇ ਵੇਗ ਵਾਂਗ (ਜਿਸ ਦਾ) ਰਥ ਚਲਦਾ ਹੈ ਅਤੇ ਜੋ ਹਾਥੀ ('ਸਾਵਜ') ਦੀ ਛਬੀ ਵਾਲਾ ਅਤੇ ਬਿਜਲੀ ਦੀ ਫੁਰਤੀ ਵਾਲਾ ਹੈ। (ਉਹ) ਜਿਸ ਪਾਸੇ ਵਲ ਜ਼ਰਾ ਜਿੰਨਾ ਫਿਰ ਕੇ ਝਾਕਦਾ ਹੈ, ਸੁੰਦਰ ਇਸਤਰੀਆਂ (ਮੋਹਿਤ ਹੋ ਕੇ) ਧਰਤੀ ਉਤੇ ਡਿਗ ਪੈਂਦੀਆਂ ਹਨ। ਕਾਮਦੇਵ (ਮਨ ਵਿਚ) ਮੋਹਿਆ ਰਹਿੰਦਾ ਹੈ ਅਤੇ (ਉਸ ਦੀ) ਛਬੀ ਨੂੰ ਵੇਖ ਕੇ ਮਨੁੱਖ (ਮਨ ਵਿਚ) ਲਜਿਤ ਹੁੰਦਾ ਹੈ। (ਉਸ ਦੀ) ਦੁਤੀ (ਚਮਕ) ਨੂੰ ਵੇਖ ਕੇ ਹਿਰਦੇ ਵਿਚ ਹੁਲਾਸ ਪੈਦਾ ਹੁੰਦਾ ਹੈ ਅਤੇ ਦੁਖ ਭਜ ਜਾਂਦੇ ਹਨ। ਇਸ ਤਰ੍ਹਾਂ ਦਾ ਨ ਜਿਤਿਆ ਜਾ ਸਕਣ ਵਾਲਾ 'ਕਪਟ ਦੇਵ' ਰਾਜਾ ਹੈ। (ਉਹ) ਜਿਸ ਦਿਨ ਝਟਕਾ ਦੇ ਕੇ ਧਾਵਾ ਕਰੇਗਾ, ਹੇ ਰਾਜਨ! ਸੁਣ ਲਵੋ, ਬਿਨਾ ਇਕ 'ਸਾਂਤਿ' ਦੇ ਹੋਰ ਕੌਣ ਉਸ ਦੇ ਸਾਹਮਣੇ ਆਏਗਾ।੧੯੦।

(ਜਿਸ ਦੀਆਂ) ਅੱਖਾਂ ਸੁੰਦਰ ਅਤੇ ਚੰਚਲ ਹਨ, (ਜਿਨ੍ਹਾਂ ਦੇ) ਪ੍ਰਭਾਵ ਨੂੰ ਵੇਖ ਕੇ ਮਮੋਲਾ (ਖੰਜਨ ਪੰਛੀ) ਵੀ ਸ਼ਰਮਸਾਰ ਹੁੰਦਾ ਹੈ। ਬਸੰਤ ਰਾਗ ਨੂੰ ਗਾਉਂਦਾ ਹੈ ਅਤੇ ਬੇਣ ਤੇ ਬੀਨਾ ਦੀ ਧੁਨ ਵਜਦੀ ਹੈ। 'ਧਧਕਤ' ਅਤੇ 'ਧ੍ਰਿਕਟ' (ਦੇ ਧੁਨ ਨਾਲ) ਮ੍ਰਿਦੰਗ (ਵਜਦਾ ਹੈ)। ਝਾਂਝ ਅਤੇ ਝਾਲਰ ਦੀ ਸ਼ੁਭ (ਧੁਨ) ਸ਼ੋਭਦੀ ਹੈ। (ਜੋ) ਪੰਛੀ, ਹਿਰਨ, ਯਕਸ਼, ਭੁਜੰਗ (ਸੱਪ), ਦੈਂਤ, ਦੇਵਤੇ, ਮਨੁੱਖ ਆਦਿ ਦੇ ਮਨ ਨੂੰ ਮੋਹਿਤ ਕਰ ਰਹੀ ਹੈ। ਇਸ ਨਾਂ ਦਾ ਬਹੁਤ ਵੱਡਾ ਯੋਧਾ 'ਲੋਭ' ਹੈ। ਜਿਸ ਦਿਨ (ਉਹ) ਯੁੱਧ ਵਿਚ ਜੁਟੇਗਾ, (ਹੇ ਰਾਜਨ!) ਪੌਣ ਦੇ ਵੇਗ ਨਾਲ ਬਦਲਾਂ ਦੇ ਝੁੰਡ ਜਿਵੇਂ (ਫਟ ਜਾਂਦੇ ਹਨ) ਉਸ ਤਰ੍ਹਾਂ ਤੇਰੀ ਸਭ ਸੈਨਾ ਬਿਖਰ ਜਾਏਗੀ।੧੯੧।

ਧੁਜ ਪ੍ਰਮਾਣ ਬੀਜੁਰੀ ਭੁਜਾ ਭਾਰੀ ਜਿਹ ਰਾਜਤ।
ਅਤਿ ਚੰਚਲ ਰਥ ਚਲਤ ਨਿਰਖ ਸੁਰ ਨਰ ਮੁਨਿ ਭਾਜਤ।
ਅਧਿਕ ਰੂਪ ਅਮਿਤੋਜ ਅਮਿਟ ਜੋਧਾ ਰਣ ਦੁਹ ਕਰ।
ਅਤਿ ਪ੍ਰਤਾਪ ਬਲਵੰਤ ਲਗਤ ਸਤ੍ਰੁਨ ਕਹ ਰਿਪੁ ਹਰ।
ਅਸ ਮੋਹ ਨਾਮ ਜੋਧਾ ਜਸ ਜਿਦਿਨ ਜੁਧ ਕਹ ਜੁਟਿ ਹੈ।
ਬਿਨ ਇਕ ਬਿਚਾਰ ਅਬਿਚਾਰ ਨ੍ਰਿਪ ਅਉਰ ਸਕਲ ਦਲ ਫੁਟਿ ਹੈ। ੧੯੨।

ਪਵਨ ਬੇਗ ਰਥ ਚਲਤ ਗਵਨ ਲਖਿ ਮੋਹਿਤ ਨਾਗਰ।
ਅਤਿ ਪ੍ਰਤਾਪ ਅਮਿਤੋਜ ਅਜੈ ਪ੍ਰਤਮਾਨ ਪ੍ਰਭਾਧਰ।
ਅਤਿ ਬਲਿਸਟ ਅਧਿਸਟ ਸਕਲ ਸੈਨਾ ਕਹੁ ਜਾਨਹੁ।
ਕ੍ਰੋਧ ਨਾਮ ਬਢਿਯਾਢ ਬਡੋ ਜੋਧਾ ਜੀਅ ਮਾਨਹੁ।
ਧਰਿ ਅੰਗਿ ਕਵਚ ਧਰ ਪਨਚ ਕਰਿ ਜਿਦਿਨ ਤੁਰੰਗ ਮਟਕ ਹੈ।
ਬਿਨੁ ਏਕ ਸਾਂਤਿ ਸੁਨ ਸਤਿ ਨ੍ਰਿਪ ਸੁ ਅਉਰ ਨ ਕੋਊ ਹਟਕਿ ਹੈ। ੧੯੩।

ਗਲਿਤ ਦੁਰਦ ਮਦਿ ਚੜ੍ਯੋ ਕਢਿ ਕਰਵਾਰ ਭਯੰਕਰ।
ਸ੍ਯਾਮ ਬਰਣ ਆਭਰਣ ਖਚਿਤ ਸਬ ਨੀਲ ਮਣਿਣ ਬਰ।
ਸ੍ਵਰਨ ਕਿੰਕਣੀ ਜਾਲ ਬਧੇ ਬਾਨੈਤ ਗਜੋਤਮ।
ਅਤਿ ਪ੍ਰਭਾਵ ਜੁਤਿ ਬੀਰ ਸਿਧ ਸਾਵੰਤ ਨਰੋਤਮ।
ਇਹ ਛਬਿ ਹੰਕਾਰ ਨਾਮਾ ਸੁਭਟ ਅਤਿ ਬਲਿਸਟ ਤਿਹ ਮਾਨੀਐ।
ਜਿਹ ਜਗਤ ਜੀਵ ਜੀਤੇ ਸਬੈ ਆਪ ਅਜੀਤ ਤਿਹ ਜਾਨੀਐ। ੧੯੪।

ਸੇਤ ਹਸਤ ਆਰੂੜ ਚੁਰਤ ਚਹੂੰ ਓਰਿ ਚਵਰ ਬਰ।
ਸ੍ਵਰਣ ਕਿੰਕਣੀ ਬਧੇ ਨਿਰਖਿ ਮੋਹਤ ਨਾਰੀ ਨਰ।
ਸੁਭ੍ਰ ਸੈਹਥੀ ਪਾਣਿ ਪ੍ਰਭਾ ਕਰ ਮੈ ਅਸ ਧਾਵਤ।
ਨਿਰਖਿ ਦਿਪਤਿ ਦਾਮਨੀ ਪ੍ਰਭਾ ਹੀਯਰੇ ਪਛੁਤਾਵਤ।
ਅਸ ਦ੍ਰੋਹ ਨਾਮ ਜੋਧਾ ਬਡੋ ਅਤਿ ਪ੍ਰਭਾਵ ਤਿਹ ਜਾਨੀਐ।
ਜਲ ਥਲ ਬਿਦੇਸ ਦੇਸਨ ਨ੍ਰਿਪਤਿ ਆਨ ਜਵਨ ਕੀ ਮਾਨੀਐ। ੧੯੫।

ਤਬਲ ਬਾਜ ਘੁੰਘਰਾਰ ਸੀਸ ਕਲਗੀ ਜਿਹਾ ਸੋਹਤ।
ਦ੍ਵੈ ਕ੍ਰਿਪਾਣ ਗਜਗਾਹ ਨਿਰਖਿ ਨਾਰੀ ਨਰ ਮੋਹਤ।
ਅਮਿਤ ਰੂਪ ਅਮਿਤੋਜ ਬਿਕਟ ਬਾਨੈਤ ਅਮਿਟ ਭਟ।
ਅਤਿ ਸੁਬਾਹ ਅਤਿ ਸੂਰ ਅਜੈ ਅਨਭਿਦ ਸੁ ਅਨਕਟ।
ਇਹ ਭਾਤਿ ਭਰਮ ਅਨਭਿਦ ਭਟ ਜਿਦਿਨ ਕ੍ਰੁਧ ਜੀਯ ਧਾਰ ਹੈ।
ਬਿਨ ਇਕ ਬਿਚਾਰ ਅਬਚਾਰ ਨ੍ਰਿਪ ਸਸੁ ਅਉਰ ਨ ਆਨਿ ਉਬਾਰਿ ਹੈ। ੧੯੬।

ਜਿਸ ਦੀ ਬਿਜਲੀ ਜਿਹੀ ਧੁਜਾ ਹੈ ਅਤੇ ਭਾਰੀ ਭੁਜਾਵਾਂ ਸ਼ੋਭਦੀਆਂ ਹਨ। (ਉਸ ਦਾ) ਬੜਾ ਚੰਚਲ ਰਥ ਚਲਦਾ ਹੈ ਜਿਸ ਨੂੰ ਵੇਖ ਕੇ ਦੇਵਤੇ, ਮਨੁੱਖ ਅਤੇ ਮੁਨੀ ਭਜ ਜਾਂਦੇ ਹਨ। (ਉਸ ਦਾ) ਬਹੁਤ ਅਧਿਕ ਰੂਪ ਹੈ, ਅਮਿਤ ਸ਼ਕਤੀ ਹੈ, ਅਮਿਟ ਅਤੇ ਕਠੋਰ ਯੁੱਧ ਕਰਨ ਵਾਲਾ ਯੋਧਾ ਹੈ। ਅਤਿ ਅਧਿਕ ਪ੍ਰਤਾਪ ਵਾਲਾ, ਬਲਵਾਨ ਅਤੇ ਵੈਰੀਆਂ ਨੂੰ ਸ਼ਤ੍ਰੂ-ਵਿਨਾਸ਼ਕ ਲਗਦਾ ਹੈ। ਇਸ ਤਰ੍ਹਾਂ 'ਮੋਹ' ਨਾਂ ਦਾ ਯਸ਼ਵਾਨ ਯੋਧਾ ਹੈ। (ਉਹ) ਜਿਸ ਦਿਨ ਯੁੱਧ ਵਿਚ ਜੁਟੇਗਾ, ਹੇ ਰਾਜਨ! ਬਿਨਾ ਇਕ 'ਬਿਚਾਰ' ਅਤੇ 'ਅਬਿਚਾਰ' ਦੇ ਹੋਰ ਸਾਰਾ ਦਲ ਨਸ਼ਟ ਹੋ ਜਾਏਗਾ।੧੯੨।

(ਜਿਸ ਦਾ) ਰਥ ਪੌਣ ਦੇ ਵੇਗ ਵਾਂਗ ਚਲਦਾ ਹੈ ਅਤੇ ਸਮਝਦਾਰ ਲੋਕ ਉਸ ਦੀ ਚਾਲ ਨੂੰ ਵੇਖ ਕੇ ਮੋਹਿਤ ਹੋ ਗਏ ਹਨ। (ਉਹ) ਬਹੁਤ ਪ੍ਰਤਾਪ ਵਾਲਾ, ਅਮਿਤ ਬਲ ਵਾਲਾ, ਨ ਜਿਤੇ ਜਾ ਸਕਣ ਵਾਲਾ, ਮੂਰਤੀ ਵਰਗੀ ਪ੍ਰਭਾ ਨੂੰ ਧਾਰਨ ਕਰਨ ਵਾਲਾ ਅਤੇ ਬਹੁਤ ਬਲਵਾਨ ਹੈ। (ਉਸ ਨੂੰ) ਸਾਰੀ ਸੈਨਾ ਦਾ ਆਧਾਰ (ਅਥਵਾ ਰਖਿਅਕ) ਜਾਣ ਲਵੋ। ਕ੍ਰੋਧ ਨਾਂ ਦਾ ਵਡੀਆਂ ਅੱਖਾਂ ਵਾਲਾ, ਵੱਡਾ ਯੋਧਾ ਮਨ ਵਿਚ ਮੰਨ ਲਵੋ। (ਉਸ ਨੇ) ਸ਼ਰੀਰ ਉਤੇ ਕਵਚ ਧਾਰਨ ਕੀਤਾ ਹੋਇਆ ਹੈ, ਹੱਥ ਨਾਲ ਚਿਲਾ ਚੜ੍ਹਾਇਆ ਹੋਇਆ ਹੈ। (ਉਹ) ਜਿਸ ਦਿਨ ਘੋੜਾ ਮਟਕਾਏਗਾ, ਹੇ ਰਾਜਨ! ਸੁਣੋ, ਸਚ ਕਹਿੰਦਾ ਹਾਂ, ਬਿਨਾ ਇਕ 'ਸਾਂਤਿ' ਦੇ (ਉਸ ਨੂੰ) ਹੋਰ ਕੋਈ ਰੋਕ ਨਹੀਂ ਸਕੇਗਾ।੧੯੩।

ਮਦਮਾਤੇ ਹਾਥੀ ਵਾਂਗ ਮਸਤ ਹੋ ਕੇ ਚੜ੍ਹਿਆ ਹੋਇਆ ਹੈ ਅਤੇ (ਹੱਥ ਵਿਚ) ਭਿਆਨਕ ਤਲਵਾਰ ਕਢੀ ਹੋਈ ਹੈ। ਕਾਲੇ ਰੰਗ ਦੇ ਗਹਿਣੇ ਹਨ, ਜੋ ਸਾਰੇ ਨੀਲ ਮਣੀਆਂ ਨਾਲ ਖਚਿਤ ਕੀਤੇ ਹੋਏ ਹਨ। ਸੋਨੇ ਦੀ ਕਿੰਕਣੀ (ਤੜਾਗੀ) ਦੇ ਜਾਲ ਨਾਲ ਉਤਮ ਅਤੇ ਬਾਂਕਾ ('ਬਾਨੈਤ') ਹਾਥੀ ਸਜਿਆ ਹੋਇਆ ਹੈ। ਇਸ ਦਾ ਵੀਰਤਾ ਯੁਕਤ ਬਹੁਤ ਪ੍ਰਭਾਵ ਹੈ ਅਤੇ ਸਫਲ, ਸ੍ਰੇਸ਼ਠ ਪੁਰਸ਼ (ਉਸ ਦੇ) ਅਧਿਕਾਰੀ ('ਸਾਵੰਤ') ਹਨ। ਇਹ ਹੈ ਛਬੀ 'ਹੰਕਾਰ' ਨਾਮ ਦੇ ਯੋਧੇ ਦੀ, ਉਸ ਨੂੰ ਬਹੁਤ ਬਲਵਾਨ ਮੰਨਣਾ ਚਾਹੀਦਾ ਹੈ। ਜਿਸ ਨੇ ਜਗਤ ਦੇ ਸਾਰੇ ਜੀਵ ਜਿਤੇ ਹੋਏ ਹਨ, ਪਰ ਉਹ ਆਪ ਅਜਿਤ ਜਾਣਿਆ ਜਾਂਦਾ ਹੈ। ੧੯੪।

ਸਫ਼ੈਦ ਹਾਥੀ ਉਤੇ ਸਵਾਰ ਹੈ ਅਤੇ ਚੌਹਾਂ ਪਾਸੇ ਸੁੰਦਰ ਚੌਰ ਝੁਲ ਰਹੇ ਹਨ। ਸੋਨੇ ਦੀ ਕਿੰਕਣੀ (ਤੜਾਗੀ) ਬੰਨ੍ਹੀ ਹੋਈ ਹੈ, ਜਿਸ ਨੂੰ ਵੇਖ ਕੇ ਨਰ-ਨਾਰੀ ਮੋਹਿਤ (ਹੋ ਰਹੇ ਹਨ)। ਸੁੰਦਰ ਸੈਹਥੀ (ਬਰਛੀ) ਹੱਥ ਵਿਚ ਹੈ ਅਤੇ ਤਲਵਾਰ ਹੱਥ ਵਿਚ ਚਮਕ ਰਹੀ ਹੈ। (ਉਸ ਦੀ) ਲਿਸ਼ਕ ਨੂੰ ਵੇਖ ਕੇ ਬਿਜਲੀ ਦੀ ਪ੍ਰਭਾ ਹਿਰਦੇ ਵਿਚ ਪਛਤਾ ਰਹੀ ਹੈ। ਇਸ ਤਰ੍ਹਾਂ ਦਾ 'ਦ੍ਰੋਹ' ਨਾਂ ਦਾ ਵੱਡਾ ਯੋਧਾ ਹੈ। ਉਸ ਦਾ ਬਹੁਤ ਵੱਡਾ ਪ੍ਰਭਾਵ ਜਾਣੀਦਾ ਹੈ। ਜਲ-ਥਲ ਅਤੇ ਦੇਸਾਂ ਬਿਦੇਸਾਂ ਦੇ ਰਾਜੇ ਜਿਸ ਦੀ ਆਨ ਮੰਨਦੇ ਹਨ। ੧੯੫।

ਘੋੜੇ ਉਤੇ ਰਖੇ ਹੋਏ ਧੌਂਸੇ (ਨੂੰ ਵਜਾਉਂਦਾ ਹੈ), ਸਿਰ ਉਤੇ ਘੁੰਘਰਾਲੇ ਵਾਲੇ ਹਨ ਅਤੇ ਸਿਰ ਉਤੇ ਕਲਗੀ ਸ਼ੋਭਦੀ ਹੈ। ਦੋ-ਕ੍ਰਿਪਾਨਾਂ (ਧਾਰਨ ਕੀਤੀਆਂ ਹੋਈਆਂ ਹਨ) ਅਤੇ (ਸਿਰ ਉਤੇ) ਜਿਗਾ (ਨੂੰ ਸਜਾਇਆ ਹੋਇਆ ਹੈ), (ਜਿਸ ਨੂੰ) ਵੇਖ ਕੇ ਨਰ-ਨਾਰੀ ਮੋਹਿਤ ਹੋ ਰਹੇ ਹਨ। (ਉਸ ਦਾ) ਅਮਿਤ ਰੂਪ ਹੈ, ਅਮਿਤ ਤੇਜ ਹੈ, ਕਠੋਰ ਤੀਰ-ਅੰਦਾਜ਼ ਅਤੇ ਨ ਮਿਟਣ ਵਾਲਾ ਯੋਧਾ ਹੈ। ਅਤਿ ਸੁੰਦਰ ਬਾਂਹਵਾਂ ਵਾਲਾ, ਅਤਿ ਅਧਿਕ ਸ਼ੂਰਵੀਰ, ਨ ਜਿਤਿਆ ਜਾ ਸਕਣ ਵਾਲਾ, ਨ ਭੇਦੇ ਜਾ ਸਕਣ ਵਾਲਾ ਅਤੇ ਨ ਕਟੇ ਜਾ ਸਕਣ ਵਾਲਾ ਹੈ। ਇਸ ਤਰ੍ਹਾਂ ਦਾ ਨ ਭੇਦੇ ਜਾ ਸਕਣ ਵਾਲਾ 'ਭਰਮ' (ਨਾਂ ਦਾ) ਸੂਰਮਾ ਹੈ। ਜਿਸ ਦਿਨ (ਉਹ) ਮਨ ਵਿਚ ਕ੍ਰੋਧ ਧਾਰਨ ਕਰੇਗਾ, ਹੇ ਰਾਜਨ! (ਉਸ ਦਿਨ) ਬਿਨਾ ਇਕ 'ਬਿਚਾਰ' 'ਅਬਿਚਾਰ' ਦੇ, ਹੋਰ ਕੋਈ ਵੀ ਬਚਾ ਨਹੀਂ ਸਕੇਗਾ।੧੯੬।

ਲਾਲ ਮਾਲ ਸੁਭ ਬਧੈ ਨਗਨ ਸਰਪੇਚਿ ਖਚਿਤ ਸਿਰ।
ਅਤਿ ਬਲਿਸਟ ਅਨਿਭੇਦ ਅਜੈ ਸਾਵੰਤ ਭਟਾਂਬਰ।
ਕਟਿ ਕ੍ਰਿਪਾਣ ਸੈਹਥੀ ਤਜਤ ਧਾਰਾ ਬਾਣਨ ਕਰ।
ਦੇਖਤ ਹਸਤ ਪ੍ਰਭਾਵ ਲਜਤ ਤੜਿਤਾ ਧਾਰਾਧਰ।
ਅਸ ਬ੍ਰਹਮ ਦੋਖ ਅਨਮੋਖ ਭਟ ਅਕਟ ਅਜੈ ਤਿਹ ਜਾਨੀਐ।
ਅਰਿ ਦਵਨ ਅਜੈ ਆਨੰਦ ਕਰ ਨ੍ਰਿਪ ਅਬਿਬੇਕ ਕੋ ਮਾਨੀਐ। ੧੯੭।

ਅਸਿਤ ਬਸਤ੍ਰ ਅਰੁ ਅਸਿਤ ਗਾਤ ਅਮਿਤੋਜ ਰਣਾਚਲ।
ਅਤਿ ਪ੍ਰਚੰਡ ਅਤਿ ਬੀਰ ਬੀਰ ਜੀਤੇ ਜਿਨ ਜਲ ਥਲ।
ਅਕਟ ਅਜੈ ਅਨਭੇਦ ਅਮਿਟ ਅਨਰਥਿ ਨਾਮ ਤਿਹੈ।
ਅਤਿ ਪ੍ਰਮਾਥ ਅਰਿ ਮਥਨ ਸਤ੍ਰੁ ਸੋਖਨ ਹੈ ਬ੍ਰਿਦ ਜਿਹ।
ਦੁਰ ਧਰਖ ਸੂਰ ਅਨਭੇਦ ਭਟ ਅਤਿ ਪ੍ਰਤਾਪ ਤਿਹ ਜਾਨੀਐ।
ਅਨਜੈ ਅਨੰਦ ਦਾਤਾ ਅਪਨ ਅਤਿ ਸੁਬਾਹ ਤਿਹ ਮਾਨੀਐ। ੧੯੮।

ਮੋਰ ਬਰਣ ਰਥ ਬਾਜ ਮੋਰ ਹੀ ਬਰਣ ਪਰਮ ਜਿਹ।
ਅਮਿਤ ਤੇਜ ਦੁਰ ਧਰਖ ਸਤ੍ਰੁ ਲਖ ਕਰ ਕੰਪਤ ਤਿਹ।
ਅਮਿਟ ਬੀਰ ਆਜਾਨ ਬਾਹੁ ਅਲੋਕ ਰੂਪ ਗਨ।
ਮਤਸ ਕੇਤੁ ਲਖਿ ਜਾਹਿ ਹ੍ਰਿਦੈ ਲਾਜਤ ਹੈ ਦੁਤਿ ਮਨਿ।
ਅਸ ਝੂਠ ਰੂਠਿ ਜਿਦਿਨ ਨ੍ਰਿਪਤਿ ਰਣਹਿ ਤੁਰੰਗ ਉਥਕਿ ਹੈ।
ਬਿਨੁ ਇਕ ਸਤਿ ਸੁਣ ਸਤਿ ਨ੍ਰਿਪ ਸੁ ਅਉਰ ਨ ਆਨਿ ਹਟਕਿ ਹੈ। ੧੯੯।

ਰਥ ਤੁਰੰਗ ਸਿਤ ਅਸਿਤ ਅਸਿਤ ਸਿਤ ਧੁਜਾ ਬਿਰਾਜਤ।
ਅਸਿਤ ਸੇਤਹਿ ਬਸਤ੍ਰ ਨਿਰਖਿ ਸੁਰ ਨਰ ਮੁਨਿ ਲਾਜਤ।
ਅਸਿਤ ਸੇਤ ਸਾਰਥੀ ਅਸਿਤ ਸੇਤ ਛਕਿਓ ਰਥਾਂਬਰ।
ਸੁਵਰਣ ਕਿੰਕਨੀ ਕੇਸ ਜਨੁਕ ਦੂਸਰੇ ਦੇਵੇਸੁਰ।
ਇਹ ਛਬਿ ਪ੍ਰਭਾਵ ਮਿਥਿਆ ਸੁਭਟ ਅਤਿ ਬਲਿਸਟ ਤਿਹ ਕਹ ਕਹ੍ਯੋ।
ਜਿਹ ਜਗਤ ਜੀਵ ਜੀਤੇ ਸਬੈ ਨਹਿ ਅਜੀਤ ਨਰ ਕੋ ਰਹ੍ਯੋ। ੨00।

ਚਕ੍ਰ ਬਕ੍ਰ ਕਰ ਧਰੇ ਚਾਰੁ ਬਾਗਾ ਤਨਿ ਧਾਰੇ।
ਆਨਨ ਖਾਤ ਤੰਬੋਲ ਗੰਧਿ ਉਤਮ ਬਿਸਥਾਰੇ।
ਚਵਰੁ ਚਾਰੁ ਚਹੂੰ ਓਰਿ ਢੁਰਤ ਸੁੰਦਰ ਛਬਿ ਪਾਵਤ।
ਨਿਰਖਤ ਨੈਨ ਬਸੰਤ ਪ੍ਰਭਾ ਤਾਕਹ ਸਿਰ ਨ੍ਯਾਵਤ।
ਇਹ ਬਿਧਿ ਸੁਬਾਹੁ ਚਿੰਤਾ ਸੁਭਟ ਅਤਿ ਦੁਰ ਧਰਖ ਬਖਾਨੀਐ।
ਅਨਭੰਗ ਗਾਤ ਅਨਭੈ ਸੁਭਟ ਅਤਿ ਪ੍ਰਚੰਡ ਤਿਹ ਮਾਨੀਐ। ੨੦੧।

ਸੁੰਦਰ ਲਾਲਾਂ ਦੀ ਮਾਲਾ ਬੰਨ੍ਹੀ ਹੋਈ ਹੈ ਅਤੇ ਸਿਰ ਦੀ ਪਗ ('ਸਰਪੇਚਿ') ਵਿਚ ਨਗ ਜੜ੍ਹੇ ਹੋਏ ਹਨ। ਬਹੁਤ ਬਲਵਾਨ, ਨ ਭੇਦੇ ਜਾ ਸਕਣ ਵਾਲਾ, ਨ ਜਿਤੇ ਜਾ ਸਕਣ ਵਾਲਾ, ਅਧਿਕਾਰੀਆਂ ਅਤੇ ਯੋਧਿਆਂ ਦਾ ਸਰਪ੍ਰਸਤ ਹੈ। ਲਕ ਨਾਲ ਤਲਵਾਰ ਅਤੇ (ਹੱਥ ਵਿਚ) ਬਰਛੀ ਹੈ ਅਤੇ ਹਥਾਂ ਨਾਲ ਬਾਣਾਂ ਦੀ ਝੜੀ ਲਾਈ ਹੋਈ ਹੈ। ਹਸਦੇ ਦੇ ਪ੍ਰਭਾਵ ਨੂੰ ਵੇਖ ਕੇ ਬਿਜਲੀ ਲਜਿਤ ਹੋ ਕੇ ਬਦਲਾਂ ('ਧਾਰਾਧਰ') ਵਿਚ (ਲੁਕ ਜਾਂਦੀ ਹੈ)। ਇਹੋ ਜਿਹੇ 'ਬ੍ਰਹਮ ਦੋਖ' ਅਤੇ 'ਅਨਮੋਖ' (ਨਾਂ ਦੇ) ਨ ਕਟੇ ਜਾ ਸਕਣ ਵਾਲੇ ਅਤੇ ਨ ਜਿਤੇ ਜਾ ਸਕਣ ਵਾਲੇ (ਯੋਧੇ) ਉਨ੍ਹਾਂ ਨੂੰ ਜਾਣੀਦਾ ਹੈ। (ਹੇ ਰਾਜਨ!) ਵੈਰੀ ਨੂੰ ਦਬਾਉਣ ਵਾਲਾ, ਨ ਜਿਤੇ ਜਾ ਸਕਣ ਵਾਲਾ ਅਤੇ ਆਨੰਦ ਕਰਨ ਵਾਲਾ 'ਅਬਿਬੇਕ' ਰਾਜਾ ਮੰਨਣਾ ਚਾਹੀਦਾ ਹੈ। ੧੯੭।

ਕਾਲੇ ਬਸਤ੍ਰ ਅਤੇ ਕਾਲੇ ਹੀ ਸ਼ਰੀਰ ਵਾਲਾ, ਅਮਿਤ ਬਲ ਵਾਲਾ ਅਤੇ ਯੁੱਧ ਵਿਚ ਅਚਲ ਰਹਿਣ ਵਾਲਾ ਹੈ। ਅਤਿ ਪ੍ਰਚੰਡ (ਤੇਜ ਵਾਲਾ) ਹੈ, ਅਤਿਅੰਤ ਸ਼ੂਰਵੀਰ ਹੈ ਅਤੇ ਜਿਸ ਨੇ ਜਲ ਥਲ ਦੇ ਵੀਰ ਜਿਤੇ ਹੋਏ ਹਨ। ਉਸ ਨ ਕਟੇ ਜਾਣ ਵਾਲੇ, ਨ ਜਿਤੇ ਜਾ ਸਕਣ ਵਾਲੇ, ਨ ਭੇਦੇ ਜਾ ਸਕਣ ਵਾਲੇ, ਨ ਮਿਟਣ ਵਾਲੇ ਦਾ ਨਾਂ 'ਅਨਰਥਿ' ਹੈ। ਵੈਰੀ ਨੂੰ ਬਹੁਤ ਮਿਧਣ ਅਤੇ ਮੱਥਣ ਵਾਲਾ ਹੈ ਅਤੇ ਜਿਸ ਦਾ ਧਰਮ ਹੀ ਵੈਰੀ ਨੂੰ ਸੁਕਾਉਣਾ ਹੈ। (ਇਸ ਤਰ੍ਹਾਂ) ਨਿਡਰ ਸੂਰਮਾ, ਨ ਵਿੰਨ੍ਹੇ ਜਾ ਸਕਣ ਵਾਲਾ ਯੋਧਾ ਅਤੇ ਅਤਿ ਪ੍ਰਤਾਪ ਵਾਲਾ ਜਾਣਨਾ ਚਾਹੀਦਾ ਹੈ। ਉਸ ਨੂੰ ਨ ਜਿਤੇ ਜਾ ਸਕਣ ਵਾਲਾ, ਆਪਣਿਆਂ ਨੂੰ ਆਨੰਦ ਦੇਣ ਵਾਲਾ ਅਤੇ ਮਹਾਨ ਸੂਰਵੀਰ ਯੋਧਾ ਮੰਨੀਦਾ ਹੈ।੧੯੮।

ਮੋਰ ਦੇ ਰੰਗ ਵਾਲਾ ਰਥ ਅਤੇ ਬਿਲਕੁਲ ਮੋਰ ਦੇ ਰੰਗ ਵਾਲੇ ਘੋੜੇ ਹਨ। ਅਮਿਤ ਤੇਜ ਵਾਲਾ ਅਤੇ ਭਿਆਨਕ ਯੋਧਾ ਹੈ, ਜਿਸ ਨੂੰ ਵੇਖ ਕੇ ਵੈਰੀ ਕੰਬਦੇ ਹਨ। ਅਮਿਟ ਯੋਧਾ ਹੈ, ਗੋਡਿਆਂ ਤਕ ਲੰਬੀਆਂ ਬਾਂਹਵਾਂ ਵਾਲਾ ਹੈ ਅਤੇ ਅਲੌਕਿਕ ਰੂਪ ਦਾ ਪੁੰਜ ਹੈ। ਜਿਸ ਦੀ ਚਮਕ ਨੂੰ ਵੇਖ ਕੇ ਕਾਮ ਦੇਵ ('ਮਤਸ ਕੇਤੁ') ਵੀ ਹਿਰਦੇ ਵਿਚ ਲਜਾ ਮੰਨਦਾ ਹੈ। ਇਸ ਤਰ੍ਹਾਂ ਝੂਠ ਅਤੇ ਰੂਠ (ਨਾਂ ਦੇ) ਰਾਜੇ ਜਿਸ ਦਿਨ ਰਣ ਵਿਚ ਘੋੜੇ ਨਚਾਉਣਗੇ, ਹੇ ਰਾਜਨ! ਸੁਣੋ, ਸਚ ਕਹਿੰਦਾ ਹਾਂ ਬਿਨਾ ਇਕ 'ਸਚ' ਦੇ ਹੋਰ ਕੋਈ ਵੀ ਆ ਕੇ ਉਨ੍ਹਾਂ ਨੂੰ ਰੋਕ ਨਹੀਂ ਸਕੇਗਾ।੧੯੯।

(ਜਿਸ ਦਾ) ਕਾਲਾ-ਚਿੱਟਾ ਰਥ ਹੈ ਅਤੇ ਕਾਲੇ-ਚਿੱਟੇ ਰੰਗ ਦੀ ਧੁਜਾ ਸ਼ੋਭਾਇਮਾਨ ਹੈ। ਕਾਲੇ ਚਿੱਟੇ ਰੰਗ ਦੇ ਜਿਸ ਦੇ ਬਸਤ੍ਰ ਹਨ, (ਜਿਨ੍ਹਾਂ ਨੂੰ) ਵੇਖ ਕੇ ਦੇਵਤੇ, ਮਨੁੱਖ ਅਤੇ ਮੁਨੀ ਲਜਾਵਾਨ ਹੁੰਦੇ ਹਨ। ਕਾਲਾ-ਚਿੱਟਾ ਹੀ ਰਥਵਾਨ ਹੈ ਅਤੇ ਕਾਲੇ ਚਿੱਟੇ ਰੰਗ ਵਾਲੇ ਬਸਤ੍ਰ ਨਾਲ ਸਜਿਆ ਹੋਇਆ ਹੈ। ਸੋਨੇ ਦੀ ਕਿੰਕਣੀ ਕੇਸਾਂ (ਨਾਲ ਬੰਨੀ ਹੈ) ਮਾਨੋ ਦੂਜਾ ਇੰਦਰ ਹੋਵੇ। ਇਸ ਤਰ੍ਹਾਂ ਦੀ ਛਬੀ ਅਤੇ ਪ੍ਰਭਾਵ ਵਾਲਾ 'ਮਿਥਿਆ' ਨਾਂ ਦਾ ਸੂਰਮਾ ਹੈ ਅਤੇ ਉਸ ਨੂੰ ਅਤਿ ਬਲਵਾਨ ਕਿਹਾ ਜਾਂਦਾ ਹੈ। ਜਿਸ ਨੇ ਜਗਤ ਦੇ ਸਾਰੇ ਜੀਵ ਜਿਤ ਲਏ ਹਨ ਅਤੇ ਬਿਨਾ ਜਿਤੇ ਕੋਈ ਵੀ ਮਨੁੱਖ ਨਹੀਂ ਰਿਹਾ।੨00।

(ਜਿਸ ਨੇ) ਭਿਆਨਕ ਚਕ੍ਰ ਹੱਥ ਵਿਚ ਪਕੜਿਆ ਹੋਇਆ ਹੈ ਅਤੇ ਤਨ ਉਤੇ ਸੁੰਦਰ ਪੋਸ਼ਾਕ ('ਬਾਗਾ') ਧਾਰਨ ਕੀਤੀ ਹੋਈ ਹੈ। ਮੂੰਹ ਨਾਲ ਪਾਨ ਦਾ ਬੀੜਾ ਚਬਾਉਂਦਾ ਹੈ ਅਤੇ ਸੁੰਦਰ ਸੁਗੰਧ ਖਿਲਾਰ ਰਿਹਾ ਹੈ। ਚੌਹਾਂ ਪਾਸੇ ਢੁਰਦਾ ਹੋਇਆ ਸੁੰਦਰ ਚੌਰ ਸੁੰਦਰ ਛਬੀ ਪਾ ਰਿਹਾ ਹੈ। ਸੁੰਦਰਤਾ ਨੂੰ ਅੱਖਾਂ ਨਾਲ ਵੇਖ ਕੇ ਬਸੰਤ (ਰੁਤ) ਉਸ ਅਗੇ ਸਿਰ ਨਿਵਾਉਂਦਾ ਹੈ। ਇਸ ਤਰ੍ਹਾਂ ਲੰਬੀਆਂ ਬਾਂਹਵਾਂ ਵਾਲਾ 'ਚਿੰਤਾ' (ਨਾਂ ਦਾ) ਯੋਧਾ ਅਤਿ ਭਿਆਨਕ ਸੂਰਮਾ ਕਿਹਾ ਜਾਂਦਾ ਹੈ। ਨ ਨਸ਼ਟ ਹੋਣ ਵਾਲੇ ਸ਼ਰੀਰ ਵਾਲਾ, ਡਰ ਤੋਂ ਰਹਿਤ ਅਤੇ ਅਤਿ ਪ੍ਰਚੰਡ ਤੇਜ ਵਾਲਾ (ਉਸ ਨੂੰ) ਮੰਨੀਦਾ ਹੈ।੨੦੧।

ਰੂਆਲ ਛੰਦ

ਲਾਲ ਹੀਰਨ ਕੇ ਧਰੇ ਜਿਹ ਸੀਸ ਪੈ ਬਹੁ ਹਾਰ।
ਸ੍ਵਰਣੀ ਕਿੰਕਣਿ ਸੌ ਛਕ ਗਜ ਰਾਜ ਪਬਾਕਾਰ।
ਦੁਰਦ ਰੂੜ ਦਰਿਦ੍ਰ ਨਾਮ ਸੁ ਬੀਰ ਹੈ ਸੁਨਿ ਭੂਪ।
ਕਉਨ ਤਾ ਤੇ ਜੀਤ ਹੈ ਰਣ ਆਨਿ ਰਾਜ ਸਰੂਪ। ੨੦੨।

ਜਰਕਸੀ ਕੇ ਬਸਤ੍ਰ ਹੈ ਅਰੁ ਪਰਮ ਬਾਜਾਰੂੜ।
ਪਰਮ ਰੂਪ ਪਵਿਤਰ ਗਾਤ ਅਛਿਜ ਰੂਪ ਅਗੂੜ।
ਛਤ੍ਰ ਧਰਮ ਧਰੇ ਮਹਾ ਭਟ ਬੰਸ ਕੀ ਜਿਹ ਲਾਜ।
ਸੰਕ ਨਾਮਾ ਸੂਰ ਸੋ ਸਭ ਸੂਰ ਹੈ ਸਿਰਤਾਜ। ੨੦੩।

ਪਿੰਗ ਬਾਜ ਨਹੇ ਰਥੈ ਸਹਿ ਅਡਿਗ ਬੀਰ ਅਖੰਡ।
ਅੰਤ ਰੂਪ ਧਰੇ ਮਨੋ ਅਛਿਜ ਗਾਤ ਪ੍ਰਚੰਡ।
ਨਾਮ ਸੂਰ ਅਸੋਭ ਤਾ ਕਹ ਜਾਨਹੀ ਸਭ ਲੋਕ।
ਕਉਨ ਰਾਵ ਬਿਬੇਕ ਹੈ ਜੁ ਨ ਮਾਨਿ ਹੈ ਇਹ ਸੋਕ। ੨੦੪।

ਭੁਜੰਗ ਪ੍ਰਯਾਤ ਛੰਦ

ਸਜੇ ਸ੍ਯਾਮ ਬਾਜੀ ਰਥੰ ਜਾਸੁ ਜਾਨੋ। ਮਹਾ ਜੰਗ ਜੋਧਾ ਅਜੈ ਤਾਸੁ ਮਾਨੋ।
ਅਸੰਤੁਸਟ ਨਾਮ ਮਹਾਬੀਰ ਸੋਹੈ। ਤਿਹੂੰ ਲੋਕ ਜਾ ਕੋ ਬਡੋ ਤ੍ਰਾਸ ਮੋਹੈ। ੨੦੫।

ਚੜ੍ਯੋ ਤਤ ਤਾਜੀ ਸਿਰਾਜੀਤ ਸੋਭੈ। ਸਿਰੰ ਜੈਤ ਪਤ੍ਰੰ ਲਖੇ ਚੰਦ੍ਰ ਛੋਭੈ।
ਅਨਾਸ ਊਚ ਨਾਮਾ ਮਹਾ ਸੂਰ ਸੋਹੈ। ਬਡੋ ਛਤ੍ਰਧਾਰੀ ਧਰੈ ਛਤ੍ਰ ਜੋ ਹੈ। ੨੦੬।

ਰਥੰ ਸੇਤ ਬਾਜੀ ਸਿਰਾਜੀਤ ਸੋਹੈ। ਲਖੇ ਇੰਦ੍ਰ ਬਾਜੀ ਤਰੈ ਦ੍ਰਿਸਟ ਕੋ ਹੈ।
ਹਠੀ ਬਾਬਰੀ ਕੋ ਹਿੰਸਾ ਨਾਮ ਜਾਨੋ। ਮਹਾ ਜੰਗ ਜੋਧਾ ਅਜੈ ਲੋਕ ਮਾਨੋ। ੨੦੭।

ਸੁਭੰ ਸੰਦਲੀ ਬਾਜ ਰਾਜੀ ਸਿਰਾਜੀ। ਲਖੇ ਰੂਪ ਤਾ ਕੋ ਲਜੈ ਇੰਦ੍ਰ ਬਾਜੀ।
ਕੁਮੰਤੰ ਮਹਾ ਜੰਗ ਜੋਧਾ ਜੁਝਾਰੰ। ਜਲੰ ਵਾ ਥਲੰ ਜੇਣ ਜਿਤੇ ਬਰਿਆਰੰ। ੨੦੮।

ਚੜ੍ਯੋ ਬਾਜ ਤਾਜੀ ਕੋਪਤੰ ਸਰੂਪੰ। ਧਰੇ ਚਰਮ ਬਰਮੰ ਬਿਸਾਲੰ ਅਨੂਪੰ।
ਧੁਜਾ ਬਧ ਸਿਧੰ ਅਲਜਾ ਜੁਝਾਰੰ। ਬਡੋ ਜੰਗ ਜੋਧਾ ਸੁ ਕ੍ਰੂਧੀ ਬਰਾਰੰ। ੨੦੯।

ਰੂਆਲ ਛੰਦ

ਜਿਸ ਨੇ ਸਿਰ ਉਤੇ ਲਾਲਾਂ ਅਤੇ ਹੀਰਿਆਂ ਦੇ ਬਹੁਤ ਹਾਰ ਧਾਰਨ ਕੀਤੇ ਹੋਏ ਹਨ। (ਜਿਸ ਦਾ) ਪਰਬਤ ਦੇ ਆਕਾਰ ਵਾਲਾ ਹਾਥੀ ਸੋਨੇ ਦੀਆਂ ਕਿੰਕਣੀਆਂ ਨਾਲ ਸਜਿਆ ਹੋਇਆ ਹੈ। ਹੇ ਰਾਜਨ! ਸੁਣੋ, ਹਾਥੀ ਉਤੇ ਚੜ੍ਹੇ ਹੋਏ ਉਸ ਯੋਧੇ ਦਾ ਨਾਂ 'ਦਰਿਦ੍ਰ' ਹੈ। ਉਸ ਰਾਜੇ ਦੇ ਸਰੂਪ (ਵਾਲੇ ਯੋਧੇ ਨਾਲ) ਰਣ ਵਿਚ ਆ ਕੇ ਕੌਣ ਜਿਤੇਗਾ।੨੦੨।

ਜਿਸ ਦੇ ਜ਼ਰੀਦਾਰ ਬਸਤ੍ਰ ਹਨ ਅਤੇ ਬਹੁਤ ਹੀ ਸੁੰਦਰ ਘੋੜੇ ਉਤੇ ਚੜ੍ਹਿਆ ਹੋਇਆ ਹੈ। ਬਹੁਤ ਸੁੰਦਰ ਰੂਪ ਹੈ, ਪਵਿਤ੍ਰ ਸ਼ਰੀਰ ਹੈ ਅਤੇ ਸਪਸ਼ਟ ਤੌਰ ਤੇ ਨ ਛਿਜਣ ਵਾਲਾ ਰੂਪ ਹੈ। (ਉਸ) ਮਹਾਨ ਯੋਧੇ ਨੇ ਛਤ੍ਰੀ ਧਰਮ ਧਾਰਨ ਕੀਤਾ ਹੋਇਆ ਹੈ ਅਤੇ ਜਿਸ ਨੂੰ ਆਪਣੀ ਕੁਲ ਦੀ ਲਾਜ ਹੈ। ਉਸ ਸੂਰਮੇ ਦਾ ਨਾਂ 'ਸ਼ੰਕਾ' ਹੈ ਅਤੇ ਸਾਰਿਆਂ ਸੂਰਮਿਆਂ ਦਾ ਸਿਰਤਾਜ ਹੈ।੨੦੩।

(ਜਿਸ ਦੇ) ਰਥ ਅਗੇ ਭੂਰੇ ਰੰਗ ਦੇ ਘੋੜੇ ਜੁਤੇ ਹੋਏ ਹਨ, (ਜਿਸ ਦਾ ਸਵਾਰ) ਅਡਿਗ ਅਤੇ ਖੰਡ ਯੋਧਾ ਹੈ। ਅਤਿਅੰਤ ਰੂਪ ਨੂੰ ਧਾਰਿਆ ਹੋਇਆ ਹੈ, ਮਾਨੋ ਨ ਛਿਜਣ ਵਾਲੇ ਤੇਜ ਵਾਲਾ ਸ਼ਰੀਰ ਹੈ। ਉਸ ਸੂਰਮੇ ਦਾ ਨਾਂ 'ਅਸੋਭ' ਹੈ ਅਤੇ ਉਸ ਨੂੰ ਸਭ ਲੋਗ ਜਾਣਦੇ ਹਨ। ਕੌਣ (ਹੁੰਦਾ ਹੈ) 'ਬਿਬੇਕ' ਰਾਜਾ ਜੋ ਇਸ ਦਾ ਡਰ ਨਹੀਂ ਮੰਨੇਗਾ।੨੦੪।

ਭੁਜੰਗ ਪ੍ਰਯਾਤ ਛੰਦ

ਜਿਸ ਦੇ ਰਥ ਅਗੇ ਕਾਲੇ ਰੰਗ ਦੇ ਘੋੜੇ ਜੁਤੇ ਹੋਏ ਜਾਣਦੇ ਹੋ, ਉਸ ਨੂੰ ਮਹਾਨ ਜੰਗ ਵਿਚ ਨ ਜਿਤੇ ਜਾ ਸਕਣ ਵਾਲਾ ਯੋਧਾ ਮੰਨੋ। (ਉਹ) 'ਅਸੰਤੁਸ਼ਟ' ਨਾਂ ਦਾ ਮਹਾਨ ਸੂਰਮਾ ਸੋਭ ਰਿਹਾ ਹੈ। ਤਿੰਨਾਂ ਲੋਕਾਂ ਵਿਚ ਜਿਸ ਦਾ ਬਹੁਤ ਡਰ ਮੰਨਿਆ ਜਾਂਦਾ ਹੈ।੨੦੫।

ਜੋ ਤਿਖੇ ਘੋੜੇ ਉਤੇ ਚੜ੍ਹਿਆ ਹੋਇਆ ਹੈ ਅਤੇ ਸਿਰ ਉਤੇ ਅਜਿਤ (ਕਲਗੀ) ਸੋਭ ਰਹੀ ਹੈ। ਸਿਰ ਉਪਰਲੇ ਜੈ-ਪੱਤਰ ਨੂੰ ਵੇਖ ਕੇ ਚੰਦ੍ਰਮਾ ਕ੍ਰੋਧਿਤ ਹੋ ਰਿਹਾ ਹੈ। ਉਸ ਸ਼ੋਭਾਸ਼ਾਲੀ ਸ੍ਰੇਸ਼ਠ ਯੋਧੇ ਦਾ ਨਾਂ 'ਅਨਾਸ' ਹੈ ਅਤੇ ਉਸ ਨੇ ਬਹੁਤ ਵੱਡਾ ਛਤ੍ਰ ਧਾਰਨ ਕੀਤਾ ਹੋਇਆ ਹੈ।੨੦੬।

(ਜਿਸ ਦੇ) ਰਥ ਅਗੇ ਸਫੈਦ ਘੋੜੇ (ਜੁਤੇ ਹੋਏ ਹਨ) ਅਤੇ ਸਿਰ ਉਤੇ 'ਅਜਿਤ' (ਸੂਚਕ ਕਲਗੀ) ਸ਼ੋਭਾ ਪਾ ਰਹੀ ਹੈ। (ਉਸ ਦੇ ਘੋੜਿਆਂ ਨੂੰ) ਵੇਖ ਕੇ ਇੰਦਰ ਦੇ ਘੋੜੇ ਵੀ ਨਜ਼ਰ ਹੇਠ ਨਹੀਂ ਆਉਂਦੇ ਕਿ ਉਹ ਕੀ ਹਨ। ਉਸ ਹਠੀ ਅਤੇ ਸਿਰੜੀ ਨੂੰ 'ਹਿੰਸਾ' ਨਾਮ ਵਾਲਾ ਜਾਣੋ। ਮਹਾਨ ਜੰਗ ਕਰਨ ਵਾਲਾ ਯੋਧਾ ਅਤੇ ਲੋਕ ਵਿਚ ਅਜਿਤ ਮੰਨੋ।੨੦੭।

(ਜਿਸ ਦੇ ਰਥ ਅਗੇ) ਸ਼ੀਰਜ਼ ਦੇਸ ਦੇ ਸੰਦਲੀ ਰੰਗ ਦੇ ਸੁੰਦਰ ਘੋੜੇ ਸੋਭ ਰਹੇ ਹਨ। ਜਿਨ੍ਹਾਂ ਦੇ ਰੂਪ ਨੂੰ ਵੇਖ ਕੇ ਇੰਦਰ ਦੇ ਘੋੜੇ ਵੀ ਸ਼ਰਮਾਉਂਦੇ ਹਨ। (ਉਹ) ਮਹਾਨ ਸ਼ਕਤੀ ਵਾਲਾ ਯੋਧਾ 'ਕੁਮੰਤ' ਹੈ। ਜਿਸ ਨੇ ਜਲ ਅਤੇ ਥਲ ਵਿਚ ਬਹੁਤ ਹਠੀਲੇ ਯੋਧੇ ਜਿਤੇ ਹੋਏ ਹਨ।੨੦੮।

(ਜੋ) ਕਬੂਤਰੀ ਰੰਗ ਦੇ ਤਾਜ਼ੀ ਘੋੜੇ ਉਤੇ ਚੜ੍ਹਿਆ ਹੋਇਆ ਹੈ ਅਤੇ (ਜਿਸ ਨੇ) ਵੱਡੀ ਢਾਲ ਅਤੇ ਅਨੂਪਮ ਕਵਚ ਧਾਰਨ ਕੀਤਾ ਹੋਇਆ ਹੈ। (ਰਥ ਨਾਲ) ਧੁਜਾ ਬੰਨੀ ਹੋਈ ਹੈ, (ਉਹ) ਜੁਝਾਰੂ ਯੋਧਾ 'ਅਲਜਾ' ਸਿੱਧ ਹੁੰਦਾ ਹੈ। ਉਹ ਬਹੁਤ ਵੱਡਾ ਰਣ-ਯੋਧਾ, ਕ੍ਰੋਧ ਕਰਨ ਵਾਲਾ ਅਤੇ ਬਲ ਵਾਲਾ ਹੈ।੨੦੯।

ਧਰੇ ਛੀਨ ਬਸਤ੍ਰੰ ਮਲੀਨੰ ਦਰਿਦ੍ਰੀ। ਧੁਜਾ ਫਾਟ ਬਸਤ੍ਰੰ ਸੁ ਧਾਰੇ ਉਪਦ੍ਰੀ।
ਮਹਾ ਸੂਰ ਚੋਰੀ ਕਰੋਰੀ ਸਮਾਨੰ। ਲਸੈ ਤੇਜ ਐਸੋ ਲਜੈ ਦੇਖਿ ਸ੍ਵਾਨੰ। ੨੧੦।

ਫਟੇ ਬਸਤ੍ਰ ਸਰਬੰ ਸਬੈ ਅੰਗ ਧਾਰੇ। ਬਧੇ ਸੀਸ ਜਾਰੀ ਬੁਰੀ ਅਰਧ ਜਾਰੇ।
ਚੜ੍ਯੋ ਭੀਮ ਭੈਸੰ ਮਹਾ ਭੀਮ ਰੂਪੰ। ਬਿਭੈਚਾਰ ਜੋਧਾ ਕਹੋ ਤਾਸ ਭੂਪੰ। ੨੧੧।

ਸਭੈ ਸਿਆਮ ਬਰਣੰ ਸਿਰੰ ਸੇਤ ਏਕੰ। ਨਹੇ ਗਰਧਪੰ ਸ੍ਯਂਦਨੇਕੰ ਅਨੇਕੰ।
ਧੁਜਾ ਸ੍ਯਾਮ ਬਰਣੰ ਭੁਜੰ ਭੀਮ ਰੂਪੰ। ਸਰੰ ਸ੍ਰੋਣਿਤੰ ਏਕ ਅਛੇਕ ਕੂਪੰ। ੨੧੨।

ਮਹਾ ਜੋਧ ਦਾਰਿਦ੍ਰ ਨਾਮਾ ਜੁਝਾਰੰ। ਧਰੇ ਚਰਮ ਬਰਮੰ ਸੁ ਪਾਣੰ ਕੁਠਾਰੰ।
ਬਡੋ ਚਿਤ੍ਰ ਜੋਧੀ ਕਰੋਧੀ ਕਰਾਲੰ। ਤਜੈ ਨਾਸਕਾ ਨੈਨ ਧੂਮ੍ਰੰ ਬਰਾਲੰ। ੨੧੩।

ਰੁਆਲ ਛੰਦ

ਸ੍ਵਾਮਿਘਾਤ ਕ੍ਰਿਤਘਨਤਾ ਦੋਊ ਬੀਰ ਹੈ ਦੁਰ ਧਰਖ।
ਸਤ੍ਰੁ ਸੂਰਨ ਕੇ ਸੰਘਾਰਕ ਸੈਨ ਕੇ ਭਰਤਰਖ।
ਕਉਨ ਦੋ ਥਨ ਸੋ ਜਨਾ ਜੁ ਨ ਮਾਨਿ ਹੈ ਤਿਹੰ ਤ੍ਰਾਸ।
ਰੂਪ ਅਨੂਪ ਬਿਲੋਕਿ ਕੈ ਭਟ ਭਜੈ ਹੋਇ ਉਦਾਸ। ੨੧੪।

ਮਿਤ੍ਰ ਦੋਖ ਅਰੁ ਰਾਜ ਦੋਖ ਸੁ ਏਕ ਹੀ ਹੈ ਭ੍ਰਾਤ।
ਏਕ ਬੰਸ ਦੁਹੂੰਨ ਕੋ ਅਰ ਏਕ ਹੀ ਤਿਹ ਮਾਤ।
ਛਤ੍ਰਿ ਧਰਮ ਧਰੇ ਹਠੀ ਰਣ ਧਾਇ ਹੈ ਜਿਹ ਓਰ।
ਕਉਨ ਧੀਰ ਧਰ ਭਟਾਂਬਰ ਲੇਤ ਹੈ ਝਕਝੋਰ। ੨੧੫।

ਈਰਖਾ ਅਰੁ ਉਚਾਟ ਏ ਦੋਊ ਜੰਗ ਜੋਧਾ ਸੂਰ।
ਭਾਜਿ ਹੈ ਅਵਿਲੋਕ ਕੈ ਅਰੁ ਰੀਝਿ ਹੈ ਲਖਿ ਹੂਰ।
ਕਉਨ ਧੀਰ ਧਰੈ ਭਟਾਂਬਰ ਜੀਤਿ ਹੈ ਸਬ ਸਤ੍ਰੂ।
ਦੰਤ ਲੈ ਤ੍ਰਿਣ ਭਾਜਿ ਹੈ ਭਟ ਕੋ ਨ ਗਹਿ ਹੈ ਅਤ੍ਰੂ। ੨੧੬।

ਘਾਤ ਅਉਰ ਬਸੀਕਰਣ ਬਡ ਬੀਰ ਧੀਰ ਅਪਾਰ।
ਕ੍ਰੂਰ ਕਰਮ ਕੁਠਾਰ ਪਾਣਿ ਕਰਾਲ ਦਾੜ ਬਰਿਆਰ।
ਬਿਜ ਤੇਜ ਅਛਿਜ ਗਾਤਿ ਅਭਿਜ ਰੂਪ ਦੁਰੰਤ।
ਕਉਨ ਕਉਨ ਨ ਜੀਤਿਏ ਜਿਨਿ ਜੀਵ ਜੰਤ ਮਹੰਤ। ੨੧੭।

(ਜਿਸ ਨੇ) ਪਤਲੇ ਬਸਤ੍ਰ ਧਾਰਨ ਕੀਤੇ ਹੋਏ ਹਨ (ਅਤੇ ਜੋ) ਮਲੀਨ ਅਤੇ ਦਰਿਦ੍ਰੀ ਹੈ, (ਜਿਸ ਦੀ) ਧੁਜਾ ਦਾ ਬਸਤ੍ਰ ਫਟਿਆ ਹੋਇਆ ਹੈ ਅਤੇ ਉਪਦ੍ਰਵਾਂ ਨੂੰ ਧਾਰਨ ਵਾਲਾ ਹੈ। (ਉਹ) 'ਚੋਰੀ' (ਨਾਂ ਵਾਲਾ) ਕਰੋੜੀ (ਕੁਠਾਰੀ) ਦੇ ਸਮਾਨ ਸੂਰਮਾ ਹੈ। (ਉਸ ਦਾ) ਤੇਜ (ਲਾਲਚ) ਇਸ ਤਰ੍ਹਾਂ ਲਿਸ਼ਕਦਾ ਹੈ (ਕਿ ਜਿਸ ਨੂੰ) ਵੇਖ ਕੇ ਕੁੱਤਾ ਵੀ ਸ਼ਰਮਾਉਂਦਾ ਹੈ।੨੧੦।

(ਜਿਸ ਦੇ) ਸ਼ਰੀਰ ਉਤੇ ਧਾਰਨ ਕੀਤੇ ਸਾਰੇ ਬਸਤ੍ਰ ਫਟੇ ਹੋਏ ਹਨ, (ਜਿਸ ਨੇ) ਸਿਰ ਅੱਧੀ-ਪਚੱਧੀ ਭੈੜੀ ਜਿਹੀ (ਲੋਹੇ ਦੀ) ਜਾਲੀ (ਦੀ ਪੱਗ) ਬੰਨ੍ਹੀ ਹੋਈ ਹੈ। (ਜੋ) ਬੜੇ ਭਿਆਨਕ ਰੂਪ ਵਾਲਾ ਅਤੇ ਵੱਡੇ ਆਕਾਰ ਦੇ ਝੋਟੇ ਉਤੇ ਚੜ੍ਹਿਆ ਹੋਇਆ ਹੈ। ਹੇ ਰਾਜਨ! ਉਸ ਨੂੰ 'ਵਿਭਚਾਰ' ਨਾਂ ਵਾਲਾ ਯੋਧਾ ਕਹੋ।੨੧੧।

(ਜਿਸ ਦਾ) ਸਾਰਾ ਰੰਗ ਕਾਲਾ ਹੈ, (ਕੇਵਲ) ਇਕ ਸਿਰ ਚਿੱਟਾ ਹੈ। (ਉਸ ਦੇ) ਇਕ ਰਥ ਨਾਲ ਅਨੇਕਾਂ ਖੋਤੇ ਜੁਤੇ ਹੋਏ ਹਨ। (ਉਸ ਦੀ) ਧੁਜਾ ਕਾਲੇ ਰੰਗ ਦੀ ਹੈ ਅਤੇ (ਉਸ ਦੀਆਂ) ਭੁਜਾਵਾਂ ਵਿਸ਼ਾਲ ਰੂਪ ਵਾਲੀਆਂ ਹਨ। (ਉਸ ਦੀ) ਇਕ ਅੱਖ ਲਹੂ ਦੇ ਛਪੜ ਵਰਗੀ ਅਤੇ ਇਕ ਖੂਹ ਵਰਗੀ ਹੈ।੨੧੨।

'ਦਰਿਦ੍ਰ' ਨਾਂ ਵਾਲਾ ਯੋਧਾ ਬਹੁਤ ਲੜਾਕਾ ਹੈ। (ਉਸ ਨੇ ਸ਼ਰੀਰ ਉਤੇ) ਕਵਚ ਅਤੇ ਹੱਥਾਂ ਵਿਚ ਢਾਲ ਅਤੇ ਕੁਹਾੜਾ ਧਾਰਨ ਕੀਤਾ ਹੋਇਆ ਹੈ। ਬਹੁਤ ਹੀ ਵਿਚਿਤ੍ਰ, ਭਿਆਨਕ ਅਤੇ ਗੁਸੈਲ ਯੋਧਾ ਹੈ। (ਉਹ) ਨਕ ਅਤੇ ਅੱਖਾਂ ਤੋਂ ਭਿਆਨਕ ਧੂੰਆਂ ਛਡਦਾ ਹੈ।੨੧੩।

ਰੁਆਲ ਛੰਦ

'ਸ੍ਵਾਮਿਘਾਤ' ਅਤੇ 'ਕ੍ਰਿਤਘਨਤਾ' (ਨਾਂ ਦੇ) ਦੋਵੇਂ ਭਰਾ ਭਿਆਨਕ ਯੋਧੇ ਹਨ। (ਇਹ) ਵੈਰੀ ਸੂਰਮਿਆਂ ਨੂੰ ਨਸ਼ਟ ਕਰਨ ਵਾਲੇ (ਅਤੇ ਆਪਣੀ) ਸੈਨਾ ਦੇ ਰਖਵਾਲੇ ਹਨ। (ਉਹ) ਕਿਹੜਾ ਦੋ ਥਣਾਂ ਵਾਲੀ ਇਸਤਰੀ ਤੋਂ (ਮਾਂ ਦਾ ਲਾਲ) ਜੰਮਿਆ ਹੈ ਜੋ ਇਨ੍ਹਾਂ ਦਾ ਡਰ ਨਹੀਂ ਮੰਨਦਾ ਹੈ। (ਉਨ੍ਹਾਂ ਦੇ) ਅਨੂਪਮ ਰੂਪ ਨੂੰ ਵੇਖ ਕੇ ਯੋਧੇ ਉਦਾਸ (ਨਿਰਾਸ਼) ਹੋ ਕੇ ਭਜ ਜਾਂਦੇ ਹਨ।੨੧੪।

'ਮਿਤ੍ਰਦੋਖ' ਅਤੇ 'ਰਾਜਦੋਖ' (ਦੋਵੇਂ) ਭਰਾ ਇਕੋ ਹੀ ਹਨ। ਦੋਹਾਂ ਦੀ ਇਕੋ ਹੀ ਬੰਸ ਅਤੇ ਇਕੋ ਹੀ ਉਨ੍ਹਾਂ ਦੀ ਮਾਤਾ ਹੈ। ਛਤ੍ਰੀ ਧਰਮ ਧਾਰਨ ਕਰ ਕੇ (ਦੋਵੇਂ) ਹਠੀ ਰਣ-ਭੂਮੀ ਵਿਚ ਜਿਸ ਪਾਸੇ ਵਲ ਧਾਵਾ ਕਰਦੇ ਹਨ, (ਤਾਂ) ਸੂਰਮਿਆਂ ਦੀ ਲਾਜ ਰਖਣ ਵਾਲਾ ਕਿਹੜਾ (ਯੋਧਾ) ਧੀਰਜ ਧਾਰਨ ਕਰ ਸਕਦਾ ਹੈ। (ਇਹ) ਝੰਝੋੜ ਕੇ (ਯੁੱਧ ਜਿਤ) ਲੈਂਦੇ ਹਨ।੨੧੫।

'ਈਰਖਾ' ਅਤੇ 'ਉਚਾਟ' ਇਹ ਦੋਵੇਂ ਜੰਗ ਦੇ ਸੂਰਮੇਂ ਯੋਧੇ ਹਨ। (ਇਨ੍ਹਾਂ ਨੂੰ) ਵੇਖ ਕੇ (ਵੈਰੀ) ਭਜ ਜਾਂਦੇ ਹਨ ਅਤੇ ਹੂਰਾਂ ਵੇਖ ਕੇ ਪ੍ਰਸੰਨ ਹੁੰਦੀਆਂ ਹਨ। ਕਿਹੜਾ ਪ੍ਰਤਾਪੀ ਯੋਧਾ ਧੀਰਜ ਨੂੰ ਧਾਰਨ ਕਰੇਗਾ (ਕਿਉਂਕਿ ਇਹ) ਸਾਰੇ ਵੈਰੀਆਂ ਨੂੰ ਜਿਤ ਲੈਂਦੇ ਹਨ। ਯੋਧੇ ਦੰਦਾਂ ਵਿਚ ਘਾਹ ਲੈ ਕੇ ਭਜ ਜਾਂਦੇ ਹਨ, (ਫਿਰ) ਕੋਈ ਵੀ (ਯੋਧਾ) ਅਸਤ੍ਰ-ਸ਼ਸਤ੍ਰ ਧਾਰਨ ਨਹੀਂ ਕਰਦਾ।੨੧੬।

'ਘਾਤ' ਅਤੇ 'ਬਸੀਕਰਣ' ਅਪਾਰ ਧੀਰਜ ਵਾਲੇ ਵੱਡੇ ਸੂਰਮੇ ਹਨ। ਕਠੋਰ ਕਰਮ ਰੂਪੀ ਕੁਹਾੜਾ (ਇਨ੍ਹਾਂ ਦੇ) ਹੱਥ ਵਿਚ ਹੈ ਅਤੇ ਭਿਆਨਕ ਦਾੜ੍ਹਾਂ ਵਾਲੇ ਜਰਵਾਣੇ ਹਨ। (ਇਨ੍ਹਾਂ ਦਾ) ਬਿਜਲੀ ਵਰਗਾ ਤੇਜ ਹੈ, ਨ ਛਿਜਣ ਵਾਲਾ ਸ਼ਰੀਰ ਹੈ ਅਤੇ ਨ ਭਿਜਣ ਵਾਲਾ ਡਰਾਉਣਾ ਰੂਪ ਹੈ। (ਇਨ੍ਹਾਂ ਨੇ) ਜਿੰਨੇ ਵੀ ਵੱਡੇ ਵੱਡੇ ਜੀਵ ਜੰਤੂ ਹਨ (ਉਨ੍ਹਾਂ ਵਿਚੋਂ) ਕਿਹੜਾ ਕਿਹੜਾ ਨਹੀਂ ਜਿਤਿਆ ਹੈ।੨੧੭।

ਆਪਦਾ ਅਰੁ ਝੂਠਤਾ ਅਰੁ ਬੀਰ ਬੰਸ ਕੁਠਾਰ।
ਪਰਮ ਰੂਪ ਦੁਰ ਧਰਖ ਗਾਤ ਅਮਰਖ ਤੇਜ ਅਪਾਰ।
ਅੰਗ ਅੰਗਨਿ ਨੰਗ ਬਸਤ੍ਰ ਨ ਅੰਗ ਬਲਕੁਲ ਪਾਤ।
ਦੁਸਟ ਰੂਪ ਦਰਿਦ੍ਰ ਧਾਮ ਸੁ ਬਾਣ ਸਾਧੇ ਸਾਤ। ੨੧੮।

ਬਿਯੋਗ ਅਉਰ ਅਪਰਾਧ ਨਾਮ ਸੁ ਧਾਰ ਹੈ ਜਬ ਕੋਪ।
ਕਉਨ ਠਾਢ ਸਕੈ ਮਹਾ ਬਲਿ ਭਾਜਿ ਹੈ ਬਿਨੁ ਓਪ।
ਸੂਲ ਸੈਥਨ ਪਾਨਿ ਬਾਨ ਸੰਭਾਰਿ ਹੈ ਤਵ ਸੂਰ।
ਭਾਜਿ ਹੈ ਤਜਿ ਲਾਜ ਕੋ ਬਿਸੰਭਾਰ ਹ੍ਵੈ ਸਬ ਕੂਰ। ੨੧੯।

ਭਾਨੁ ਕੀ ਸਰ ਭੇਦ ਜਾ ਦਿਨ ਤਪਿ ਹੈ ਰਣ ਸੂਰ।
ਕਉਨ ਧੀਰ ਧਰੈ ਮਹਾ ਭਟ ਭਾਜਿ ਹੈ ਸਭ ਕੂਰ।
ਸਸਤ੍ਰ ਅਸਤ੍ਰਨ ਛਾਡਿ ਕੈ ਅਰੁ ਬਾਜ ਰਾਜ ਬਿਸਾਰਿ।
ਕਾਟਿ ਕਾਟਿ ਸਨਾਹ ਤਵ ਭਟ ਭਾਜਿ ਹੈ ਬਿਸੰਭਾਰ। ੨੨0।

ਧੂਮ੍ਰ ਬਰਣ ਅਉ ਧੂਮ੍ਰ ਨੈਨ ਸੁ ਸਾਤ ਧੂਮ੍ਰ ਜੁਆਲ।
ਛੀਨ ਬਸਤ੍ਰ ਧਰੇ ਸਬੈ ਤਨ ਕ੍ਰੂਰ ਬਰਣ ਕਰਾਲ।
ਨਾਮ ਆਲਸ ਤਵਨ ਕੋ ਸੁਨਿ ਰਾਜ ਰਾਜ ਵਤਾਰ।
ਕਉਨ ਸੂਰ ਸੰਘਾਰਿ ਹੈ ਤਿਹ ਸਸਤ੍ਰ ਅਸਤ੍ਰ ਪ੍ਰਹਾਰ। ੨੨੧।

ਤੋਟਕ ਛੰਦ

ਚੜਿ ਹੈ ਗਹਿ ਕੋਪ ਕ੍ਰਿਪਾਣ ਰਣੰ। ਘਮਕੰਤ ਕਿ ਘੁੰਘਰ ਘੋਰ ਘਣੰ।
ਤਿਹ ਨਾਮ ਸੁ ਖੇਦ ਅਭੇਦ ਭਟੰ। ਤਿਹ ਬੀਰ ਸੁਧੀਰ ਲਖੋ ਨਿਪਟੰ। ੨੨੨।

ਕਲ ਰੂਪ ਕਰਾਲ ਜ੍ਵਾਲ ਜਲੰ। ਅਸਿ ਉਜਲ ਪਾਨਿ ਪ੍ਰਭਾ ਨਿਮ੍ਰਲੰ।
ਅਤਿ ਉਜਲ ਦੰਦ ਅਨੰਦ ਮਨੰ। ਕੁਕ੍ਰਿਆ ਤਿਹ ਨਾਮ ਸੁ ਜੋਧ ਗਨੰ। ੨੨੩।

ਅਤਿ ਸਿਆਮ ਸਰੂਪ ਕਰੂਪ ਤਨੰ। ਉਪਜੰ ਅਗ੍ਯਾਨ ਬਿਲੋਕਿ ਮਨੰ।
ਤਿਹ ਨਾਮ ਗਿਲਾਨਿ ਪ੍ਰਧਾਨ ਭਟੰ। ਰਣ ਮੋ ਨ ਮਹਾ ਹਠਿ ਹਾਰਿ ਹਟੰ। ੨੨੪।

ਅਤਿ ਅੰਗ ਸੁਰੰਗ ਸਨਾਹ ਸੁਭੰ। ਬਹੁ ਕਸਟ ਸਰੂਪ ਸੁ ਕਸਟ ਛੁਭੰ।
ਅਤਿ ਬੀਰ ਅਧੀਰ ਨ ਭਯੋ ਕਬ ਹੀ। ਦਿਵ ਦੇਵ ਪਛਾਨਤ ਹੈ ਸਬ ਹੀ। ੨੨੫।

'ਅਪਦਾ' (ਬਿਪਤਾ) ਅਤੇ 'ਝੂਠਤਾ' ਵੀ ਸੂਰਮਿਆਂ ਦੇ ਬੰਸ ਨੂੰ (ਨਸ਼ਟ ਕਰਨ ਲਈ) ਕੁਹਾੜੇ ਵਰਗੇ ਹਨ। (ਇਨ੍ਹਾਂ ਦਾ) ਮਹਾਨ ਰੂਪ ਹੈ, ਦ੍ਰਿੜ੍ਹ ਸ਼ਰੀਰ ਹੈ, (ਇਹ) ਬਹੁਤ ਗੁੱਸੇ ਵਾਲੇ ਅਤੇ ਅਪਾਰ ਤੇਜ ਵਾਲੇ ਹਨ। (ਇਹ) ਬਿਨਾ ਬਸਤ੍ਰਾਂ ਦੇ ਅੰਗ ਪ੍ਰਤਿ ਅੰਗ ਤੋਂ ਨੰਗੇ ਹਨ ਅਤੇ ਸ਼ਰੀਰ ਤੋਂ ਬ੍ਰਿਛਾਂ ਦੀਆਂ ਛਿਲਾਂ ਅਤੇ ਪਤਿਆਂ ਦੇ ਬਸਤ੍ਰ (ਪਾਏ ਹੋਏ ਹਨ)। (ਇਹ) ਦੁਸ਼ਟ ਰੂਪ ਵਾਲੇ ਦਰਿਦ੍ਰਤਾ ਦਾ ਘਰ ਹਨ ਅਤੇ (ਉਪਦ੍ਰਵ ਜਾਂ ਵਿਘਨ ਦੇ) ਸੱਤ ਬਾਣ ਸਾਧੇ ਹੋਏ ਹਨ।੨੧੮।

'ਬਿਯੋਗ' ਅਤੇ 'ਅਪਰਾਧ' ਨਾਂ ਦੇ (ਸੂਰਮੇ) ਜਦ ਕ੍ਰੋਧ ਧਾਰਨ ਕਰਨਗੇ, (ਤਦ) ਕਿਹੜਾ ਮਹਾ ਬਲੀ (ਉਨ੍ਹਾਂ ਦੇ ਸਾਹਮਣੇ) ਖੜੋ ਸਕੇਗਾ ਅਤੇ ਬਿਨਾ ਮਰਯਾਦਾ ਦੇ ਭਜ ਜਾਣਗੇ। (ਹੇ ਰਾਜਨ!) ਤੇਰੇ ਸੂਰਮੇ ਹੱਥ ਵਿਚ ਸੂਲ, ਬਰਛੀ ਅਤੇ ਬਾਣ ਧਾਰਨ ਕਰ ਲੈਣਗੇ, (ਪਰ) ਸਾਰੇ ਹੀ ਬੇਸੁਧ ਹੋ ਕੇ ਝੂਠੇ ਹੋਣਗੇ ਅਤੇ ਲਾਜ ਨੂੰ ਛਡ ਕੇ ਭਜ ਜਾਣਗੇ।੨੧੯।

ਜਿਸ ਦਿਨ ਰਣ ਵਿਚ ਸੂਰਜ ਵਾਂਗ ਤਪ ਕੇ (ਤੀਰਾਂ ਨਾਲ) ਵਿੰਨ੍ਹਣਗੇ, (ਉਦੋਂ) ਕਿਹੜਾ ਸੂਰਮਾ ਧੀਰਜ ਧਾਰਨ ਕਰੇਗਾ, ਸਾਰੇ ਮਹਾਨ ਯੋਧੇ ਝੂਠੇ ਪੈ ਕੇ ਭਜ ਜਾਣਗੇ। ਅਸਤ੍ਰਾਂ ਸ਼ਸਤ੍ਰਾਂ ਨੂੰ ਛਡ ਕੇ ਅਤੇ ਰਾਜ ਤੇ ਘੋੜਿਆਂ ਨੂੰ ਭੁਲਾ ਕੇ, ਤੇਰੇ ਯੋਧੇ ਕਵਚਾਂ ਨੂੰ ਕਟ ਕਟ ਕੇ ਬੇਸੁਧ ਹੋਏ ਭਜ ਜਾਣਗੇ।੨੨0।

ਧੂੰਏਂ ਵਰਗਾ ਰੰਗ ਹੈ, ਧੂੰਏਂ ਦੇ ਸਮਾਨ ਅੱਖਾਂ ਹਨ ਅਤੇ ਸੱਤਾਂ ਧੂਣਿਆਂ ਦੀ (ਮੂੰਹ ਵਿਚੋਂ) ਅੱਗ ਕੱਢਣ ਵਾਲਾ ਹੈ। (ਜਿਸ ਨੇ) ਸਾਰੇ ਸ਼ਰੀਰ ਉਤੇ ਬਾਰੀਕ ਬਸਤ੍ਰ ਧਾਰਨ ਕੀਤੇ ਹੋਏ ਹਨ ਅਤੇ (ਜਿਸ ਦਾ) ਭਿਆਨਕ ਅਤੇ ਕਠੋਰ ਰੰਗ ਹੈ। ਉਸ ਦਾ ਨਾਂ 'ਆਲਸ' ਹੈ-- ਹੇ ਰਾਜਿਆਂ ਦੇ ਅਵਤਾਰ ਰੂਪ ਰਾਜਨ! ਸੁਣੋ, ਅਸਤ੍ਰਾਂ ਸ਼ਸਤ੍ਰਾਂ ਦਾ ਵਾਰ ਕਰ ਕੇ ਕਿਹੜਾ ਸੂਰਮਾ ਉਸ ਨੂੰ ਸੰਘਾਰ ਸਕਦਾ ਹੈ।੨੨੧।

ਤੋਟਕ ਛੰਦ

ਕ੍ਰੋਧ ਨਾਲ ਤਲਵਾਰ ਪਕੜ ਕੇ ਯੁੱਧ ਲਈ ਚੜ੍ਹਦਾ ਹੈ। ਬਦਲ ਵਾਂਗ ਘੁੰਘਰੂਆਂ ਦਾ ਘਮਕਾਰ ਕਰਦਾ ਹੈ। ਉਸ ਦਾ ਨਾਂ ਨ ਭੇਦੇ ਜਾ ਸਕਣ ਵਾਲਾ 'ਖੇਦ' ਸੂਰਮਾ ਹੈ। ਉਸ ਨੂੰ ਯੋਧਿਆਂ ਵਿਚੋਂ ਨਿਪੁਣ ਯੋਧਾ ਮੰਨ ਲਵੋ।੨੨੨।

(ਜਿਸ ਦੇ) ਸੁਹਾਵਣੇ ('ਕਲ') ਰੂਪ ਵਿਚੋਂ ਭਿਆਨਕ ਅੱਗ ਬਲ ਰਹੀ ਹੈ (ਅਰਥਾਤ-- ਅਗਨੀ ਦੀਆਂ ਲਾਟਾਂ ਨਿਕਲ ਰਹੀਆਂ ਹਨ)। (ਉਸ ਨੇ) ਸਫੈਦ ਤਲਵਾਰ ਹੱਥ ਵਿਚ (ਪਕੜੀ ਹੋਈ ਹੈ ਜਿਸ ਦੀ) ਚਮਕ ਬਹੁਤ ਨਿਰਮਲ ਹੈ। (ਉਸ ਦੇ) ਦੰਦ ਬਹੁਤ ਚਿੱਟੇ ਅਤੇ ਮਨ ਨੂੰ ਆਨੰਦ (ਦੇਣ ਵਾਲੇ ਹਨ)। ਉਸ ਯੋਧੇ ਦਾ ਨਾਂ 'ਕੁਕ੍ਰਿਆ' ਗਿਣਿਆ ਜਾਂਦਾ ਹੈ।੨੨੩।

(ਜਿਸ ਦਾ) ਬਹੁਤ ਕਾਲਾ ਸਰੂਪ ਅਤੇ ਬਦਸੂਰਤ ਸ਼ਰੀਰ ਹੈ। (ਉਸ ਨੂੰ) ਵੇਖਦਿਆਂ ਹੀ ਮਨ ਵਿਚ ਅਗਿਆਨ ਉਤਪੰਨ ਹੋ ਜਾਂਦਾ ਹੈ। ਉਸ ਪ੍ਰਧਾਨ ਸੂਰਮੇ ਦਾ ਨਾਂ 'ਗਿਲਾਨਿ' ਹੈ। (ਉਹ) ਮਹਾਨ ਹਠ ਵਾਲਾ ਰਣ ਵਿਚੋਂ ਹਾਰ ਕੇ ਹਟਦਾ ਨਹੀਂ ਹੈ।੨੨੪।

ਸ਼ਰੀਰ ਉਤੇ ਅਤਿ ਸ਼ੁਭ ਅਤੇ ਸੁੰਦਰ ਕਵਚ ਹੈ। 'ਕਸ਼ਟ' ਸਰੂਪ ਵਾਲਾ (ਇਹ ਯੋਧਾ) ਬਹੁਤ ਕਸ਼ਟ ਨੂੰ ਵੀ ਖਿਝਾ ਦਿੰਦਾ ਹੈ। (ਇਹ) ਅਤਿ ਅਧਿਕ ਸੂਰਵੀਰ ਹੈ ਅਤੇ ਕਦੇ ਵੀ ਅਧੀਰ ਨਹੀਂ ਹੋਇਆ ਹੈ। (ਉਸ ਨੂੰ) ਦੇਵਤੇ ਅਤੇ ਦੈਂਤ ਸਾਰੇ ਪਛਾਣਦੇ ਹਨ।੨੨੫।

ਭਟ ਕਰਮ ਬਿਕਰਮ ਜਬੈ ਧਰਿ ਹੈ। ਰਣ ਰੰਗ ਤੁਰੰਗਹਿ ਬਿਚਰਿ ਹੈ।
ਤਬ ਬੀਰ ਸੁ ਧੀਰਹਿੰ ਕੋ ਧਰਿ ਹੈ। ਬਲ ਬਿਕ੍ਰਮ ਤੇਜ ਤਬੈ ਹਰਿ ਹੈ। ੨੨੬।

ਦੋਹਰਾ

ਇਹ ਬਿਧਿ ਤਨ ਸੂਰਾ ਸੁ ਧਰਿ ਧੈ ਹੈ ਨ੍ਰਿਪ ਅਬਿਬੇਕ।
ਨ੍ਰਿਪ ਬਿਬੇਕ ਕੀ ਦਿਸਿ ਸੁਭਟ ਠਾਢ ਨ ਰਹਿ ਹੈ ਏਕ। ੨੨੭।

ਇਤਿ ਸ੍ਰੀ ਬਚਿਤ੍ਰ ਨਾਟਕ ਗ੍ਰੰਥੇ ਪਾਰਸ ਮਛਿੰਦ੍ਰ ਸੰਬਾਦੇ ਨ੍ਰਿਪ ਅਬਿਬੇਕ ਆਗਮਨ ਨਾਮ ਸੁਭਟ ਬਰਨਨੰ ਨਾਮ ਧਿਆਇ ਸਮਾਪਤਮ ਸਤ ਸੁਭਮ ਸਤ।

ਅਥ ਨ੍ਰਿਪ ਬਿਬੇਕ ਦੇ ਦਲ ਕਥਨੰ

ਛਪਯ ਛੰਦ

ਜਿਹ ਪ੍ਰਕਾਰ ਅਬਿਬੇਕ ਨ੍ਰਿਪਤਿ ਦਲ ਸਹਿਤ ਬਖਾਨੇ।
ਨਾਮ ਠਾਮ ਆਭਰਨ ਸੁ ਰਥ ਸਭ ਕੇ ਹਮ ਜਾਨੇ।
ਸਸਤ੍ਰ ਅਸਤ੍ਰ ਅਰੁ ਧਨੁਖ ਧੁਜਾ ਜਿਹ ਬਰਣ ਉਚਾਰੀ।
ਤ੍ਵਪ੍ਰਸਾਦ ਮੁਨਿ ਦੇਵ ਸਕਲ ਸੁ ਬਿਬੇਕ ਬਿਚਾਰੀ।
ਕਰਿ ਕ੍ਰਿਪਾ ਸਕਲ ਜਿਹ ਬਿਧਿ ਕਹੇ ਤਿਹ ਬਿਧਿ ਵਹੈ ਬਖਾਨੀਐ।
ਕਿਹ ਛਬਿ ਪ੍ਰਭਾਵ ਕਿਹ ਦੁਤਿ ਨ੍ਰਿਪਤਿ ਨ੍ਰਿਪ ਬਿਬੇਕ ਅਨੁਮਾਨੀਐ। ੨੨੮।

ਅਧਿਕ ਨ੍ਯਾਸ ਮੁਨਿ ਕੀਨ ਮੰਤ੍ਰ ਬਹੁ ਭਾਤਿ ਉਚਾਰੇ।
ਤੰਤ੍ਰ ਭਲੀ ਬਿਧਿ ਸਧੇ ਜੰਤ੍ਰ ਬਹੁ ਬਿਧਿ ਲਿਖਿ ਡਾਰੇ।
ਅਤਿ ਪਵਿਤ੍ਰ ਹੁਐ ਆਪ ਬਹੁਰਿ ਉਚਾਰ ਕਰੋ ਤਿਹ।
ਨ੍ਰਿਪ ਬਿਬੇਕ ਅਬਿਬੇਕ ਸਹਿਤ ਸੈਨ ਕਥ੍ਯੋ ਜਿਹ।
ਸੁਰ ਅਸੁਰ ਚਕ੍ਰਿਤ ਚਹੁ ਦਿਸ ਭਏ ਅਨਲ ਪਵਨ ਸਸਿ ਸੂਰ ਸਬ।
ਕਿਹ ਬਿਧਿ ਪ੍ਰਕਾਸ ਕਰਿ ਹੈ ਸੰਘਾਰ ਜਕੇ ਜਛ ਗੰਧਰਬ ਸਬ। ੨੨੯।

ਸੇਤ ਛਤ੍ਰ ਸਿਰ ਧਰੈ ਸੇਤ ਬਾਜੀ ਰਥ ਰਾਜਤ।
ਸੇਤ ਸਸਤ੍ਰ ਤਨ ਸਜੇ ਨਿਰਖਿ ਸੁਰ ਨਰ ਭ੍ਰਮਿ ਭਾਜਤ।
ਚੰਦ ਚਕ੍ਰਿਤ ਹ੍ਵੈ ਰਹਤ ਭਾਨੁ ਭਵਤਾ ਲਖਿ ਭੁਲਤ।
ਭ੍ਰਮਰ ਪ੍ਰਭਾ ਲਖਿ ਭ੍ਰਮਤ ਅਸੁਰ ਸੁਰ ਨਰ ਡਗ ਡੁਲਤ।
ਇਹ ਛਬਿ ਬਿਬੇਕ ਰਾਜਾ ਨ੍ਰਿਪਤਿ ਅਤਿ ਬਲਿਸਟ ਤਿਹ ਮਾਨੀਐ।
ਮੁਨਿ ਗਨ ਮਹੀਪ ਬੰਦਤ ਸਕਲ ਤੀਨਿ ਲੋਕਿ ਮਹਿ ਜਾਨੀਐ। ੨੩੦।

ਚਮਰ ਚਾਰੁ ਚਹੂੰ ਓਰ ਢੁਰਤ ਸੁੰਦਰ ਛਬਿ ਪਾਵਤ।
ਨਿਰਖਿ ਹੰਸ ਤਿਹ ਢੁਰਨਿ ਮਾਨ ਸਰਵਰਹਿ ਲਜਾਵਤ।

'ਕਰਮ' ਨਾਂ ਦਾ ਯੋਧਾ ਜਦੋਂ ਸ਼ਕਤੀ ('ਬਿਕਰਮ') ਨੂੰ ਧਾਰਨ ਕਰੇਗਾ ਅਤੇ ਰਣ-ਭੂਮੀ ਵਿਚ ਘੋੜੇ ਉਤੇ ਵਿਚਰੇਗਾ। (ਤਦ ਹੇ ਰਾਜਨ!) ਤੇਰਾ ਕਿਹੜਾ ਸੂਰਮਾ ਧੀਰਜ ਨੂੰ ਧਾਰਨ ਕਰੇਗਾ, (ਉਹ) ਉਸੇ ਵੇਲੇ ਬਲ ਅਤੇ ਸ਼ਕਤੀ ਨੂੰ ਹਰ ਲਵੇਗਾ।੨੨੬।

ਦੋਹਰਾ

ਇਸ ਤਰ੍ਹਾਂ ਅਬਿਬੇਕ ਰਾਜੇ ਦੇ ਸੂਰਮੇ ਸ਼ਰੀਰ ਧਾਰ ਕੇ (ਜਦ) ਹਮਲਾ ਕਰਨਗੇ, (ਤਦ) ਬਿਬੇਕ ਰਾਜੇ ਦੇ ਪਖ ਦੇ ਸੂਰਮਿਆਂ ਵਿਚੋਂ ਇਕ ਵੀ (ਰਣ-ਭੂਮੀ ਵਿਚ) ਖੜੋਤਾ ਨਹੀਂ ਰਹੇਗਾ।੨੨੭।

ਇਥੇ ਸ੍ਰੀ ਬਚਿਤ੍ਰ ਨਾਟਕ ਗ੍ਰੰਥ ਦੇ ਪਾਰਸ ਮਛਿੰਦ੍ਰ ਸੰਵਾਦ ਦੇ ਅਬਿਬੇਕ ਰਾਜਾ ਦੇ 'ਆਗਮਨ ਨਾਮ ਵਾਲੇ ਸੁਭਟ ਬਰਨਨ' ਨਾਂ ਵਾਲੇ ਅਧਿਆਇ ਦੀ ਸਮਾਪਤੀ, ਸਭ ਸ਼ੁਭ ਹੈ।

ਹੁਣ ਬਿਬੇਕ ਰਾਜੇ ਦੇ ਦਲ ਦਾ ਕਥਨ

ਛਪਯ ਛੰਦ

ਜਿਸ ਤਰ੍ਹਾਂ 'ਅਬਿਬੇਕ' ਰਾਜੇ ਦਾ ਦਲ ਸਹਿਤ ਵਰਣਨ ਕੀਤਾ ਹੈ ਅਤੇ ਸਾਰਿਆਂ ਦੇ ਨਾਂ, ਠਿਕਾਣੇ, ਗਹਿਣੇ, ਰਥ ਆਦਿ ਅਸੀਂ ਜਾਣ ਲਏ ਹਨ। ਸ਼ਸਤ੍ਰ, ਅਸਤ੍ਰ, ਧਨੁਸ਼, ਧੁਜਾ, ਰੰਗ ਆਦਿ ਦਾ ਜਿਹੜਾ (ਤੁਸੀਂ) ਕ੍ਰਿਪਾ ਪੂਰਵਕ ਵਰਣਨ ਕੀਤਾ ਹੈ, ਹੇ ਮੁਨੀ ਦੇਵ! ਉਸੇ ਤਰ੍ਹਾਂ 'ਬਿਬੇਕ' ਦਾ ਸਾਰਾ ਵਿਚਾਰ ਕਰੋ। ਕ੍ਰਿਪਾ ਕਰ ਕੇ ਜਿਸ ਤਰ੍ਹਾਂ (ਅਬਿਬੇਕ ਦਾ) ਸਾਰਾ ਵਰਣਨ ਕੀਤਾ ਹੈ, ਉਸੇ ਤਰ੍ਹਾਂ (ਬਿਬੇਕ ਦਾ) ਬਖਾਨ ਕਰੋ। ਕਿਸ ਤਰ੍ਹਾਂ ਦੀ ਛਬੀ, ਪ੍ਰਭਾਵ ਅਤੇ ਕਿਹੋ ਜਿਹੀ ਚਮਕ ਰਾਜਿਆਂ ਦੇ ਰਾਜੇ ਬਿਬੇਕ ਦੀ ਹੈ। (ਉਸ ਦਾ) ਅਨੁਮਾਨਿਕ ਸਰੂਪ ਦਸੋ (ਅਰਥਾਤ--ਵਰਣਨ ਕਰੋ)।੨੨੮।

(ਮਛਿੰਦ੍ਰ) ਮੁਨੀ ਨੇ ਬਹੁਤ ਸਾਰੇ ਸਾਧਨ ਕੀਤੇ ਅਤੇ ਬਹੁਤ ਭਾਂਤ ਦੇ ਮੰਤ੍ਰ ਉਚਾਰੇ। ਚੰਗੀ ਤਰ੍ਹਾਂ ਤੰਤ੍ਰਾਂ ਨੂੰ ਸਾਧਿਆ ਅਤੇ ਬਹੁਤ ਤਰ੍ਹਾਂ ਦੇ ਜੰਤ੍ਰ ਲਿਖ ਦਿੱਤੇ। (ਪਹਿਲਾਂ) ਆਪ ਬਹੁਤ ਪਵਿਤ੍ਰ ਹੋਏ ਅਤੇ ਫਿਰ ਉਨ੍ਹਾਂ ਦਾ ਉਚਾਰਨ ਕੀਤਾ। ਰਾਜਾ 'ਬਿਬੇਕ' (ਦਾ ਉਸੇ ਤਰ੍ਹਾਂ ਵਰਣਨ ਕੀਤਾ) ਜਿਸ ਤਰ੍ਹਾਂ 'ਅਬਿਬੇਕ' ਦਾ ਸੈਨਾ ਸਹਿਤ ਕਥਨ ਕੀਤਾ ਸੀ। ਚੌਹਾਂ ਪਾਸੇ ਦੇਵਤੇ, ਦੈਂਤ, ਅਗਨੀ, ਵਾਯੂ, ਚੰਦ੍ਰਮਾ, ਸੂਰਜ ਆਦਿ ਸਾਰੇ ਹੈਰਾਨ ਹੋ ਗਏ। ਕਿਸ ਤਰ੍ਹਾਂ (ਮੁਨੀ) ਭਿਆਨਕ ਸੰਘਰਸ਼ ('ਸੰਘਾਰ') ਦਾ ਪ੍ਰਕਾਸ਼ ਕਰਨਗੇ, (ਇਹ ਵਿਚਾਰ ਕੇ) ਸਾਰੇ ਯਕਸ਼ ਤੇ ਗੰਧਰਬ ਹੈਰਾਨ ਹੋ ਰਹੇ ਸਨ।੨੨੯।

ਚਿੱਟਾ ਛਤ੍ਰ ਸਿਰ ਉਤੇ ਧਰਿਆ ਹੋਇਆ ਹੈ ਅਤੇ ਚਿੱਟੇ ਰਥ ਅਗੇ ਚਿੱਟੇ ਰੰਗ ਦੇ ਘੋੜੇ (ਜੁਤੇ ਹੋਏ ਹਨ)। ਚਿੱਟੇ ਰੰਗ ਦੇ ਸ਼ਸਤ੍ਰ ਸ਼ਰੀਰ ਉਤੇ ਸਜੇ ਹੋਏ ਹਨ, (ਜਿਸ ਨੂੰ) ਵੇਖ ਕੇ ਦੇਵਤੇ ਅਤੇ ਮਨੁੱਖ ਭਰਮ ਵਿਚ ਭਜੇ ਫਿਰਦੇ ਹਨ। ਚੰਦ੍ਰਮਾ ਹੈਰਾਨ ਹੋ ਰਿਹਾ ਹੈ, ਸੂਰਜ ਪ੍ਰਭੁਤਾ ਵੇਖ ਕੇ (ਆਪਣਾ ਕਾਰਜ) ਭੁਲ ਗਿਆ ਹੈ। ਭੌਰੇ (ਉਸ ਦੇ) ਪ੍ਰਕਾਸ਼ ਨੂੰ ਵੇਖ ਕੇ ਭਰਮਦੇ ਫਿਰਦੇ ਹਨ ਅਤੇ ਦੈਂਤ, ਦੇਵਤੇ ਤੇ ਮਨੁੱਖ ਡਾਵਾਂ ਡੋਲ ਹੋਏ ਫਿਰਦੇ ਹਨ। ਹੇ ਰਾਜਨ! ਇਹ ਛਬੀ 'ਬਿਬੇਕ' ਰਾਜਾ ਦੀ ਹੈ। ਉਸ ਨੂੰ ਅਤਿਅੰਤ ਬਲਵਾਨ ਮੰਨਿਆ ਜਾਂਦਾ ਹੈ। ਮੁਨੀਆਂ ਦੀਆਂ ਮੰਡਲੀਆਂ ਅਤੇ ਸਾਰੇ ਰਾਜੇ (ਉਸ ਨੂੰ) ਬੰਦਨਾਂ ਕਰਦੇ ਹਨ। (ਇਸ ਤਰ੍ਹਾਂ ਉਹ) ਤਿੰਨਾਂ ਲੋਕਾਂ ਵਿਚ ਜਾਣਿਆ ਜਾਂਦਾ ਹੈ।੨੩੦।

ਚੌਹਾਂ ਪਾਸੇ ਸੁੰਦਰ ਚੌਰ ਝੁਲਦਾ ਹੈ, ਜੋ ਬਹੁਤ ਹੀ ਸੁੰਦਰ ਛਬੀ ਪ੍ਰਾਪਤ ਕਰ ਰਿਹਾ ਹੈ। (ਚੌਰ ਦੇ) ਢੁਰਨ ਨੂੰ ਵੇਖ ਕੇ ਮਾਨ-ਸਰੋਵਰ ਦੇ ਹੰਸ ਲਜਾਉਂਦੇ ਹਨ। (ਉਸ ਦਾ)

ਅਤਿ ਪਵਿਤ੍ਰ ਸਬ ਗਾਤ ਪ੍ਰਭਾ ਅਤਿ ਹੀ ਜਿਹ ਸੋਹਤ।
ਸੁਰ ਨਰ ਨਾਗ ਸੁਰੇਸ ਜਛ ਕਿੰਨਰ ਮਨ ਮੋਹਤ।
ਇਹ ਛਬਿ ਬਿਬੇਕ ਰਾਜਾ ਨ੍ਰਿਪਤਿ ਜਿਦਿਨ ਕਮਾਨ ਚੜਾਇ ਹੈ।
ਬਿਨੁ ਅਬਿਬੇਕ ਸੁਨਿ ਹੋ ਨ੍ਰਿਪਤਿ ਸੁ ਅਉਰ ਨ ਬਾਨ ਚਲਾਇ ਹੈ। ੨੩੧।

ਅਤਿ ਪ੍ਰਚੰਡ ਅਬਿਕਾਰ ਤੇਜ ਆਖੰਡ ਅਤੁਲ ਬਲ।
ਅਤਿ ਪ੍ਰਤਾਪ ਅਤਿ ਸੂਰ ਤੂਰ ਬਾਜਤ ਜਿਹ ਜਲ ਥਲ।
ਪਵਨ ਬੇਗ ਰਥ ਚਲਤ ਪੇਖਿ ਚਪਲਾ ਚਿਤ ਲਾਜਤ।
ਸੁਨਤ ਸਬਦ ਚਕ ਚਾਰ ਮੇਘ ਮੋਹਤ ਭ੍ਰਮ ਭਾਜਤ।
ਜਲ ਥਲ ਅਜੇਅ ਅਨਭੈ ਭਟ ਅਤਿ ਉਤਮ ਪਰਵਾਨੀਐ।
ਧੀਰਜੁ ਸੁ ਨਾਮ ਜੋਧਾ ਬਿਕਟ ਅਤਿ ਸੁਬਾਹੁ ਜਗ ਮਾਨੀਐ। ੨੩੨।

ਧਰਮ ਧੀਰ ਬੀਰ ਜਸਮੀਰ ਅਨਭੀਰ ਬਿਕਟ ਮਤਿ।
ਕਲਪ ਬ੍ਰਿਛ ਕੁਬ੍ਰਿਤਨ ਕ੍ਰਿਪਾਨ ਜਸ ਤਿਲਕ ਸੁਭਟ ਅਤਿ।
ਅਤਿ ਪ੍ਰਤਾਪੁ ਅਤਿ ਓਜ ਅਨਲ ਸਰ ਤੇਜ ਜਰੇ ਰਣ।
ਬ੍ਰਹਮ ਅਸਤ੍ਰ ਸਿਵ ਅਸਤ੍ਰ ਨਹਿਨ ਮਾਨਤ ਏਕੈ ਬ੍ਰਣ।
ਇਹ ਦੁਤਿ ਪ੍ਰਕਾਸ ਬ੍ਰਿਤ ਛਤ੍ਰ ਨ੍ਰਿਪ ਸਸਤ੍ਰ ਅਸਤ੍ਰ ਜਬ ਛੰਡਿ ਹੈ।
ਬਿਨੁ ਏਕ ਅਬ੍ਰਿਤ ਸੁਬ੍ਰਿਤ ਨ੍ਰਿਪਤਿ ਅਵਰ ਨ ਆਹਵ ਮੰਡਿ ਹੈ। ੨੩੩।

ਅਛਿਜ ਗਾਤ ਅਨਭੰਗ ਤੇਜ ਆਖੰਡ ਅਨਿਲ ਬਲ।
ਪਵਨ ਬੇਗ ਰਥ ਕੋ ਪ੍ਰਤਾਪੁ ਜਾਨਤ ਜੀਅ ਜਲ ਥਲ।
ਧਨੁਖ ਬਾਨ ਪਰਬੀਨ ਛੀਨ ਸਬ ਅੰਗ ਬ੍ਰਿਤਨ ਕਰਿ।
ਅਤਿ ਸੁਬਾਹ ਸੰਜਮ ਸੁਬੀਰ ਜਾਨਤ ਨਾਰੀ ਨਰ।
ਗਹਿ ਧਨੁਖ ਬਾਨ ਪਾਨਹਿ ਧਰਮ ਪਰਮ ਰੂਪ ਧਰਿ ਗਰਜਿ ਹੈ।
ਬਿਨੁ ਇਕ ਅਬ੍ਰਿਤ ਸੁਬ੍ਰਿਤ ਨ੍ਰਿਪਤਿ ਅਉਰ ਨ ਆਨਿ ਬਰਜਿ ਹੈ। ੨੩੪।

ਚਕ੍ਰਿਤ ਚਾਰੁ ਚੰਚਲ ਪ੍ਰਕਾਸ ਬਾਜੀ ਰਥ ਸੋਹਤ।
ਅਤਿ ਪ੍ਰਬੀਨ ਧੁਨਿ ਛੀਨ ਬੀਨ ਬਾਜਤ ਮਨ ਮੋਹਤ।
ਪ੍ਰੇਮ ਰੂਪ ਸੁਭ ਧਰੇ ਨੇਮ ਨਾਮਾ ਭਟ ਭੈ ਕਰ।
ਪਰਮ ਰੂਪ ਪਰਮੰ ਪ੍ਰਤਾਪ ਜੁਧ ਜੈ ਅਰਿ ਛੈ ਕਰ।
ਅਸ ਅਮਿਟ ਬੀਰ ਧੀਰਾ ਬਡੋ ਅਤਿ ਬਲਿਟਿ ਦੁਰ ਧਰਖ ਰਣਿ।
ਅਨਭੈ ਅਭੰਜ ਅਨਮਿਟ ਸੁਧੀਸ ਅਨਬਿਕਾਰ ਅਨਜੈ ਸੁ ਭਣ। ੨੩੫।

ਸਾਰਾ ਸ਼ਰੀਰ ਬਹੁਤ ਪਵਿਤ੍ਰ ਹੈ ਅਤੇ ਜਿਸ ਦੀ ਚਮਕ ਬਹੁਤ ਸ਼ੋਭਾ ਪਾ ਰਹੀ ਹੈ। (ਉਹ) ਦੇਵਤਿਆਂ, ਮਨੁੱਖਾਂ, ਨਾਗਾਂ, ਇੰਦਰ, ਯਕਸ਼ਾਂ ਅਤੇ ਕਿੰਨਰਾਂ ਦੇ ਮਨ ਨੂੰ ਮੋਹ ਰਿਹਾ ਹੈ। ਇਹ ਹੈ ਰਾਜਿਆਂ ਦੇ ਰਾਜੇ ਬਿਬੇਕ ਰਾਜੇ ਦੀ (ਛਬੀ), ਜਿਸ ਦਿਨ ਉਹ ਧਨੁਸ਼ ਚੜ੍ਹਾਏਗਾ, ਹੇ ਰਾਜਨ! ਸੁਣੋ, ਬਿਨਾ ਇਕ 'ਅਬਿਬੇਕ' ਦੇ, ਹੋਰ ਕੋਈ ਵੀ (ਉਸ ਦੇ ਸਾਹਮਣੇ) ਬਾਣ ਨਹੀਂ ਚਲਾ ਸਕੇਗਾ।੨੩੧।

(ਜਿਸ ਦਾ) ਬਹੁਤ ਤਿਖਾ ਅਤੇ ਵਿਕਾਰ-ਰਹਿਤ ਤੇਜ ਹੈ ਅਤੇ ਨ ਖੰਡੇ ਜਾ ਸਕਣ ਵਾਲਾ ਬਲ ਹੈ। (ਜਿਸ ਦਾ) ਬਹੁਤ ਪ੍ਰਤਾਪ ਹੈ ਅਤੇ (ਜੋ) ਬਹੁਤ ਸੂਰਮਾ ਹੈ, ਜਿਸ ਦਾ ਨਰਸਿੰਘਾ ਜਲ ਥਲ ਵਿਚ ਵਜਦਾ ਹੈ। ਪੌਣ ਦੇ ਵੇਗ ਨਾਲ (ਜਿਸ ਦਾ) ਰਥ ਚਲਦਾ ਹੈ, (ਜਿਸ ਨੂੰ) ਵੇਖ ਕੇ ਬਿਜਲੀ ਚਿਤ ਵਿਚ ਸ਼ਰਮਸਾਰ ਹੁੰਦੀ ਹੈ। (ਜਿਸ ਦੇ) ਸ਼ਬਦ ਨੂੰ ਸੁਣ ਕੇ ਚੌਹਾਂ ਪਾਸੇ ਬਦਲ (ਦੇ ਗਜਣ ਦਾ) ਭਰਮ ਹੋ ਜਾਂਦਾ ਹੈ ਅਤੇ (ਸਭ) ਮੋਹਿਤ ਹੋ ਕੇ ਭਜ ਜਾਂਦੇ ਹਨ। (ਜੋ) ਜਲ ਥਲ ਵਿਚ ਜਿਤਿਆ ਨਹੀਂ ਜਾਂਦਾ, (ਕਿਸੇ ਦਾ) ਡਰ ਨਹੀਂ ਮੰਨਦਾ, (ਉਸ ਨੂੰ) ਅਤਿ ਉਤਮ ਸੂਰਮਾ ਪ੍ਰਵਾਨ ਕਰਨਾ ਚਾਹੀਦਾ ਹੈ। (ਇਸ) ਵਿਕਟ ਯੋਧੇ ਦਾ ਨਾਂ 'ਧੀਰਜ' ਹੈ ਜੋ ਜਗ ਵਿਚ ਬਹੁਤ ਬਲ ਵਾਲਾ ਮੰਨਿਆ ਗਿਆ ਹੈ। ੨੩੨।

ਧਰਮੀ, ਧੀਰਜਵਾਨ, ਸੂਰਮਾ ਅਤੇ ਯਸ਼ਵਾਨ ਹੈ, (ਜੋ) ਡਰਪੋਕ ਨਹੀਂ ਅਤੇ ਕਠੋਰ ਮਤ ਵਾਲਾ ਹੈ। ਕਲਪ ਬ੍ਰਿਛ (ਵਾਂਗ ਇੱਛਾਵਾਂ ਪੂਰੀਆਂ ਕਰਨ ਵਾਲਾ), ਕੁਵ੍ਰਿੱਤੀਆਂ ਨੂੰ ਕ੍ਰਿਪਾਨ (ਨਾਲ ਕਟਣ ਵਾਲਾ), ਜਸ ਦਾ ਤਿਲਕ ਰੂਪ ਬਹੁਤ ਤਕੜਾ ਸੂਰਮਾ ਹੈ। (ਉਸ ਦਾ) ਅਤਿਅੰਤ ਪ੍ਰਤਾਪ ਅਤੇ ਅਧਿਕ ਹੈ ਅਤੇ ਰਣ ਨੂੰ ਅੱਗ ਜਿਹੇ ਤੇਜ ਨਾਲ ਸਾੜਨ ਵਾਲਾ ਹੈ। ਬ੍ਰਹਮ ਅਸਤ੍ਰ ਅਤੇ ਸ਼ਿਵ ਅਸਤ੍ਰ ਨੂੰ ਮੰਨਦਾ ਨਹੀਂ, (ਬਸ) ਇਕ ਘਾਉ (ਲਾਣਾ ਹੀ ਜਾਣਦਾ ਹੈ)। (ਇਹ) ਇਕ ਚਮਕ ਅਤੇ ਪ੍ਰਤਾਪ ਵਾਲਾ 'ਬ੍ਰਤ' ਨਾਂ ਵਾਲਾ ਛਤ੍ਰੀ ਰਾਜਾ ਹੈ, (ਜੋ) ਜਦੋਂ (ਰਣਭੂਮੀ ਵਿਚ) ਅਸਤ੍ਰ ਸ਼ਸਤ੍ਰ ਨੂੰ ਛੰਡਦਾ ਹੈ, (ਤਦ) ਹੇ ਰਾਜਨ! ਬਿਨਾ ਇਕ 'ਅਬ੍ਰਿਤ' ਅਤੇ 'ਸੁਬ੍ਰਿਤ' ਦੇ ਹੋਰ ਕੋਈ ਯੁੱਧ ਵਿਚ ਨਹੀਂ ਟਿਕ ਸਕੇਗਾ।੨੩੩।

(ਜਿਸ ਦਾ) ਸ਼ਰੀਰ ਛਿਜਣ ਵਾਲਾ ਨਹੀਂ, ਨ ਭੰਗ ਹੋਣ ਵਾਲਾ ਤੇਜ ਹੈ, ਨ ਖੰਡੇ ਜਾ ਸਕਣ ਵਾਲਾ ਅਗਨੀ ਦੇ ਸਮਾਨ ਬਲ ਹੈ। ਪੌਣ ਦੇ ਵੇਗ ਵਾਂਗ ਚਲਣ ਵਾਲੇ ਰਥ ਦੇ ਪ੍ਰਤਾਪ ਨੂੰ ਜਲ ਥਲ ਦੇ ਸਾਰੇ ਜੀਵ ਜਾਣਦੇ ਹਨ। (ਜੋ) ਧਨੁਸ਼ ਬਾਣ ਚਲਾਉਣ ਵਿਚ ਪ੍ਰਬੀਨ ਹੈ, ਪਰ ਵ੍ਰਿੱਤੀਆਂ ਕਾਰਨ ਸਾਰੇ ਅੰਗ ਛੀਣ ਹਨ। (ਇਹ) ਅਤਿ ਸੁੰਦਰ ਬਾਂਹਵਾਂ ਵਾਲਾ 'ਸੰਜਮ' ਨਾਮ ਦਾ ਸੂਰਮਾ ਹੈ ਜਿਸ ਨੂੰ ਸਾਰੇ ਨਰ ਨਾਰੀ ਜਾਣਦੇ ਹਨ। (ਜਦ ਇਹ) ਧਨੁਸ਼ ਬਾਣ ਨੂੰ ਹੱਥ ਵਿਚ ਪਕੜ ਕੇ ਪਰਮ ਧਰਮ ਦਾ ਰੂਪ ਧਾਰ ਕੇ (ਰਣ-ਭੂਮੀ ਵਿਚ) ਗਜੇਗਾ, ਹੇ ਰਾਜਨ! (ਉਦੋਂ) ਬਿਨਾ ਇਕ 'ਅਬ੍ਰਿਤਿ' ਤੇ 'ਸੁਬ੍ਰਿਤਿ' ਦੇ ਹੋਰ ਕੋਈ ਉਸ ਨੂੰ ਨਹੀਂ ਰੋਕ ਸਕੇਗਾ।੨੩੪।

(ਜਿਸ ਦਾ) ਚਕ੍ਰਿਤ ਕਰਨ ਵਾਲਾ ਸੁੰਦਰ ਪ੍ਰਕਾਸ਼ ਹੈ ਅਤੇ ਚੰਚਲ ਘੋੜੇ ਰਥ ਅਗੇ ਸ਼ੋਭਦੇ ਹਨ। (ਜੋ) ਅਤਿ ਪ੍ਰਬੀਨ ਹੈ ਅਤੇ ਮਨ ਨੂੰ ਮੋਹ ਲੈਣ ਵਾਲੀ ਸੂਖਮ ਧੁਨ ਨਾਲ ਬੀਨ ਵਜਦੀ ਹੈ। 'ਨੇਮ' ਨਾਂ ਦਾ ਡਰਾਉਣਾ ਸੂਰਮਾ ਹੈ ਜਿਸ ਨੇ ਪ੍ਰੇਮ ਦਾ ਸ਼ੁਭ ਰੂਪ ਧਾਰਨ ਕੀਤਾ ਹੋਇਆ ਹੈ। (ਜਿਸ ਦਾ) ਪਰਮ ਰੂਪ ਹੈ, ਪਰਮ ਪ੍ਰਤਾਪ ਹੈ, ਯੁੱਧ ਨੂੰ ਜਿਤਣ ਵਾਲਾ ਅਤੇ ਵੈਰੀ ਨੂੰ ਨਸ਼ਟ ਕਰਨ ਵਾਲਾ ਹੈ। ਇਸ ਤਰ੍ਹਾਂ ਦਾ ਨ ਮਿਟਣ ਵਾਲਾ, ਵੱਡੇ ਧੀਰਜ ਵਾਲਾ, ਅਤਿ ਬਲਵਾਨ, ਅਤੇ ਰਣ ਵਿਚ ਨ ਜਿਤੇ ਜਾ ਸਕਣ ਵਾਲਾ ਸੂਰਮਾ ਹੈ। (ਜੋ) ਡਰ ਤੋਂ ਮੁਕਤ, ਨ ਭੰਨੇ ਜਾ ਸਕਣ ਵਾਲਾ, ਨ ਮਿਟਣ ਵਾਲਾ, ਸ਼ੁੱਧ ਸਰੂਪ, ਵਿਕਾਰ ਤੋਂ ਰਹਿਤ ਅਤੇ ਨ ਜਿਤੇ ਜਾ ਸਕਣ ਵਾਲਾ ਕਹੀਦਾ ਹੈ।੨੩੫।

ਅਤਿ ਪ੍ਰਤਾਪ ਅਮਿਤੋਜ ਅਮਿਟ ਅਨਭੈ ਅਭੰਗ ਭਟ।
ਰਥ ਪ੍ਰਮਾਣ ਚਪਲਾ ਸੁ ਚਾਰੁ ਚਮਕਤ ਹੈ ਅਨਕਟ।
ਨਿਰਖਿ ਸਤ੍ਰੁ ਤਿਹ ਤੇਜ ਚਕ੍ਰਿਤ ਭਯਭੀਤ ਭਜਤ ਰਣਿ।
ਧਰਤ ਧੀਰ ਨਹਿ ਬੀਰ ਤੀਰ ਸਰ ਹੈ ਨਹੀ ਹਠਿ ਰਣਿ।
ਬਿਗ੍ਯਾਨ ਨਾਮੁ ਅਨਭੈ ਸੁਭਟ ਅਤਿ ਬਲਿਸਟ ਤਿਹ ਜਾਨੀਐ।
ਅਗਿਆਨ ਦੇਸਿ ਜਾ ਕੋ ਸਦਾ ਤ੍ਰਾਸ ਘਰਨ ਘਰਿ ਮਾਨੀਐ। ੨੩੬।

ਬਮਤ ਜ੍ਵਾਲ ਡਮਰੂ ਕਰਾਲ ਡਿਮ ਡਿਮ ਰਣਿ ਬਜਤ।
ਘਨ ਪ੍ਰਮਾਨ ਚਕ ਸਬਦ ਘਹਰਿ ਜਾ ਕੋ ਗਲ ਗਜਤ।
ਸਿਮਟਿ ਸਾਂਗ ਸੰਗ੍ਰਹਤ ਸਰਕਿ ਸਾਮੁਹ ਅਰਿ ਝਾਰਤ।
ਨਿਰਖਿ ਤਾਸੁ ਸੁਰ ਅਸੁਰ ਬ੍ਰਹਮ ਜੈ ਸਬਦ ਉਚਾਰਤ।
ਇਸਨਾਨ ਨਾਮ ਅਭਿਮਾਨ ਜੁਤ ਜਿਦਿਨ ਧਨੁਖ ਗਹਿ ਗਰਿਜ ਹੈ।
ਬਿਨੁ ਇਕ ਕੁਚੀਲ ਸਾਮੁਹਿ ਸਮਰ ਅਉਰ ਨ ਤਾਸੁ ਬਰਜਿ ਹੈ। ੨੩੭।

ਇਕਿ ਨਿਬ੍ਰਿਤ ਅਤਿ ਬੀਰ ਦੁਤੀਅ ਭਾਵਨਾ ਮਹਾ ਭਟ।
ਅਤਿ ਬਲਿਸਟ ਅਨਮਿਟ ਅਪਾਰ ਅਨਛਿਜ ਅਨਾਕਟ।
ਸਸਤ੍ਰ ਧਾਰਿ ਗਜ ਹੈ ਜਬ ਭੀਰ ਭਾਜਿ ਹੈ ਨਿਰਖਿ ਰਣਿ।
ਪਤ੍ਰ ਭੇਸ ਭਹਰਾਤ ਧੀਰ ਧਰ ਹੈ ਨ ਅਨਗਣ।
ਇਹ ਬਿਧਿ ਸੁ ਧੀਰ ਜੋਧਾ ਨ੍ਰਿਪਤਿ ਜਿਦਿਨ ਅਯੋਧਨ ਰਚਿ ਹੈ।
ਤਜ ਸਸਤ੍ਰ ਅਸਤ੍ਰ ਭਜਿ ਹੈ ਸਕਲ ਏਕ ਨ ਬੀਰ ਬਿਰਚ ਹੈ। ੨੩੮।

ਸੰਗੀਤ ਛਪਯ ਛੰਦ

ਤਾਗੜਦੀ ਤੁਰ ਬਾਜ ਹੈ ਜਾਗੜਦੀ ਜੋਧਾ ਜਬ ਜੁਟਹਿ।
ਲਾਗੜਦੀ ਲੁਥ ਬਿਥੁਰਹਿ ਸਾਗੜਦੀ ਸੰਨਾਹ ਸੁ ਤੁਟਹਿ।
ਭਾਗੜਦੀ ਭੂਤ ਭੈਰੋ ਪ੍ਰਸਿਧ ਅਰੁ ਸਿਧ ਨਿਹਾਰਹਿ।
ਜਾਗੜਦੀ ਜਛ ਜੁਗਣੀ ਜੂਥ ਜੈ ਸਬਦ ਉਚਾਰਹਿ।
ਸੰਸਾਗੜਦੀ ਸੁਭਟ ਸੰਜਮ ਅਮਿਟ ਕਾਗੜਦੀ ਕ੍ਰੁਧ ਜਬ ਗਰਜਿ ਹੈ।
ਦੰਦਾਗੜਦੀ ਇਕ ਦੁਰਮਤਿ ਬਿਨਾ ਆਗੜਦੀ ਸੁ ਅਉਰ ਨ ਬਰਜਿ ਹੈ। ੨੩੯।

ਜਾਗੜਦੀ ਜੋਗ ਜਯਵਾਨ ਕਾਗੜਦੀ ਕਰਿ ਕ੍ਰੋਧ ਕੜਕਹਿ।
ਲਾਗੜਦੀ ਲੁਟ ਅਰੁ ਕੁਟ ਤਾਗੜਦੀ ਤਰਵਾਰ ਸੜਕਹਿ।
ਸਾਗੜਦੀ ਸਸਤ੍ਰ ਸੰਨਾਹ ਪਾਗੜਦੀ ਪਹਿਰ ਹੈ ਜਵਨ ਦਿਨ।
ਸਾਗੜਦੀ ਸਤ੍ਰੁ ਭਜਿ ਹੈ ਟਾਗੜਦੀ ਟਿਕਿ ਹੈ ਨ ਇਕ ਛਿਨ।
ਪੰਪਾਗੜਦੀ ਪੀਅਰ ਸਿਤ ਬਰਣ ਮੁਖ ਸਾਗੜਦੀ ਸਮਸਤ ਸਿਧਾਰ ਹੈ।
ਅੰਆਗੜਦੀ ਅਮਿਟ ਦੁਰ ਧਰਖ ਭਟ ਜਾਗੜਦੀ ਕਿ ਜਿਦਿਨ ਨਿਹਾਰ ਹੈ। ੨੪੦।

(ਜਿਸ ਦਾ) ਬਹੁਤ ਵੱਡਾ ਪ੍ਰਤਾਪ ਹੈ, ਅਮਿਤ ਬਲ ਹੈ, (ਉਹ) ਨ ਮਿਟਣ ਵਾਲਾ ਅਤੇ ਨਿਡਰ ਹੈ, (ਉਹ) ਨ ਭੰਗ ਹੋਣ ਵਾਲਾ ਸੂਰਮਾ ਹੈ। (ਉਸ ਦਾ) ਰਥ ਬਿਜਲੀ ਵਾਂਗ ਸੁੰਦਰ ਚਮਕਦਾ ਹੈ (ਅਤੇ ਉਸ ਦੀ) ਚਮਕ ਕਟੇ ਨ ਜਾ ਸਕਣ ਵਾਲੀ ਹੈ। ਉਸ ਦੇ ਤੇਜ ਨੂੰ ਵੇਖ ਕੇ ਵੈਰੀ ਹੈਰਾਨ ਹੁੰਦੇ ਹਨ ਅਤੇ ਭੈਭੀਤ ਹੋ ਕੇ ਰਣ ਤੋਂ ਭਜ ਜਾਂਦੇ ਹਨ। (ਉਸ ਸਾਹਮਣੇ ਵੱਡੇ ਵੱਡੇ) ਸੂਰਮੇ ਵੀ ਧੀਰਜ ਧਾਰਨ ਨਹੀਂ ਕਰਦੇ। ਰਣ ਵਿਚ (ਉਸ ਦੇ) ਤੀਰ ਸਮਾਨ (ਕਿਸੇ ਹੋਰ) ਹਠੀਲੇ ਦਾ ਤੀਰ ਨਹੀਂ ਹੈ। ਉਸ ਨਿਡਰ ਸੂਰਮੇ ਦਾ ਨਾਂ 'ਬਿਗ੍ਯਾਨ' ਹੈ। ਉਸ ਨੂੰ ਅਤਿ ਬਲਵਾਨ ਜਾਣਿਆ ਜਾਂਦਾ ਹੈ। ਅਗਿਆਨ ਦੇਸ ਵਿਚ ਜਿਸ ਦਾ ਡਰ ਸਦਾ ਘਰ ਘਰ ਵਿਚ ਮੰਨਿਆ ਜਾਂਦਾ ਹੈ।੨੩੬।

ਮੂੰਹ ਵਿਚੋਂ ਅੱਗ ਦੀ ਲਾਟ ਨਿਕਲਦੀ ਹੈ ਅਤੇ ਭਿਆਨਕ ਡੌਰੂ ਡਿਮ ਡਿਮ ਕਰਦਾ ਯੁੱਧ ਵਿਚ ਵਜ ਰਿਹਾ ਹੈ। ਜਿਸ ਦੇ ਗਲੇ (ਸੰਘ) ਵਿਚੋਂ ਨਿਕਲਣ ਵਾਲਾ ਸ਼ਬਦ (ਆਵਾਜ਼) ਬਦਲ ਦੀ ਗਰਜ ਵਾਂਗ ਹੈਰਾਨ ਕਰਨ ਵਾਲੀ ਹੈ। (ਉਹ) ਸਿਮਟ ਕੇ ਬਰਛੇ ਨੂੰ ਚੰਗੀ ਤਰ੍ਹਾਂ ਪਕੜਦਾ ਹੈ ਅਤੇ (ਅਗੇ) ਸਰਕ ਕੇ ਵੈਰੀ ਨੂੰ ਸਾਹਮਣੇ ਹੋ ਕੇ ਮਾਰਦਾ ਹੈ। ਉਸ ਨੂੰ ਵੇਖ ਕੇ ਦੇਵਤੇ, ਦੈਂਤ ਅਤੇ ਬ੍ਰਹਮਾ ਜੈ ਜੈ ਸ਼ਬਦ ਦਾ ਉਚਾਰਨ ਕਰਦੇ ਹਨ। (ਉਸ ਦਾ) ਨਾਂ 'ਇਸ਼ਨਾਨ' ਹੈ ਜੋ ਅਭਿਮਾਨ ਯੁਕਤ ਹੈ। ਉਹ ਜਿਸ ਦਿਨ ਧਨੁਸ਼ ਲੈ ਕੇ (ਯੁੱਧ ਭੂਮੀ ਵਿਚ) ਗਜੇਗਾ, (ਹੇ ਰਾਜਨ!) ਬਿਨਾ ਇਕ ਕੁਚੀਲ ਦੇ, ਯੁੱਧ ਵਿਚ ਸਾਹਮਣੇ ਹੋ ਉਸ ਨੂੰ ਹੋਰ ਕੋਈ ਰੋਕ ਨਹੀਂ ਸਕੇਗਾ।੨੩੭।

ਇਕ 'ਨਿਵ੍ਰਿਤੀ' (ਨਾਂ ਵਾਲਾ) ਮਹਾਨ ਯੋਧਾ ਹੈ ਅਤੇ ਦੂਜਾ 'ਭਾਵਨਾ' (ਨਾਂ ਵਾਲਾ) ਬਹੁਤ ਵੱਡਾ ਯੋਧਾ ਹੈ। (ਇਹ ਦੋਵੇਂ) ਮਹਾਨ ਬਲਵਾਨ, ਨ ਮਿਟਣ ਵਾਲੇ, ਅਪਾਰ, ਅਣਛਿਜ ਅਤੇ ਅਕਟ ਹਨ। (ਇਹ ਦੋਵੇਂ) ਜਦ ਸ਼ਸਤ੍ਰ ਧਾਰ ਕੇ ਰਣ ਵਿਚ ਗਜਣਗੇ ਤਾਂ ਡਰਪੋਕ ਲੋਕ ਵੇਖ ਕੇ ਭਜ ਜਾਣਗੇ। ਪੱਤਰ ਵਾਂਗ ਕੰਬ ਜਾਣਗੇ ਅਤੇ ਅਣਗਿਣਤ ਸੂਰਮੇ ਧੀਰਜ ਨੂੰ ਧਾਰਨ ਨਹੀਂ ਕਰਨਗੇ। ਇਸ ਤਰ੍ਹਾਂ ਹੇ ਰਾਜਨ! ਧੀਰਜ ਵਾਲਾ ('ਧੀਰ') ਯੋਧਾ ਜਿਸ ਦਿਨ ਸ਼ਸਤ੍ਰ ਧਾਰਨ ਕਰ ਕੇ (ਯੁੱਧ) ਰਚਾਏਗਾ, (ਉਸ ਦਿਨ) ਅਸਤ੍ਰਾਂ ਸ਼ਸਤ੍ਰਾਂ ਨੂੰ ਛਡ ਕੇ ਸਾਰੇ (ਯੋਧੇ) ਭਜ ਜਾਣਗੇ ਅਤੇ ਇਕ ਯੋਧਾ ਵੀ ਯੁੱਧ ਵਿਚ ਰੁਚਿਤ ਨਹੀਂ ਹੋਵੇਗਾ।੨੩੮।

ਸੰਗੀਤ ਛਪਯ ਛੰਦ

ਜਦੋਂ ਧੌਂਸੇ (ਤੂਰ) ਵਜਦੇ ਹਨ, (ਤਦੋਂ) ਯੋਧੇ (ਯੁੱਧ ਵਿਚ) ਜੁਟ ਜਾਂਦੇ ਹਨ। ਲੋਥਾਂ ਖਿਲਰ ਜਾਂਦੀਆਂ ਹਨ, ਚੰਗੇ ਕਵਚ ਟੁਟ ਜਾਂਦੇ ਹਨ। ਭੂਤ ਵਿਚੋਂ ਪ੍ਰਸਿੱਧ ਭੈਰੋ ਅਤੇ ਸਿੱਧ ਤੇ ਪ੍ਰਸਿੱਧ (ਯੁੱਧ ਦ੍ਰਿਸ਼) ਵੇਖਦੇ ਹਨ। ਜਗ੍ਹਾ ਜਗ੍ਹਾ ਯਕਸ਼ਾਂ ਅਤੇ ਜੋਗਣਾਂ ਦੇ ਝੁੰਡ ਜੈ ਜੈ ਸ਼ਬਦ ਉਚਾਰਨ ਕਰਦੇ ਹਨ। ਨ ਮਿਟਣ ਵਾਲਾ 'ਸੰਜਮ' (ਨਾਂ ਵਾਲਾ) ਮਹਾਨ ਯੋਧਾ ਜਦੋਂ ਕ੍ਰੋਧ ਕਰ ਕੇ (ਰਣ) ਵਿਚ ਗਜੇਗਾ, (ਉਦੋਂ) ਬਿਨਾ ਇਕ 'ਦੁਰਮਤਿ' (ਨਾਂ ਵਾਲੇ ਯੋਧੇ ਦੇ) ਅਗੋਂ ਹੋ ਕੇ ਕੋਈ ਵੀ ਨਹੀਂ ਵਰਜੇਗਾ।੨੩੯।

ਜੈ ਕਰਨ ਵਾਲਾ 'ਜੋਗ' ਕ੍ਰੋਧਿਤ ਹੋ ਕੇ (ਯੁੱਧ ਵਿਚ) ਕੜਕੇਗਾ। (ਵੈਰੀਆਂ ਨੂੰ) ਲੁਟੇ ਅਤੇ ਕੁਟੇਗਾ ਅਤੇ ਤਲਵਾਰ ਨੂੰ ਸੜਕ ਕਰ ਕੇ (ਕਢੇਗਾ)। ਜਿਸ ਦਿਨ ਸ਼ਸਤ੍ਰ ਅਤੇ ਕਵਚ ਧਾਰਨ ਕਰੇਗਾ, (ਉਸ ਵੇਲੇ) ਵੈਰੀ ਭਜ ਜਾਣਗੇ ਅਤੇ ਇਕ ਛਿਣ ਲਈ ਵੀ ਨਹੀਂ ਠਹਿਰਨਗੇ। ਸਾਰਿਆਂ ਦੇ ਮੂੰਹ ਪੀਲੇ ਅਤੇ ਚਿੱਟੇ ਹੋ ਜਾਣਗੇ ਅਤੇ (ਯੁੱਧ ਵਿਚੋਂ) ਭਜ ਜਾਣਗੇ। ਜਿਸ ਦਿਨ ਨ ਮਿਟਣ ਵਾਲਾ ਭਿਆਨਕ ਸੂਰਮਾ (ਉਨ੍ਹਾਂ ਨੂੰ) ਵੇਖੇਗਾ।੨੪੦।

ਆਗੜਦੀ ਇਕ ਅਰਚਾਰੁ ਪਾਗੜਦੀ ਪੂਜਾ ਜਬ ਕੁਪਹਿ।
ਰਾਗੜਦੀ ਰੋਸ ਕਰਿ ਜੋਸ ਪਾਗੜਦੀ ਪਾਇਨ ਜਬ ਰੁਪਹਿ।
ਸਾਗੜਦੀ ਸਤ੍ਰ ਤਜਿ ਅਤ੍ਰ ਭਾਗੜਦੀ ਭਜਹਿ ਸੁ ਭ੍ਰਮਿ ਰਣਿ।
ਆਗੜਦੀ ਐਸ ਉਝੜਹਿ ਪਾਗੜਦੀ ਜਣੁ ਪਵਨ ਪਤ੍ਰ ਬਣ।
ਸੰਸਾਗੜਦੀ ਸੁਭਟ ਸਬ ਭਜਿ ਹੈ ਤਾਗੜਦੀ ਤੁਰੰਗ ਨਚਾਇ ਹੈ।
ਛੰਛਾਗੜਦੀ ਛਤ੍ਰ ਬ੍ਰਿਤਿ ਛਡਿ ਕੈ ਆਗੜਦੀ ਅਧੋਗਤਿ ਜਾਇ ਹੈ। ੨੪੧।

ਛਪਯ ਛੰਦ

ਚਮਰ ਚਾਰੁ ਚਹੂੰ ਓਰਿ ਢੁਰਤ ਸੁੰਦਰ ਛਬਿ ਪਾਵਤ।
ਸੇਤ ਬਸਤ੍ਰ ਅਰੁ ਬਾਜ ਸੇਤ ਸਸਤ੍ਰਣ ਛਬਿ ਛਾਵਤ।
ਅਤਿ ਪਵਿਤ੍ਰ ਅਬਿਕਾਰ ਅਚਲ ਅਨਖੰਡ ਅਕਟ ਭਟ।
ਅਮਿਤ ਓਜ ਅਨਮਿਟ ਅਨੰਤ ਅਛਲਿ ਰਣਾਕਟ।
ਧਰ ਅਸਤ੍ਰ ਸਸਤ੍ਰ ਸਾਮੁਹ ਸਮਰ ਜਿਦਿਨ ਨ੍ਰਿਪੋਤਮ ਗਰਜਿ ਹੈ।
ਟਿਕਿ ਹੈ ਇਕ ਭਟ ਨਹਿ ਸਮਰਿ ਅਉਰ ਕਵਣ ਤਬ ਬਰਜਿ ਹੈ। ੨੪੨।
ਇਕਿ ਬਿਦਿਆ ਅਰੁ ਲਾਜ ਅਮਿਟ ਅਤਿ ਹੀ ਪ੍ਰਤਾਪ ਰਣਿ।
ਭੀਮ ਰੂਪ ਭੈਰੋ ਪ੍ਰਚੰਡ ਅਮਿਟ ਅਦਾਹਣ।
ਅਤਿ ਅਖੰਡ ਅਡੰਡ ਚੰਡ ਪਰਤਾਪ ਰਣਾਚਲ।
ਬ੍ਰਿਖਭ ਕੰਧ ਆਜਾਨ ਬਾਹ ਬਾਨੈਤ ਮਹਾਬਲਿ।
ਇਹ ਛਬਿ ਅਪਾਰ ਜੋਧਾ ਜੁਗਲ ਜਿਦਿਨ ਨਿਸਾਨ ਬਜਾਇ ਹੈ।
ਭਜਿ ਹੈ ਭੂਪ ਤਜਿ ਲਾਜ ਸਭ ਏਕ ਨ ਸਾਮੁਹਿ ਆਇ ਹੈ। ੨੪੩।

ਨਰਾਜ ਛੰਦ

ਸੰਜੋਗ ਨਾਮ ਸੂਰਮਾ ਅਖੰਡ ਏਕ ਜਾਨੀਐ।
ਸੁ ਧਾਮਿ ਧਾਮਿ ਜਾਸ ਕੋ ਪ੍ਰਤਾਪ ਆਜ ਮਾਨੀਐ।
ਅਡੰਡ ਔ ਅਛੇਦ ਹੈ ਅਭੰਗ ਤਾਸੁ ਭਾਖੀਐ।
ਬਿਚਾਰ ਆਜ ਤਉਨ ਸੋ ਜੁਝਾਰ ਕਉਨ ਰਾਖੀਐ। ੨੪੪।
ਅਖੰਡ ਮੰਡਲੀਕ ਸੋ ਪ੍ਰਚੰਡ ਬੀਰ ਦੇਖੀਐ।
ਸੁਕ੍ਰਿਤ ਨਾਮ ਸੂਰਮਾ ਅਜਿਤ ਤਾਸੁ ਲੇਖੀਐ।
ਗਰਜਿ ਸਸਤ੍ਰ ਸਜਿ ਕੈ ਸਲਜਿ ਰਥ ਧਾਇ ਹੈ।
ਅਮੰਡ ਮਾਰਤੰਡ ਜ੍ਯੋਂ ਪ੍ਰਚੰਡ ਸੋਭ ਪਾਇ ਹੈ। ੨੪੫।
ਬਿਸੇਖ ਬਾਣ ਸੈਹਥੀ ਕ੍ਰਿਪਾਨ ਪਾਣਿ ਸਜਿ ਹੈ।
ਅਮੋਹ ਨਾਮ ਸੂਰਮਾ ਸਰੋਹ ਆਨਿ ਗਜ ਹੈ।
ਅਲੋਭ ਨਾਮ ਸੂਰਮਾ ਦੁਤੀਅ ਜੋ ਗਰਜਿ ਹੈ।
ਰਥੀ ਗਜੀ ਹਈ ਪਤੀ ਅਪਾਰ ਸੈਣ ਭਜਿ ਹੈ। ੨੪੬।
ਹਠੀ ਜਪੀ ਤਪੀ ਸਤੀ ਅਖੰਡ ਬੀਰ ਦੇਖੀਐ।
ਪ੍ਰਚੰਡ ਮਾਰਤੰਡ ਜ੍ਯੋਂ ਅਡੰਡ ਤਾਸੁ ਲੇਖੀਐ।
ਅਜਿਤਿ ਜਉਨ ਜਗਤ ਤੇ ਪਵਿਤ੍ਰ ਅੰਗ ਜਾਨੀਐ।
ਅਕਾਮ ਨਾਮ ਸੂਰਮਾ ਭਿਰਾਮ ਤਾਸੁ ਮਾਨੀਐ। ੨੪੭।

ਇਕ 'ਅਰਚਾ' ਅਤੇ (ਦੂਜਾ) ਪੂਜਾ (ਨਾਂ ਦੇ ਯੋਧੇ) ਜਦ ਕ੍ਰੋਧ ਕਰਨਗੇ ਅਤੇ ਰੋਸ ਕਰ ਕੇ ਜੋਸ਼ ਨਾਲ ਪੈਰ ਗਡ ਦੇਣਗੇ। ਵੈਰੀ ਅਸਤ੍ਰ ਛਡ ਕੇ, ਭਰਮੀਜ ਕੇ (ਬੌਂਦਲਾ ਕੇ) ਰਣ ਵਿਚੋਂ ਭਜ ਜਾਣਗੇ। ਇਸ ਤਰ੍ਹਾਂ ਉਖੜ ਜਾਣਗੇ ਮਾਨੋ ਪੌਣ ਨਾਲ ਬਨ ਵਿਚ ਪੱਤਰ (ਉਡ ਪੁਡ ਜਾਂਦੇ ਹੋਣ)। ਸਾਰੇ ਯੋਧੇ ਘੋੜਿਆਂ ਨੂੰ ਨਚਾਉਂਦੇ ਹੋਏ ਭਜ ਜਾਣਗੇ। (ਜਿਨ੍ਹਾਂ ਨੇ) ਛਾਤ੍ਰ ਬਿਰਤੀ ਛਡ ਦਿੱਤੀ ਹੈ, ਉਹ ਨੀਚ ਗਤਿ ਨੂੰ ਪ੍ਰਾਪਤ ਹੋਣਗੇ।੨੪੧।

ਛਪਯ ਛੰਦ

ਚੌਹਾਂ ਪਾਸੇ ਸੁੰਦਰ ਚੌਰ ਢੁਲਦਾ ਹੋਇਆ ਸੁੰਦਰ ਛਬੀ ਪ੍ਰਾਪਤ ਕਰ ਰਿਹਾ ਹੈ। ਸਫ਼ੈਦ ਬਸਤ੍ਰ ਅਤੇ ਸਫੈਦ ਘੋੜੇ ਹਨ ਅਤੇ ਸ਼ਸਤ੍ਰਾਂ ਦੀ ਛਬੀ ਸ਼ੋਭਾ ਪਾ ਰਹੀ ਹੈ। ਅਤਿ ਪਵਿਤ੍ਰ 'ਅਬਿਕਾਰ' (ਨਾਂ ਦਾ) ਨ ਕਟੇ ਜਾ ਸਕਣ ਵਾਲਾ ਅਖੰਡ ਅਤੇ ਅਚਲ ਯੋਧਾ ਹੈ। (ਜਿਸ ਦਾ) ਅਮਿਤ ਤੇਜ ਹੈ, ਜੋ ਨ ਮਿਟਣ ਵਾਲਾ, ਅਨੰਤ, ਅਛਲ ਅਤੇ ਰਣ ਵਿਚ ਅਕਟ ਹੈ। ਅਸਤ੍ਰ ਅਤੇ ਸ਼ਸਤ੍ਰ ਧਾਰਨ ਕਰ ਕੇ ਹੇ ਉਤਮ ਰਾਜੇ! (ਜਦੋਂ) ਯੁੱਧ ਵਿਚ ਸਾਹਮਣੇ ਹੋ ਕੇ ਗਰਜੇਗਾ, ਤਦੋਂ ਯੁੱਧ-ਭੂਮੀ ਵਿਚ ਇਕ ਯੋਧਾ ਵੀ ਨਹੀਂ ਟਿਕ ਸਕੇਗਾ ਅਤੇ ਉਸ ਨੂੰ ਹੋਰ ਕਿਹੜਾ ਯੋਧਾ ਰੋਕ ਸਕੇਗਾ।੨੪੨।

ਇਕ (ਦਾ ਨਾਂ) 'ਬਿਦਿਆ' ਅਤੇ (ਦੂਜੇ ਦਾ) 'ਲਾਜ' ਹੈ, (ਇਹ ਦੋਵੇਂ) ਅਮਿਟ ਅਤੇ ਰਣ ਵਿਚ ਅਤਿ ਅਧਿਕ ਪ੍ਰਤਾਪ ਵਾਲੇ ਹਨ। ਭੈਰੋਂ ਵਾਂਗ ਭਿਆਨਕ ਰੂਪ ਵਾਲੇ ਪ੍ਰਚੰਡ, ਅਮਿਟ ਅਤੇ ਨ ਸੜਨ ਵਾਲੇ ਹਨ। ਅਤਿ ਅਖੰਡ, ਅਦੰਡ, ਪ੍ਰਚੰਡ ਪ੍ਰਤਾਪ ਵਾਲੇ ਅਤੇ ਯੁੱਧ ਵਿਚ ਸਥਿਰ ਰਹਿਣ ਵਾਲੇ ਹਨ। ਸਾਨ੍ਹ (ਵਰਗੇ ਉੱਚੇ) ਮੋਢਿਆਂ ਵਾਲੇ ਅਤੇ ਗੋਡਿਆਂ ਤਕ ਲੰਬੀਆਂ ਬਾਂਹਵਾਂ ਵਾਲੇ, ਬਾਂਕੇ ਅਤੇ ਮਹਾ ਬਲਵਾਨ ਹਨ। ਇਸ ਤਰ੍ਹਾਂ ਦੋਹਾਂ ਯੋਧਿਆਂ ਦੀ ਅਪਾਰ ਛਬੀ ਹੈ, ਜਿਸ ਦਿਨ (ਯੁੱਧ-ਭੂਮੀ ਵਿਚ) ਧੌਂਸਾ ਵਜਾਉਣਗੇ, (ਤਦ) ਲਾਜ ਮਰਯਾਦਾ ਛਡ ਕੇ ਸਭ ਭਜ ਜਾਣਗੇ, ਇਕ ਵੀ ਸਾਹਮਣੇ ਨਹੀਂ ਆਵੇਗਾ।੨੪੩।

ਨਰਾਜ ਛੰਦ

ਇਕ 'ਸੰਜੋਗ' ਨਾਂ ਦਾ ਅਖੰਡ ਸੂਰਮਾ ਜਾਣਿਆ ਜਾਂਦਾ ਹੈ, ਜਿਸ ਦਾ ਅਜ ਘਰ ਘਰ ਪ੍ਰਤਾਪ ਮੰਨਿਆ ਜਾਂਦਾ ਹੈ। (ਜੋ) ਅਦੰਡ, ਅਛੇਦ ਹੈ ਅਤੇ ਜਿਸ ਨੂੰ ਅਭੰਗ ਕਿਹਾ ਜਾਂਦਾ ਹੈ। ਵਿਚਾਰ ਪੂਰਵਕ ਅਜ ਕਿਹੜਾ ਯੋਧਾ ਉਸ ਦੇ ਬਰਾਬਰ ਰਖਿਆ ਜਾ ਸਕਦਾ ਹੈ। ੨੪੪।

(ਇਕ) ਅਖੰਡ ਰਾਜ ('ਮੰਡਲੀਕ') ਵਾਲਾ ਪ੍ਰਚੰਡ ਸੂਰਮਾ ਵੇਖਿਆ ਜਾਂਦਾ ਹੈ। (ਉਸ) 'ਸੁਕ੍ਰਿਤ' ਨਾਂ ਵਾਲੇ ਸੂਰਮੇ ਨੂੰ ਅਜਿਤ ਜਾਣਨਾ ਚਾਹੀਦਾ ਹੈ। (ਜਦੋਂ) ਸ਼ਸਤ੍ਰ ਸਜਾ ਕੇ ਅਤੇ ਗਜਵਜ ਕੇ ਲੱਜਾ ਸਹਿਤ ਰਥ ਨਾਲ ਧਾਵਾ ਕਰੇਗਾ, (ਤਾਂ) ਅਮੰਡ ਸੂਰਜ ਵਾਂਗ ਪ੍ਰਚੰਡ ਸੋਭਾ ਪ੍ਰਾਪਤ ਕਰੇਗਾ।੨੪੫।

ਵਿਸ਼ੇਸ਼ ਕਰ ਕੇ (ਜਿਸ ਨੇ) ਬਾਣ, ਬਰਛੀ, ਤਲਵਾਰ ਹੱਥ ਵਿਚ ਪਕੜੀ ਹੋਈ ਹੈ। (ਉਹ) 'ਅਮੋਹ' ਨਾਮ ਵਾਲਾ ਸੂਰਮਾ (ਜਦੋਂ) ਕ੍ਰੋਧ ਨਾਲ ਆ ਕੇ ਗਜਦਾ ਹੈ। 'ਅਲੋਭ' ਨਾਮ ਵਾਲਾ ਜੋ ਦੂਜਾ ਸੂਰਮਾ ਹੈ, (ਉਹ ਵੀ) ਗਜਦਾ ਹੈ। (ਉਦੋਂ) ਰਥਾਂ ਵਾਲੇ, ਹਾਥੀਆਂ ਵਾਲੇ, ਘੋੜਿਆਂ ਦੇ ਸੁਆਮੀ ਅਤੇ ਅਪਾਰ ਸੈਨਾ ਵਾਲੇ (ਰਣ ਵਿਚੋਂ) ਭਜ ਜਾਂਦੇ ਹਨ।੨੪੬।

(ਜੋ) ਹਠੀ, ਜਪੀ, ਤਪੀ, ਸਤੀ ਅਤੇ ਅਖੰਡ ਸੂਰਮੇ ਵੇਖੇ ਜਾਂਦੇ ਹਨ। ਸੂਰਜ ਵਾਂਗ ਪ੍ਰਚੰਡ ਤੇਜ ਵਾਲੇ ਅਤੇ ਦੰਡ ਤੋਂ ਬਿਨਾ, ਉਨ੍ਹਾਂ ਨੂੰ ਜਾਣਿਆ ਜਾਂਦਾ ਹੈ। ਜਗਤ ਵਿਚ ਜੋ ਅਜਿਤ ਹਨ, (ਉਨ੍ਹਾਂ ਨੂੰ) ਪਵਿਤ੍ਰ ਅੰਗ (ਸ਼ਰੀਰ) ਵਾਲਾ ਸਮਝਿਆ ਜਾਂਦਾ ਹੈ। 'ਅਕਾਮ' ਨਾਮ ਵਾਲਾ (ਜੋ) ਯੋਧਾ ਹੈ, ਉਸ ਨੂੰ ਬਹੁਤ ਸੁੰਦਰ ਮੰਨਿਆ ਜਾਂਦਾ ਹੈ।੨੪੭।

ਅਕ੍ਰੋਧ ਜੋਧ ਕ੍ਰੋਧ ਕੈ ਬਿਰੋਧ ਸਜਿ ਹੈ ਜਬੈ।
ਬਿਸਾਰਿ ਲਾਜ ਸੂਰਮਾ ਅਪਾਰ ਭਾਜਿ ਹੈ ਸਭੈ।
ਅਖੰਡ ਦੇਹਿ ਜਾਸ ਕੀ ਪ੍ਰਚੰਡ ਰੂਪ ਜਾਨੀਐ।
ਸੁ ਲਜ ਨਾਮ ਸੂਰਮਾ ਸੁ ਮੰਤ੍ਰਿ ਤਾਸੁ ਮਾਨੀਐ। ੨੪੮।

ਸੁ ਪਰਮ ਤਤ ਆਦਿ ਦੈ ਨਿਰਾਹੰਕਾਰ ਗਰਜਿ ਹੈ।
ਬਿਸੇਖ ਤੋਰ ਸੈਨ ਤੇ ਅਸੇਖ ਬੀਰ ਬਰਜਿ ਹੈ।
ਸਰੋਖ ਸੈਹਥੀਨ ਲੈ ਅਮੋਘ ਜੋਧ ਜੁਟਿ ਹੈ।
ਅਸੇਖ ਬੀਰ ਕਾਰਮਾਦਿ ਕ੍ਰ[illegible]ਰ ਕਉਚ ਤੁਟ ਹੈ। ੨੪੯।

ਨਰਾਜ ਛੰਦ

ਸਭਗਤਿ ਏਕ ਭਾਵਨਾ ਸੁ ਕ੍ਰੋਧ ਸੂਰ ਧਾਇ ਹੈ।
ਅਸੇਖ ਮਾਰਤੰਡ ਜ੍ਯੋਂ ਬਿਸੇਖ ਸੋਭ ਪਾਇ ਹੈ।
ਸੰਘਾਰਿ ਸੈਣ ਸਤ੍ਰੂਵੀ ਜੁਝਾਰ ਜੋਧ ਜੁਟਿ ਹੈ।
ਕਰੂਰ ਕੂਰ ਸੂਰਮਾ ਤਰਕ ਤੰਗ ਤੁਟਿ ਹੈ। ੨੫੦।

ਸਿਮਟਿ ਸੂਰ ਸੈਹਥੀ ਸਰਕਿ ਸਾਂਗ ਸੇਲ ਹੈ।
ਦੁਰੰਤ ਘਾਇ ਝਾਲਿ ਕੈ ਅਨੰਤ ਸੈਣ ਪੇਲਿ ਹੈ।
ਤਮਕਿ ਤੇਗ ਦਾਮਿਣੀ ਸੜਕਿ ਸੂਰ ਮਟਿ ਹੈ।
ਨਿਪਟਿ ਕਟਿ ਕੁਟਿ ਕੈ ਅਕਟ ਅੰਗ ਸਟਿ ਹੈ। ੨੫੧।

ਨਿਪਟਿ ਸਿੰਘ ਜ੍ਯੋਂ ਪਲਟਿ ਸੂਰ ਸੇਲ ਬਾਹਿ ਹੈ।
ਬਿਸੇਖ ਬੂਥਨੀਸ ਕੀ ਅਸੇਖ ਸੈਣ ਗਾਹਿ ਹੈ।
ਅਰੁਝਿ ਬੀਰ ਅਪ ਮਝਿ ਗਝਿ ਆਨਿ ਜੁਝਿ ਹੈ।
ਬਿਸੇਖ ਦੇਵ ਦਈਤ ਜਛ ਕਿੰਨਰ ਕ੍ਰਿਤ ਬੁਝਿ ਹੈ। ੨੫੨।

ਸਰਕਿ ਸੇਲ ਸੂਰਮਾ ਮਟਿਕ ਬਾਜ ਸੁਟਿ ਹੈ।
ਅਮੰਡ ਮੰਡਲੀਕ ਸੇ ਅਫੁਟ ਸੂਰ ਫੁਟਿ ਹੈ।
ਸੁ ਪ੍ਰੇਮ ਨਾਮ ਸੂਰ ਕੋ ਬਿਸੇਖ ਭੂਪ ਜਾਨੀਐ।
ਸੁ ਸਾਖ ਤਾਸ ਕੀ ਸਦਾ ਤਿਹੂੰਨ ਲੋਕ ਮਾਨੀਐ। ੨੫੩।

ਅਨੂਪ ਰੂਪ ਭਾਨ ਸੋ ਅਭੂਤ ਰੂਪ ਮਾਨੀਐ।
ਸੰਜੋਗ ਨਾਮ ਸਤ੍ਰੂਹਾ ਸੁ ਬੀਰ ਤਾਸੁ ਜਾਨੀਐ।
ਸੁ ਸਾਂਤਿ ਨਾਮ ਸੂਰਮਾ ਸੁ ਅਉਰ ਏਕ ਬੋਲੀਐ।
ਪ੍ਰਤਾਪ ਜਾਸ ਕੋ ਸਦਾ ਸੁ ਸਰਬ ਲੋਗ ਤੋਲੀਐ। ੨੫੪।

ਅਖੰਡ ਮੰਡਲੀਕ ਸੋ ਪ੍ਰਚੰਡ ਰੂਪ ਦੇਖੀਐ।
ਸੁ ਕੋਪ ਸੁਧ ਸਿੰਘ ਕੀ ਸਮਾਨ ਸੂਰ ਪੇਖੀਐ।
ਸੁ ਪਾਠ ਨਾਮ ਤਾਸ ਕੋ ਅਠਾਟ ਤਾਸੁ ਭਾਖੀਐ।
ਭਜ੍ਯੋ ਨ ਜੁਧ ਤੇ ਕਹੂੰ ਨਿਸੇਸ ਸੂਰ ਸਾਖੀਐ। ੨੫੫।

'ਅਕ੍ਰੋਧ' (ਨਾਂ ਵਾਲਾ) ਯੋਧਾ ਜਦੋਂ ਕ੍ਰੋਧਿਤ ਹੋ ਕੇ 'ਬਿਰੋਧ' (ਯੁੱਧ) ਨੂੰ ਜਾਏਗਾ (ਤਦੋਂ) ਬੇਅੰਤ ਸੂਰਮੇ, ਸਾਰੀ ਲਾਜ ਮਰਯਾਦਾ ਨੂੰ ਭੁਲਾ ਕੇ ਭਜ ਜਾਣਗੇ। ਜਿਸ ਦੀ ਦੇਹ ਅਖੰਡ ਹੈ ਅਤੇ ਪ੍ਰਚੰਡ ਰੂਪ ਵਾਲਾ ਜਾਣਿਆ ਜਾਂਦਾ ਹੈ, ਉਹ 'ਲਜ' (ਲਜਾ) ਨਾਮ ਵਾਲਾ ਸੂਰਮਾ, ਉਸ ਦਾ ਮੰਤਰੀ ਮੰਨਿਆ ਜਾਂਦਾ ਹੈ।੨੪੮।

'ਪਰਮ ਤੱਤ' ਆਦਿ (ਯੋਧੇ) ਤੋਂ ਲੈ ਕੇ 'ਨਿਰਹੰਕਾਰ' (ਸਮੇਤ) ਗਜਣਗੇ, ਵਿਸ਼ੇਸ਼ ਸੈਨਾ ਨੂੰ ਚਲਾ ਕੇ, ਬੇਅੰਤ ਸੂਰਮਿਆਂ ਨੂੰ ਰੋਕ ਦੇਣਗੇ। ਯੋਧੇ ਕ੍ਰੋਧਿਤ ਹੋ ਕੇ ਅਮੋਘ ਬਰਛੀਆਂ (ਹੱਥ ਵਿਚ ਲੈ ਕੇ ਯੁੱਧ ਵਿਚ) ਜੁਟ ਜਾਣਗੇ। ਬੇਅੰਤ ਯੋਧਿਆਂ ਦੇ ਸਖਤ ਧਨੁਸ਼ ਆਦਿ ਅਤੇ ਕਵਚ ਟੁਟ ਜਾਣਗੇ।੨੪੯।

ਨਰਾਜ ਛੰਦ

ਇਕ ਭਾਵਨਾ ਸਹਿਤ 'ਭਗਤਿ' (ਨਾਮ ਵਾਲਾ) ਸੂਰਮਾ ਕ੍ਰੋਧਿਤ ਹੋ ਕੇ ਧਾਵਾ ਕਰਦਾ ਹੈ। ਬੇਅੰਤ ਸੂਰਜਾਂ ਵਾਂਗ ਵਿਸ਼ੇਸ਼ ਸ਼ੋਭਾ ਪਾਉਂਦਾ ਹੈ। ਵੈਰੀ ਦੀ ਸੈਨਾ ਨੂੰ ਨਸ਼ਟ ਕਰਨ ਲਈ ਸੂਰਮੇ ਯੁੱਧ ਵਿਚ ਜੁਟ ਜਾਂਦੇ ਹਨ। (ਉਸ ਵੇਲੇ) 'ਕਰੂਰ' ਅਤੇ 'ਕੂੜ' (ਨਾਂ ਵਾਲੇ) ਸੂਰਮਿਆਂ ਦੇ ਤੰਗ ਤੜਕ ਕੇ ਟੁਟ ਜਾਂਦੇ ਹਨ।੨੫੦।

(ਉਹ) ਸੂਰਮੇ ਸਿਮਟ ਕੇ ਅਤੇ (ਅਗੇ ਵਲ) ਸਰਕ ਕੇ ਸੈਹਥੀਆਂ ਅਤੇ ਬਰਛੀਆਂ ਚਲਾਂਦੇ ਹਨ। ਬਹੁਤ ਵੱਡੇ ਘਾਓ ਸਹਿ ਕੇ ਬੇਅੰਤ ਸੈਨਾ ਨੂੰ ਅਗੇ ਧਕ ਦਿੰਦੇ ਹਨ। ਬਿਜਲੀ ਵਰਗੀ ਚਮਕ ਵਾਲੀ ਤਲਵਾਰ ਸੜਕ ਕਰ ਕੇ ਸੂਰਮੇ ਤੁਰਤ ('ਮਟਿ') (ਚਲਾਂਦੇ ਹਨ)। (ਜਿਸ ਨਾਲ) ਨ ਕਟੇ ਜਾ ਸਕਣ ਵਾਲੇ ਅੰਗਾਂ ਨੂੰ ਬਿਲਕੁਲ ਕਟ ਕੁਟ ਕੇ ਸੁਟ ਦਿੰਦੇ ਹਨ।੨੫੧।

ਬਿਲਕੁਲ ਸ਼ੇਰ ਵਾਂਗ ਪਲਟ ਕੇ ਸੂਰਮੇ ਬਰਛੇ ਚਲਾਂਦੇ ਹਨ। ਵਿਸ਼ੇਸ਼ ਸੈਨਾਪਤੀਆਂ ('ਬੂਥਨੀਸ') ਦੀ ਬੇਅੰਤ ਸੈਨਾ ਨੂੰ ਦਲ ਦਿੰਦੇ ਹਨ। ਆਪਸ ਵਿਚ ਗੁਥਮ ਗੁੱਥਾ ਹੋ ਕੇ ਹਿੰਮਤ ('ਗਝਿ') ਵਾਲੇ ਸੂਰਮੇ ਆ ਕੇ ਲੜਦੇ ਹਨ। ਵਿਸ਼ੇਸ਼ ਤੌਰ ਤੇ ਦੇਵਤੇ, ਦੈਂਤ, ਯਕਸ਼ ਅਤੇ ਕਿੰਨਰ (ਉਨ੍ਹਾਂ ਦੀ) ਕੀਰਤੀ ਨੂੰ ਸਮਝ ਲੈਂਦੇ ਹਨ।੨੫੨।

ਸੂਰਮਾ ਬਰਛੇ ਨੂੰ (ਅਗੇ ਵਲ) ਸਰਕਾਂਦਾ ਹੈ ਅਤੇ ਮਟਕ ਕੇ ਘੋੜੇ ਨੂੰ ਭਜਾਂਦਾ ਹੈ। ਨ ਮੰਡੇ ਜਾ ਸਕਣ ਵਾਲੇ ਰਾਜੇ ('ਮੰਡਲੀਕ') ਅਤੇ ਨ ਫੁਟਣ ਵਾਲੇ ਸੂਰਮੇ ਫੁਟ ਰਹੇ ਹਨ। ਉਸ 'ਪ੍ਰੇਮ' ਨਾਮ ਵਾਲੇ ਸੂਰਮੇ ਦਾ ਹੇ ਰਾਜਨ! ਵਿਸ਼ੇਸ਼ ਰੂਪ ਜਾਣਿਆ ਜਾਂਦਾ ਹੈ। ਉਸ ਦੀ ਸਾਖ ਸਦਾ ਤਿੰਨਾਂ ਲੋਕਾਂ ਵਿਚ ਮੰਨੀ ਜਾਂਦੀ ਹੈ। ੨੫੩।

(ਜਿਸ ਦਾ) ਅਨੂਪ ਰੂਪ ਸੂਰਜ ਵਰਗਾ ਹੈ, ਉਸ ਨੂੰ ਤੱਤਾਂ ਤੋਂ ਰਹਿਤ ਰੂਪ ਮੰਨਿਆ ਜਾਂਦਾ ਹੈ। ਉਸ ਸੂਰਮੇ ਦਾ ਨਾਮ 'ਸੰਜੋਗ' ਹੈ ਜੋ ਵੈਰੀ ਨੂੰ ਮਾਰਨ ਵਾਲਾ ਜਾਣਿਆ ਜਾਂਦਾ ਹੈ। ਇਕ ਹੋਰ 'ਸਾਂਤਿ' ਨਾਮ ਦਾ ਸੂਰਮਾ ਕਿਹਾ ਜਾਂਦਾ ਹੈ, ਜਿਸ ਦਾ ਪ੍ਰਤਾਪ ਹਮੇਸ਼ਾ ਸਾਰੇ ਲੋਕਾਂ ਵਿਚ ਵਿਚਾਰਿਆ ਜਾਂਦਾ ਹੈ।੨੫੪।

(ਜਿਸ ਦਾ) ਰੂਪ ਅਖੰਡ ਰਾਜੇ ('ਮੰਡਲੀਕ') ਜਿਹਾ ਪ੍ਰਚੰਡ ਵੇਖਿਆ ਜਾਂਦਾ ਹੈ। (ਜਦੋਂ) ਉਹ ਕ੍ਰੋਧ ਕਰਦਾ ਹੈ ਤਾਂ (ਉਸ ਦਾ) ਰੂਪ ਨਿਰੋਲ ਸ਼ੇਰ ਵਰਗਾ ਦਿਸ ਪੈਂਦਾ ਹੈ। ਉਸ ਦਾ ਨਾਮ 'ਪਾਠ' ਹੈ ਅਤੇ ਉਸ ਨੂੰ ਠਾਠ-ਰਹਿਤ ਕਿਹਾ ਜਾਂਦਾ ਹੈ। (ਉਹ) ਕਦੇ ਯੁੱਧ ਤੋਂ ਭਜਦਾ ਨਹੀਂ, ਚੰਦ੍ਰਮਾ ਅਤੇ ਸੂਰਜ (ਇਸ ਗੱਲ ਦੇ) ਸਾਖੀ ਹਨ।੨੫੫।

ਸੁਕਰਮ ਨਾਮ ਏਕ ਕੋ ਸੁਸਿਛ ਦੂਜ ਜਾਨੀਐ।
ਅਭਿਜ ਮੰਡਲੀਕ ਸੋ ਅਛਿਜ ਤੇਜ ਮਾਨੀਐ।
ਸੁ ਕੋਪ ਸੂਰ ਸਿੰਘ ਜ੍ਯੋਂ ਘਟਾ ਸਮਾਨ ਜੁਟਿ ਹੈ।
ਦੁਰੰਤ ਬਾਜ ਬਾਜਿ ਹੈ ਅਨੰਤ ਸਸਤ੍ਰ ਛੁਟਿ ਹੈ। ੨੫੬।

ਸੁ ਜਗਿ ਨਾਮ ਏਕ ਕੋ ਪ੍ਰਬੋਧ ਅਉਰ ਮਾਨੀਐ
ਸੁ ਦਾਨ ਤੀਸਰਾ ਹਠੀ ਅਖੰਡ ਤਾਸੁ ਜਾਨੀਐ।
ਸੁ ਨੇਮ ਨਾਮ ਅਉਰ ਹੈ ਅਖੰਡ ਤਾਸੁ ਭਾਖੀਐ।
ਜਗਤ ਜਾਸੁ ਜੀਤਿਆ ਜਹਾਨ ਭਾਨੁ ਸਾਖੀਐ। ੨੫੭।
ਸੁ ਸਤੁ ਨਾਮ ਏਕ ਕੋ ਸੰਤੋਖ ਅਉਰ ਬੋਲੀਐ।
ਸੁ ਤਪੁ ਨਾਮ ਤੀਸਰੋ ਦਸੰਤ੍ਰ ਜਾਸੁ ਛੋਲੀਐ।
ਸੁ ਜਾਪੁ ਨਾਮ ਏਕ ਕੋ ਪ੍ਰਤਾਪ ਆਜ ਤਾਸ ਕੋ।
ਅਨੇਕ ਜੁਧ ਜੀਤਿ ਕੈ ਬਰਿਯੋ ਜਿਨੈ ਨਿਰਾਸ ਕੋ। ੨੫੮।

ਛਪੈ ਛੰਦ

ਅਤਿ ਪ੍ਰਚੰਡ ਬਲਵੰਡ ਨੇਮ ਨਾਮਾ ਇਕ ਅਤਿ ਭਟ।
ਪ੍ਰੇਮ ਨਾਮ ਦੂਸਰੋ ਸੂਰ ਬੀਰਾਰਿ ਰਣੋਤਕਟ।
ਸੰਜਮ ਏਕ ਬਲਿਸਟਿ ਧੀਰ ਨਾਮਾ ਚਤੁਰਥ ਗਨਿ।
ਪ੍ਰਾਣਯਾਮ ਪੰਚਵੋ ਧਿਆਨ ਨਾਮਾ ਖਸਟਮ ਭਨਿ।
ਜੋਧਾ ਅਪਾਰ ਅਨਖੰਡ ਸਤਿ ਅਤਿ ਪ੍ਰਤਾਪ ਤਿਹ ਮਾਨੀਐ।
ਸੁਰ ਅਸੁਰ ਨਾਗ ਗੰਧ੍ਰਬ ਧਰਮ ਨਾਮਾ ਜਵਨ ਕੋ ਜਾਨੀਐ। ੨੫੯।

ਸੁਭਾਚਾਰ ਜਿਹ ਨਾਮ ਸਬਲ ਦੂਸਰ ਅਨੁਮਾਨੋ।
ਬਿਕ੍ਰਮ ਤੀਸਰੋ ਸੁਭਟ ਬੁਧਿ ਚਤੁਰਥ ਜੀਅ ਜਾਨੋ।
ਪੰਚਮ ਅਨੁਰਕਤਤਾ ਛਠਮ ਸਾਮਾਧ ਅਭੈ ਭਟ।
ਉਦਮ ਅਰੁ ਉਪਕਾਰ ਅਮਿਟ ਅਨਜੀਤ ਅਨਾਕਟ।
ਜਿਹ ਨਿਰਖਿ ਸਤ੍ਰੁ ਤਜਿ ਆਸਨਨਿ ਬਿਮਨ ਚਿਤ ਭਾਜਤ ਤਵਨ।
ਬਲਿ ਟਾਰਿ ਹਾਰਿ ਆਹਵ ਹਠੀ ਅਠਟ ਠਾਟ ਭੁਲਤ ਗਵਨ। ੨੬੦।

ਤੋਮਰ ਛੰਦ

ਸੁ ਬਿਚਾਰ ਹੈ ਭਟ ਏਕ। ਗੁਨ ਬੀਚ ਜਾਸੁ ਅਨੇਕ।
ਸੰਜੋਗ ਹੈ ਇਕ ਅਉਰ। ਜਿਨਿ ਜੀਤਿਆ ਪਤਿ ਗਉਰ। ੨੬੧।

ਇਕ ਹੋਮ ਨਾਮ ਸੁ ਬੀਰ। ਅਰਿ ਕੀਨ ਜਾਸੁ ਅਧੀਰ।
ਪੂਜਾ ਸੁ ਅਉਰ ਬਖਾਨ। ਜਿਹ ਸੋ ਨ ਪਉਰਖੁ ਆਨਿ। ੨੬੨।

ਅਨੁਰਕਤਤਾ ਇਕ ਅਉਰ। ਸਭ ਸੁਭਟ ਕੋ ਸਿਰ ਮਉਰ।
ਬੇਰਕਤਤਾ ਇਕ ਆਨ। ਜਿਹ ਸੋ ਨ ਆਨ ਪ੍ਰਧਾਨ। ੨੬੩।

ਇਕ ਦਾ ਨਾਮ 'ਕਰਮ' ਹੈ ਅਤੇ ਦੂਜੇ ਦਾ 'ਸਿਛ' ਜਾਣਿਆ ਜਾਂਦਾ ਹੈ। ਉਨ੍ਹਾਂ ਨੂੰ ਨ ਭਿਜਣ ਵਾਲੇ ਰਾਜੇ ('ਮੰਡਲੀਕ') ਜਿਹੇ ਅਤੇ ਨ ਛਿਜਣ ਵਾਲੇ ਤੇਜ ਵਾਲੇ ਮੰਨਿਆ ਜਾਂਦਾ ਹੈ। ਉਹ ਸੂਰਮੇ ਸ਼ੇਰ ਵਾਂਗ ਕ੍ਰੋਧ ਕਰਦੇ ਹਨ ਅਤੇ ਘਟਾਵਾਂ ਦੇ ਸਮਾਨ (ਯੁੱਧ ਵਿਚ) ਜੁਟ ਜਾਂਦੇ ਹਨ। (ਉਸ ਵੇਲੇ) ਬੇਅੰਤ ਵਾਜੇ ਵਜਦੇ ਹਨ ਅਤੇ ਅਨੰਤ ਸ਼ਸਤ੍ਰ ਛੁਟਦੇ ਹਨ।੨੫੬।

ਇਕ ਯੋਧੇ ਦਾ ਨਾਮ 'ਜਗ' ਹੈ ਅਤੇ ਦੂਜੇ ਦਾ (ਨਾਮ) 'ਪ੍ਰਬੋਧ' ਮੰਨਿਆ ਜਾਂਦਾ ਹੈ। ਤੀਜੇ ਹਠੀ (ਦਾ ਨਾਮ) 'ਦਾਨ' ਹੈ, ਜਿਸ ਨੂੰ ਅਖੰਡ ਜਾਣਿਆ ਜਾਂਦਾ ਹੈ। 'ਨੇਮ' ਇਕ ਹੋਰ ਦਾ ਨਾਮ ਹੈ, ਜਿਸ ਨੂੰ ਵੀ ਅਖੰਡ ਕਿਹਾ ਜਾਂਦਾ ਹੈ। ਜਿਸ ਨੇ ਸਾਰੇ ਜਗਤ ਨੂੰ ਜਿਤ ਲਿਆ ਹੈ। (ਸਾਰਾ) ਸੰਸਾਰ ਅਤੇ ਸੂਰਜ (ਇਸ ਦੇ) ਗਵਾਹ ਹਨ।੨੫੭।

ਇਕ ਦਾ ਨਾਮ 'ਸਤ' ਹੈ ਅਤੇ ਦੂਜੇ ਦਾ ਨਾਂ 'ਸੰਤੋਖ' ਕਿਹਾ ਜਾਂਦਾ ਹੈ। ਤੀਜੇ ਦਾ ਨਾਮ 'ਤਪ' ਹੈ ਜਿਸ ਦਾ (ਯਸ਼) ਦੇਸ ਦੇਸਾਂਤਰਾਂ ਵਿਚ ਪਸਰਿਆ ਹੋਇਆ ਹੈ। ਇਕ ਦਾ ਨਾਮ 'ਜਾਪ' ਹੈ ਜਿਸ ਦਾ ਅਜ (ਸਭ ਪਾਸੇ) ਪ੍ਰਤਾਪ ਹੈ। ਜਿਸ ਨੇ ਅਨੇਕਾਂ ਯੁੱਧ ਜਿਤ ਕੇ 'ਨਿਰਾਸ' (ਆਸ ਦੇ ਤਿਆਗ) ਨੂੰ ਵਰ ਲਿਆ ਹੈ।੨੫੮।

ਛਪੈ ਛੰਦ

ਬਹੁਤ ਪ੍ਰਚੰਡ ਤੇਜ ਵਾਲਾ 'ਨੇਮ' ਨਾਂ ਦਾ ਇਕ ਯੋਧਾ ਹੈ। ਦੂਜੇ ਯੋਧੇ ਦਾ ਨਾਮ 'ਪ੍ਰੇਮ' ਹੈ ਜੋ ਸੂਰਮਿਆਂ ਦਾ ਵੈਰੀ ਅਤੇ ਯੁੱਧ ਵਿਚ ਪ੍ਰਬਲ ਹੈ। ਇਕ 'ਸੰਜਮ' ਨਾਮ ਦਾ ਹੋਰ ਬਲਵਾਨ ਹੈ ਅਤੇ ਚੌਥਾ ਨਾਮ 'ਧੀਰ' (ਧੀਰਜ) ਦਾ ਗਿਣਿਆ ਜਾਂਦਾ ਹੈ। ਪੰਜਵੇਂ ਦਾ ਨਾਮ 'ਪ੍ਰਾਣਾਯਾਮ' ਅਤੇ ਛੇਵੇਂ ਦਾ ਨਾਮ 'ਧਿਆਨ' ਹੈ। ਸੱਤਵੇਂ ਨ ਖੰਡਿਤ ਹੋਣ ਵਾਲੇ, ਅਪਾਰ ਅਤੇ ਅਤਿਅੰਤ ਪ੍ਰਤਾਪ ਵਾਲੇ ਯੋਧੇ ਨੂੰ ਦੇਵਤੇ, ਦੈਂਤ, ਨਾਗ, ਗੰਧਰਬ ਆਦਿ 'ਧਰਮ' ਨਾਮ ਨਾਲ ਜਾਣਦੇ ਹਨ।੨੫੯।

'ਸੁਭਾਚਾਰ' ਜਿਸ ਦਾ ਨਾਮ ਹੈ ਅਤੇ ਦੂਜਾ ਬਲਵਾਨ 'ਅਨੁਮਾਨ' ਹੈ। ਤੀਜਾ 'ਬਿਕ੍ਰਮ' ਹੈ, ਚੌਥਾ ਸੂਰਮਾ 'ਬੁਧਿ' ਮਨ ਵਿਚ ਜਾਣ ਲਵੋ। ਪੰਜਵਾਂ 'ਅਨੁਰਕਤਤਾ' ਅਤੇ ਛੇਵਾਂ 'ਸਾਮਾਧ' (ਸਮਾਧੀ) ਨਿਡਰ ਯੋਧੇ ਹਨ। 'ਉਦਮ' ਅਤੇ 'ਉਪਕਾਰ' (ਨਾਮ ਵਾਲੇ ਯੋਧੇ) ਨ ਮਿਟਣ ਵਾਲੇ, ਨ ਜਿਤੇ ਜਾ ਸਕਣ ਵਾਲੇ ਅਤੇ ਨ ਕਟੇ ਜਾ ਸਕਣ ਵਾਲੇ ਹਨ। ਜਿਨ੍ਹਾਂ ਨੂੰ ਵੇਖ ਕੇ ਵੈਰੀ ਆਸਣਾਂ ਨੂੰ ਛਡ ਕੇ ਬੁਝੇ ਹੋਏ ਮਨ ਨਾਲ ਉਥੋਂ ਭਜ ਜਾਂਦੇ ਹਨ। ਹਠੀ ਸੂਰਮੇ ਬਲ ਛਡ ਕੇ, ਯੁੱਧ ਵਿਚ ਹਾਰ ਮੰਨ ਕੇ ਅਣਮਿਥੇ ਠਾਠ ਭੁਲ ਕੇ ਚਲੇ ਜਾਂਦੇ ਹਨ।੨੬੦।

ਤੋਮਰ ਛੰਦ

ਇਕ 'ਬਿਚਾਰ' ਨਾਂ ਦਾ ਸੂਰਮਾ ਹੈ, ਜਿਸ ਵਿਚ ਅਨੇਕ ਗੁਣ ਹਨ। ਇਕ ਹੋਰ (ਸੂਰਮਾ) 'ਸੰਜੋਗ' ਹੈ, ਜਿਸ ਨੇ ਗੌਰੀ ਦੇ ਪਤੀ (ਸ਼ਿਵ) ਨੂੰ ਜਿਤ ਲਿਆ ਸੀ।੨੬੧।

ਇਕ 'ਹੋਮ' ਨਾਮ ਦਾ ਯੋਧਾ ਹੈ ਜਿਸ ਨੇ ਵੈਰੀਆਂ ਨੂੰ ਧੀਰਜ-ਰਹਿਤ ਕਰ ਲਿਆ ਹੈ। ਇਕ ਹੋਰ 'ਪੂਜਾ' ਨਾਮ ਵਾਲਾ (ਯੋਧਾ) ਕਿਹਾ ਜਾਂਦਾ ਹੈ, ਜਿਸ ਵਰਗੀ ਹੋਰ ਕਿਸੇ ਵਿਚ ਸ਼ਕਤੀ ਨਹੀਂ ਹੈ।੨੬੨।

ਇਕ ਹੋਰ 'ਅਨੁਰਕਤਤਾ' (ਨਾਮ ਵਾਲਾ ਸੂਰਮਾ) ਹੈ, ਜੋ ਸਾਰਿਆਂ ਸੂਰਮਿਆਂ ਦਾ ਸ਼ਿਰੋਮਣੀ ਹੈ। ਇਕ ਹੋਰ 'ਬੇਰਕਤਤਾ' (ਨਾਮ ਵਾਲਾ ਸੂਰਮਾ) ਹੈ ਜਿਸ ਵਰਗਾ ਹੋਰ (ਕੋਈ) ਪ੍ਰਧਾਨ (ਯੋਧਾ) ਨਹੀਂ ਹੈ।੨੬੩।

ਸਤਸੰਗ ਅਉਰ ਸੁਬਾਹ। ਜਿਹ ਦੇਖ ਜੁਧ ਉਛਾਹ।
ਭਟ ਨੇਹ ਨਾਮ ਅਪਾਰ। ਬਲ ਜਉਨ ਕੋ ਬਿਕਰਾਰ। ੨੬੪।

ਇਕ ਪ੍ਰੀਤਿ ਅਰੁ ਹਰਿ ਭਗਤਿ। ਜਿਹ ਜੋਤਿ ਜਗਮਗ ਜਗਤਿ।
ਭਟ ਦਤ ਮਤ ਮਹਾਨ। ਸਬ ਠਉਰ ਮੈ ਪਰਧਾਨ। ੨੬੫।

ਇਕ ਅਕ੍ਰੂਧ ਅਉਰ ਪ੍ਰਬੋਧ। ਰਣ ਦੇਖਿ ਕੈ ਜਿਹ ਕ੍ਰੋਧ।
ਇਹ ਭਾਤਿ ਸੈਨ ਬਨਾਇ। ਦੁਹੁ ਦਿਸਿ ਨਿਸਾਨ ਬਜਾਇ। ੨੬੬।

ਦੋਹਰਾ

ਇਹ ਬਿਧਿ ਸੈਨ ਬਨਾਇ ਕੈ ਚੜੇ ਨਿਸਾਨ ਬਜਾਇ।
ਜਿਹ ਜਿਹ ਬਿਧਿ ਆਹਵ ਮਚ੍ਯੋ ਸੋ ਸੋ ਕਹਤ ਸੁਨਾਇ। ੨੬੭।

ਸ੍ਰੀ ਭਗਵਤੀ ਛੰਦ

ਕਿ ਸੰਬਾਹ ਉਠੇ। ਕਿ ਸਾਵੰਤ ਜੁਟੇ।
ਕਿ ਨੀਸਾਣ ਹੁਕੇ। ਕਿ ਬਾਜੰਤ੍ਰ ਧੁਕੇ। ੨੬੮।

ਕਿ ਬੰਬਾਲ ਨੇਜੇ। ਕਿ ਜੰਜ੍ਵਾਲ ਤੇਜੇ।
ਕਿ ਸਾਵੰਤ ਢੂਕੇ। ਕਿ ਹਾ ਹਾਇ ਕੂਕੇ। ੨੬੯।

ਕਿ ਸਿੰਧੂਰ ਗਜੇ। ਕਿ ਤੰਦੂਰ ਬਜੇ।
ਕਿ ਸੰਬਾਹ ਜੁਟੇ। ਕਿ ਸੰਨਾਹ ਫੁਟੇ। ੨੭0।

ਕਿ ਡਾਕੰਤ ਡਉਰੂ। ਕਿ ਭ੍ਰਾਮੰਤ ਭਉਰੂ।
ਕਿ ਆਹਾੜਿ ਡਿਗੇ। ਕਿ ਰਾਕਤ੍ਰ ਭਿਗੇ। ੨੭੧।

ਕਿ ਚਾਮੁੰਡ ਚਰਮੰ। ਕਿ ਸਾਵੰਤ ਧਰਮੰ।
ਕਿ ਆਵੰਤ ਜੁਧੰ। ਕਿ ਸਾਨਧ ਬਧੰ। ੨੭੨।

ਕਿ ਸਾਵੰਤ ਸਜੇ। ਕਿ ਨੀਸਾਣ ਬਜੇ।
ਕਿ ਜੰਜ੍ਵਾਲ ਕ੍ਰੋਧੰ। ਕਿ ਬਿਸਾਰਿ ਬੋਧੰ। ੨੭੩।

ਕਿ ਆਹਾੜ ਮਾਨੀ। ਕਿ ਜ੍ਯੋਂ ਮਛ ਪਾਨੀ।
ਕਿ ਸਸਤ੍ਰਾਸਤ੍ਰ ਬਾਹੈ। ਕਿ ਜ੍ਯੋਂ ਜੀਤ ਚਾਹੈ। ੨੭੪।

ਕਿ ਸਾਵੰਤ ਸੋਹੇ। ਕਿ ਸਾਰੰਗ ਰੋਹੇ।
ਕਿ ਸਸਤ੍ਰਾਸਤ੍ਰ ਬਾਹੇ। ਭਲੇ ਸੈਣ ਗਾਹੇ। ੨੭੫।

ਕਿ ਭੈਰਉ ਭਭਕੈ। ਕਿ ਕਾਲੀ ਕੁਹਕੇ।
ਕਿ ਜੋਗਨ ਜੁਟੀ। ਕਿ ਲੈ ਪਤ੍ਰ ਟੁਟੀ। ੨੭੬।

(ਇਕ) ਹੋਰ 'ਸਤਸੰਗ' (ਨਾਮ ਵਾਲਾ) ਯੋਧਾ ਹੈ ਜਿਸ ਵਿਚ ਯੁੱਧ ਲਈ ਉਤਸਾਹ ਵੇਖਿਆ ਜਾਂਦਾ ਹੈ। (ਇਕ ਹੋਰ) 'ਨੇਮ' ਨਾਮ ਵਾਲਾ ਅਪਾਰ ਯੋਧਾ ਹੈ ਜਿਸ ਵਿਚ ਭਿਆਨਕ ਬਲ ਹੈ।੨੬੪।

ਇਕ 'ਪ੍ਰੀਤਿ' ਅਤੇ (ਦੂਜਾ) 'ਹਰਿ-ਭਗਤਿ' (ਨਾਮ ਵਾਲੇ ਯੋਧੇ ਹਨ) ਜਿਨ੍ਹਾਂ ਦੀ ਜੋਤਿ ਜਗਤ ਵਿਚ ਜਗ ਮਗ ਕਰ ਰਹੀ ਹੈ। (ਇਕ ਹੋਰ) ਮਹਾਨ ਮਤ ਵਾਲਾ 'ਦਤਮਤ' (ਨਾਮ ਵਾਲਾ ਯੋਧਾ ਹੈ) ਜੋ ਸਭ ਥਾਂਵਾਂ ਵਿਚ ਪ੍ਰਧਾਨ ਹੈ।੨੬੫।

ਇਕ 'ਅਕ੍ਰੂਧ' ਅਤੇ ਦੂਜਾ 'ਪ੍ਰਬੋਧ' (ਨਾਮ ਵਾਲੇ ਯੋਧੇ ਹਨ) ਜਿਨ੍ਹਾਂ ਨੂੰ ਰਣ-ਭੂਮੀ ਵੇਖ ਕੇ ਕ੍ਰੋਧ ਚੜ੍ਹ ਜਾਂਦਾ ਹੈ। ਇਸ ਤਰ੍ਹਾਂ ਦੀ ਸੈਨਾ ਬਣਾ ਕੇ ਦੋਹਾਂ ਪਾਸੇ ਧੌਂਸੇ ਵਜਣ ਲਗੇ ਹਨ।੨੬੬।

ਦੋਹਰਾ

ਇਸ ਤਰ੍ਹਾਂ ਸੈਨਾ ਤਿਆਰ ਕਰ ਕੇ ਧੌਂਸੇ ਵਜਾ ਕੇ ਚੜ੍ਹ ਪਏ ਹਨ। ਜਿਸ ਜਿਸ ਤਰ੍ਹਾਂ ਦਾ ਯੁੱਧ ਹੋਇਆ ਹੈ, ਉਹ ਉਹ ਕਹਿ ਕੇ ਸੁਣਾਉਂਦਾ ਹਾਂ।੨੬੭।

ਸ੍ਰੀ ਭਗਵਤੀ ਛੰਦ

ਯੋਧੇ ਉਠ ਪਏ ਹਨ (ਅਰਥਾਂਤਰ- ਵਿਵਾਦ ਛਿੜ ਪਿਆ ਹੈ), ਬਲਵਾਨ ਸੂਰਮੇ (ਯੁੱਧ ਵਿਚ) ਜੁਟ ਗਏ ਹਨ। ਧੌਂਸੇ ਗੂੰਜਦੇ ਹਨ, ਵਾਜੇ ਧੁਕ ਧੁਕ ਕਰਦੇ ਹਨ।੨੬੮।

ਨੇਜ਼ਿਆਂ ਦੇ ਬੰਬਲ (ਅਰਥਾਤ ਝਾਲਰਾਂ) ਅੱਗ ਦੀਆਂ ਪ੍ਰਚੰਡ ਲਾਟਾਂ (ਮਾਲੂਮ ਹੁੰਦੀਆਂ ਹਨ)। ਸੂਰਮੇ (ਇਕ ਦੂਜੇ ਦੇ ਨੇੜੇ) ਢੁਕ ਰਹੇ ਹਨ ਅਤੇ (ਮੂੰਹ ਤੋਂ) 'ਹਾ ਹਾਇ' ਕੂਕ ਰਹੇ ਹਨ।੨੬੯।

ਸਿੰਧੂਰੇ ਹੋਏ (ਹਾਥੀ) ਗਜਦੇ ਹਨ, ਛੋਟੇ ਢੋਲ ਵਜਦੇ ਹਨ, ਯੋਧੇ (ਆਪਸ ਵਿਚ) ਜੁਟ ਗਏ ਹਨ, ਕਵਚ ਫੁਟ ਰਹੇ ਹਨ।੨੭0।

ਡੌਰੇ ਡਕ ਡਕ ਕਰ ਕੇ ਬੋਲਦੇ ਹਨ, ਘੋੜੇ ('ਭਉਰੂ') ਭਰਮਦੇ ਫਿਰਦੇ ਹਨ। ਯੁੱਧ-ਭੂਮੀ ਵਿਚ (ਸੂਰਮੇ) ਡਿਗ ਰਹੇ ਹਨ, ਲਹੂ ਨਾਲ ਭਿਜੇ ਹੋਏ ਹਨ।੨੭੧।

ਚਾਮੁੰਡਾ (ਦੇਵੀ ਨੂੰ) ਢਾਲ ਬਣਾ ਕੇ (ਅਰਥਾਤ ਉਸ ਦੀ ਸਰਪ੍ਰਸਤੀ ਪ੍ਰਾਪਤ ਕਰ ਕੇ) ਸ਼ੂਰਵੀਰ ਆਪਣਾ ਧਰਮ (ਨਿਭਾਉਂਦੇ ਹਨ), ਸ਼ਸਤ੍ਰ ਸਜਾ ਕੇ ਯੁੱਧ-ਭੂਮੀ ਵਿਚ ਆਉਂਦੇ ਹਨ।੨੭੨।

ਮਹਾਨ ਯੋਧੇ (ਸ਼ਸਤ੍ਰਾਂ ਨਾਲ ਪੂਰੀ ਤਰ੍ਹਾਂ) ਸਜੇ ਹੋਏ ਹਨ, ਨਗਾਰੇ ਵਜਦੇ ਹਨ, ਕ੍ਰੋਧ ਰੂਪ ਜਵਾਲਾ (ਦੀਆਂ ਲਪਟਾਂ ਨਿਕਲਦੀਆਂ ਹਨ) ਜਿਸ ਨਾਲ ਅਕਲ ਗਵਾਚ ਜਾਂਦੀ ਹੈ।੨੭੩।

(ਯੋਧੇ) ਯੁੱਧ ਨੂੰ (ਇੰਜ) ਮੰਨਦੇ ਹਨ ਜਿਉਂ ਮੱਛੀ ਪਾਣੀ (ਨੂੰ ਮੰਨਦੀ ਹੈ)। ਸ਼ਸਤ੍ਰ ਅਤੇ ਅਸਤ੍ਰ ਚਲਾਉਂਦੇ ਹਨ ਜਿਵੇਂ ਕਿ ਜਿਤ ਚਾਹੁੰਦੇ ਹਨ।੨੭੪।

ਸੂਰਵੀਰ (ਇਸ ਤਰ੍ਹਾਂ) ਸ਼ੋਭਾ ਪਾ ਰਹੇ ਹਨ (ਮਾਨੋ) ਸ਼ੇਰ ਗੁੱਸੇ ਵਿਚ ਹੋਵੇ। ਸ਼ਸਤ੍ਰ ਅਤੇ ਅਸਤ੍ਰ ਚਲਾਉਂਦੇ ਹਨ ਅਤੇ ਚੰਗੀ ਤਰ੍ਹਾਂ ਨਾਲ ਸੈਨਾ ਨੂੰ ਗਾਹ ਰਹੇ ਹਨ।੨੭੫।

ਭੈਰੋਂ ਭਭਕ ਰਿਹਾ ਹੈ। ਕਾਲੀ ਕਿਲਕਾਰੀਆਂ ਮਾਰਦੀ ਹੈ। ਜੋਗਣਾਂ ਜੁਟੀਆਂ ਹੋਈਆਂ ਹਨ ਅਤੇ (ਖੋਪਰੀਆਂ ਦੇ) ਬਰਤਨ ਨਾਲ ਟੁਟ ਕੇ ਪੈ ਗਈਆਂ ਹਨ।੨੭੬।

ਕਿ ਦੇਵੀ ਦਮਕੇ। ਕਿ ਕਾਲੀ ਕੁਹਕੇ।
ਕਿ ਭੈਰੋ ਭਕਾਰੈ। ਕਿ ਡਉਰੂ ਡਕਾਰੈ। ੨੭੭।

ਕਿ ਬਹੁ ਸਸਤ੍ਰ ਬਰਖੇ। ਕਿ ਪਰਮਾਸਤ੍ਰ ਕਰਖੇ।
ਕਿ ਦਈਤਾਸਤ੍ਰ ਛੁਟੇ। ਦੇਵਾਸਤ੍ਰ ਮੁਕੇ। ੨੭੮।

ਕਿ ਸੈਲਾਸਤ੍ਰ ਸਾਜੇ। ਕਿ ਪਉਨਾਸਤ੍ਰ ਬਾਜੇ।
ਕਿ ਮੇਘਾਸਤ੍ਰ ਬਰਖੇ। ਕਿ ਅਗਨਾਸਤ੍ਰ ਕਰਖੇ। ੨੭੯।

ਕਿ ਹੰਸਾਸਤ੍ਰ ਛੁਟੇ। ਕਿ ਕਾਕਸਤ੍ਰ ਤੁਟੇ।
ਕਿ ਮੇਘਾਸਤ੍ਰ ਬਰਖੇ। ਕਿ ਸੂਕ੍ਰਾਸਤ੍ਰ ਕਰਖੇ। ੨੮੦।

ਕਿ ਸਾਵੰਤ੍ਰ ਸਜੇ। ਕਿ ਬ੍ਯੋਮਾਸਤ੍ਰ ਗਜੇ।
ਕਿ ਜਛਾਸਤ੍ਰ ਛੁਟੇ। ਕਿ ਕਿੰਨ੍ਰਾਸਤ੍ਰ ਮੁਕੇ। ੨੮੧।

ਕਿ ਗੰਧ੍ਰਾਬਸਾਤ੍ਰ ਬਾਹੈ। ਕਿ ਨਰ ਅਸਤ੍ਰ ਗਾਹੈ।
ਕਿ ਚੰਚਾਲ ਨੈਣੰ। ਕਿ ਮੈਮਤ ਬੈਣੰ। ੨੮੨।

ਕਿ ਆਹਾੜਿ ਡਿਗੈ। ਕਿ ਆਰਕਤ ਭਿਗੈ।
ਕਿ ਸਸਤ੍ਰਾਸਤ੍ਰ ਬਜੇ। ਕਿ ਸਾਵੰਤ ਗਜੇ। ੨੮੩।

ਕਿ ਆਵਰਤ ਹੂਰੰ। ਕਿ ਸਾਵਰਤ ਪੂਰੰ।
ਫਿਰੀ ਐਣ ਗੈਣੰ। ਕਿ ਆਰਕਤ ਨੈਣੰ। ੨੮੪।

ਕਿ ਪਾਵੰਗ ਪੁਲੇ। ਕਿ ਸਰਬਾਸਤ੍ਰ ਖੁਲੇ।
ਕਿ ਹੰਕਾਰਿ ਬਾਹੈ। ਅਧੰ ਅਧਿ ਲਾਹੈ। ੨੮੫।

ਛੁਟੀ ਈਸ ਤਾਰੀ। ਕਿ ਸੰਨ੍ਯਾਸ ਧਾਰੀ।
ਕਿ ਗੰਧਰਬ ਗਜੇ। ਕਿ ਬਾਦ੍ਰਿਤ ਬਜੇ। ੨੮੬।

ਕਿ ਪਾਪਾਸਤ੍ਰ ਬਰਖੇ। ਕਿ ਧਰਮਾਸਤ੍ਰ ਕਰਖੇ।
ਅਰੋਗਾਸਤ੍ਰ ਛੁਟੇ। ਸੁ ਭੋਗਾਸਤ੍ਰ ਸੁਟੇ। ੨੮੭।

ਬਿਬਾਦਾਸਤ੍ਰ ਸਜੇ। ਬਿਰੋਧਾਸਤ੍ਰ ਬਜੇ।
ਕੁਮੰਤ੍ਰਾਸਤ੍ਰ ਛੁਟੇ। ਸਮੁੰਤ੍ਰਾਸਤ੍ਰ ਟੁਟੇ। ੨੮੮।

ਕਿ ਕਾਮਾਸਤ੍ਰ ਛੁਟੇ। ਕਰੋਧਾਸਤ੍ਰ ਤੁਟੇ।
ਬਿਰੋਧਾਸਤ੍ਰ ਬਰਖੇ। ਬਿਮੋਹਾਸਤ੍ਰ ਕਰਖੇ। ੨੮੯।

ਚਰਿਤ੍ਰਾਸਤ੍ਰ ਛੁਟੇ। ਕਿ ਮੋਹਾਸਤ੍ਰ ਜੁਟੇ।
ਕਿ ਤ੍ਰਾਸਾਸਤ੍ਰ ਬਰਖੇ। ਕਿ ਕ੍ਰੋਧਾਸਤ੍ਰ ਕਰਖੇ। ੨੯੦।

ਦੇਵੀ ਲਿਸ਼ਕਦੀ ਹੈ, ਕਾਲੀ ਕਿਲਕਾਰੀਆਂ ਮਾਰਦੀ ਹੈ। ਭੈਰੋਂ ਲਲਕਾਰ ਰਹੀ ਹੈ, ਡੌਰੂ ਡੁਕ ਡੁਕ ਕਰ ਕੇ ਵਜ ਰਹੇ ਹਨ।੨੭੭।

ਬਹੁਤ ਸ਼ਸਤ੍ਰਾਂ ਦੀ ਬਰਖਾ ਹੋ ਰਹੀ ਹੈ, ਪਰਮ ਅਸਤ੍ਰ (ਧਨੁਸ਼ ਬਾਣ) ਖਿਚੇ ਜਾ ਰਹੇ ਹਨ। ਦੈਂਤ ਅਸਤ੍ਰ ਚਲ ਰਹੇ ਹਨ, ਦੇਵ ਅਸਤ੍ਰ ਮੁਕ ਗਏ ਹਨ।੨੭੮।

(ਸੂਰਮਿਆਂ ਨੇ) ਸੈਲ (ਪੱਥਰ) ਅਸਤ੍ਰ ਸਜਾ ਲਏ ਹਨ, ਹਵਾ ਦੇ ਅਸਤ੍ਰ ਚਲ ਰਹੇ ਹਨ, ਮੇਘ ਅਸਤ੍ਰ ਵਰ੍ਹ ਰਹੇ ਹਨ, ਅਗਨ ਅਸਤ੍ਰਾਂ ਨੂੰ ਖਿਚਿਆ ਜਾ ਰਿਹਾ ਹੈ।੨੭੯।

ਹੰਸ ਅਸਤ੍ਰ ਛੁਟ ਰਹੇ ਹਨ, ਕਾਕ ਅਸਤ੍ਰ ਟੁਟ ਰਹੇ ਹਨ, ਮੇਘ ਅਸਤ੍ਰ ਵਰ੍ਹ ਰਹੇ ਹਨ, ਸੂਕ੍ਰ ਅਸਤ੍ਰ ਖਿਚੇ ਜਾ ਰਹੇ ਹਨ।੨੮੦।

ਸਾਵੰਤ ਸਜੇ ਹੋਏ ਹਨ, ਆਕਾਸ਼ ਵਿਚ ਅਸਤ੍ਰ ਗਜ ਰਹੇ ਹਨ, ਯਕਸ਼ ਅਸਤ੍ਰ ਚਲ ਰਹੇ ਹਨ, ਕਿੰਨਰ ਅਸਤ੍ਰ ਮੁਕ ਗਏ ਹਨ।੨੮੧।

ਗੰਧਰਬ ਅਸਤ੍ਰ ਚਲਾਏ ਜਾ ਰਹੇ ਹਨ, ਨਰ ਅਸਤ੍ਰਾਂ ਨੂੰ ਗਾਹਿਆ ਜਾ ਰਿਹਾ ਹੈ, (ਯੋਧਿਆਂ ਦੀਆਂ) ਅੱਖਾਂ ਚੰਚਲ ਹੋ ਰਹੀਆਂ ਹਨ, ਸ਼ਰਾਬ ਦੇ ਨਸ਼ੇ ਵਿਚ ਬੋਲ ਰਹੇ ਹਨ।੨੮੨।

ਰਣ-ਭੂਮੀ ਵਿਚ (ਸੂਰਮੇ) ਡਿਗ ਰਹੇ ਹਨ, (ਲਹੂ ਦੀ) ਲਾਲੀ ਨਾਲ ਗੜੁਚ ਹਨ, ਸ਼ਸਤ੍ਰ ਅਤੇ ਅਸਤ੍ਰ (ਆਪਸ ਵਿਚ) ਵਜ ਰਹੇ ਹਨ, ਸੂਰਮੇ ਗਜ ਰਹੇ ਹਨ।੨੮੩।

ਹੂਰਾਂ (ਯੋਧਿਆਂ ਨੂੰ) ਘੇਰਾ ਪਾ ਰਹੀਆਂ ਹਨ, ਕਤਲਗਾਹ ('ਸਾਵਰਤ') ਭਰ ਗਈ ਹੈ, (ਅਰਥਾਂਤਰ- ਸੂਰਮਿਆਂ ਨੂੰ ਪੂਰੀ ਤਰ੍ਹਾਂ ਹੂਰਾਂ ਨੇ ਘੇਰ ਲਿਆ ਹੈ), (ਹੂਰਾਂ) ਸਾਰੇ ਆਕਾਸ਼ ਵਿਚ ਘੁੰਮ ਰਹੀਆਂ ਹਨ। ਉਨ੍ਹਾਂ ਦੀਆਂ ਅੱਖਾਂ (ਪ੍ਰੇਮ ਰੰਗ ਵਿਚ) ਲਾਲ ਹਨ।੨੮੪।

ਪੌਣ ਦੀ ਗਤੀ ਵਾਲੇ ਘੋੜੇ ('ਪਾਵੰਗ') ਕੁਦ ਰਹੇ ਹਨ, ਸਾਰੇ ਅਸਤ੍ਰ ਖੁਲ੍ਹ ਗਏ ਹਨ। ਹੰਕਾਰ ਨਾਲ ਭਰੇ ਹੋਏ (ਸੂਰਮੇ) ਚਲਾਂਦੇ ਹਨ, (ਦੁਸ਼ਮਨ ਨੂੰ) ਅਧੋ ਅਧ ਵਢ ਸੁਟਦੇ ਹਨ।੨੮੫।

ਸ਼ਿਵ ਦੀ ਸਮਾਧੀ ਖੁਲ੍ਹ ਗਈ ਹੈ ਜਿਸ ਨੇ ਸੰਨਿਆਸ ਧਾਰਨ ਕੀਤਾ ਹੋਇਆ ਸੀ। ਗੰਧਰਬ ਗਜ ਰਹੇ ਹਨ, ਵਾਜੇ ਵਜ ਰਹੇ ਹਨ।੨੮੬।

ਪਾਪ ਅਸਤ੍ਰਾਂ ਦੀ ਬਰਖਾ ਹੋ ਰਹੀ ਹੈ, ਧਰਮ ਅਸਤ੍ਰ ਕਸੇ ਜਾ ਰਹੇ ਹਨ, ਅਰੋਗ ਅਸਤ੍ਰ ਛੁਟ ਰਹੇ ਹਨ, ਭੋਗ ਅਸਤ੍ਰਾਂ ਨੂੰ (ਵੈਰੀ ਸੈਨਾ ਉਤੇ) ਸੁਟਿਆ ਜਾ ਰਿਹਾ ਹੈ।੨੮੭।

ਬਿਬਾਦ ਅਸਤ੍ਰ ਸਜ ਗਏ ਹਨ, ਬਿਰੋਧ ਅਸਤ੍ਰ ਵਜ ਰਹੇ ਹਨ, ਕੁਮੰਤ੍ਰ ਅਸਤ੍ਰ ਛੁਟ ਰਹੇ ਹਨ, ਸੁਮੰਤ੍ਰ ਅਸਤ੍ਰ ਟੁਟ ਰਹੇ ਹਨ। ੨੮੮।

ਕਾਮ ਅਸਤ੍ਰ ਛੁਟ ਰਹੇ ਹਨ, ਕ੍ਰੋਧ ਅਸਤ੍ਰ ਟੁਟ ਰਹੇ ਹਨ, ਬਿਰੋਧ ਅਸਤ੍ਰ ਵਰ੍ਹ ਰਹੇ ਹਨ, ਬਿਮੋਹ ਅਸਤ੍ਰ ਕਸੇ ਜਾ ਰਹੇ ਹਨ। ੨੮੯।

ਚਰਿਤ੍ਰ ਅਸਤ੍ਰ ਛੁਟ ਰਹੇ ਹਨ, ਮੋਹ ਅਸਤ੍ਰ ਜੁਟੇ ਹੋਏ ਹਨ, ਤ੍ਰਾਸ ਅਸਤ੍ਰਾਂ ਦੀ ਬਰਖਾ ਹੋ ਰਹੀ ਹੈ, ਕ੍ਰੋਧ ਅਸਤ੍ਰ ਖਿਚੇ ਜਾ ਰਹੇ ਹਨ।੨੯੦।

ਚੌਪਈ ਛੰਦ

ਇਹ ਬਿਧਿ ਸਸਤ੍ਰ ਅਸਤ੍ਰ ਬਹੁ ਛੋਰੇ। ਨ੍ਰਿਪ ਬਿਬੇਕ ਕੇ ਭਟ ਝਕਝੋਰੇ।
ਆਪਨ ਚਲਾ ਨਿਸਰਿ ਤਬ ਰਾਜਾ। ਭਾਤਿ ਭਾਤਿ ਕੇ ਬਾਜਨ ਬਾਜਾ। ੨੯੧।

ਦੁਹੁ ਦਿਸਿ ਪੜਾ ਨਿਸਾਨੈ ਘਾਤਾ। ਮਹਾ ਸਬਦ ਧੁਨਿ ਉਠੀ ਅਘਾਤਾ।
ਬਰਖਾ ਬਾਣ ਗਗਨ ਗਯੋ ਛਾਈ। ਭੂਤਿ ਪਿਸਾਚ ਰਹੇ ਉਰਝਾਈ। ੨੯੨।

ਝਿਮਿ ਝਿਮਿ ਸਾਰੁ ਗਗਨ ਤੇ ਬਰਖਾ। ਭਲ ਭਲ ਸੁਭਟ ਪਖਰੀਆ ਪਰਖਾ।
ਸਿਮਟੇ ਸੁਭਟ ਅਨੰਤ ਅਪਾਰਾ। ਪਰਿ ਗਈ ਅੰਧ ਧੁੰਧ ਬਿਕਰਾਰਾ। ੨੯੩।

ਨ੍ਰਿਪ ਬਿਬੇਕ ਤਬ ਰੋਸਹਿ ਭਰਾ। ਸਭ ਸੈਨਾ ਕਹਿ ਆਇਸੁ ਕਰਾ।
ਉਮਡੇ ਸੂਰ ਸੁ ਫਉਜ ਬਨਾਈ। ਨਾਮ ਤਾਸ ਕਬਿ ਦੇਤ ਬਤਾਈ। ੨੯੪।

ਸਿਰੀ ਪਾਖਰੀ ਟੋਪ ਸਵਾਰੇ। ਚਿਲਤਹ ਰਾਗ[1] ਸੰਜੋਵਾ ਡਾਰੇ।
ਚਲੇ ਜੁਧ ਕੇ ਕਾਜ ਸੁ ਬੀਰਾ। ਸੂਖਤ ਭਯੋ ਨਦਨ ਕੋ ਨੀਰਾ। ੨੯੫।

ਦੋਹਰਾ

ਦੁਹੂ ਦਿਸਨ ਮਾਰੂ ਬਜ੍ਯੋ ਪਰ੍ਯੋ ਨਿਸਾਣੇ ਘਾਉ।
ਉਮਡਿ ਦੁਬਹੀਆ ਉਠਿ ਚਲੇ ਭਯੋ ਭਿਰਨ ਕੋ ਚਾਉ। ੨੯੬।

ਭੁਜੰਗ ਪ੍ਰਯਾਤ ਛੰਦ

ਰਣੰ ਸੁਧਿ ਸਾਵੰਤ ਭਾਵੰਤ ਗਾਜੇ।
ਤਹਾ ਤੂਰ ਭੇਰੀ ਮਹਾ ਸੰਖ ਬਾਜੇ।
ਭਯੋ ਉਚ ਕੋਲਾਹਲੰ ਬੀਰ ਖੇਤੰ।
ਬਹੇ ਸਸਤ੍ਰ ਅਸਤ੍ਰੰ ਨਚੇ ਭੂਤ ਪ੍ਰੇਤੰ। ੨੯੭।

ਫਰੀ ਧੋਪ ਪਾਇਕ ਸੁ ਖੰਡੇ ਬਿਸੇਖੰ।
ਤੁਰੇ ਤੁੰਦ ਤਾਜੀ ਭਏ ਭੂਤ ਭੇਖੰ।
ਰਣੰ ਰਾਗ ਬਜੇ ਤਿ ਗਜੇ ਭਟਾਣੰ।
ਤੁਰੀ ਤਤ ਨਚੇ ਪਲਟੇ ਭਟਾਣੰ। ੨੯੮।

ਹਿਣੰਕੇਤ ਹੈਵਾਰ ਗੈਵਾਰ ਗਾਜੀ।
ਮਟਕੇ ਮਹਾਬੀਰ ਸੁਟੇ ਸਿਰਾਜੀ।
ਕੜਾਕੁਟ ਸਸਤ੍ਰਾਸਤ੍ਰ ਬਜੇ ਅਪਾਰੰ।
ਨਚੇ ਸੁਧ ਸਿਧੰ ਉਠੀ ਸਸਤ੍ਰ ਝਾਰੰ। ੨੯੯।

---

੧. 'ਹਾਰ'

ਚੌਪਈ ਛੰਦ

ਇਸ ਤਰ੍ਹਾਂ ਨਾਲ ਬਹੁਤ ਅਸਤ੍ਰ ਅਤੇ ਸ਼ਸਤ੍ਰ ਛਡੇ ਗਏ ਹਨ। ਬਿਬੇਕ ਰਾਜੇ ਦੇ ਯੋਧੇ ਝੰਝੋੜ ਦਿੱਤੇ ਗਏ ਹਨ। ਤਦ ਰਾਜਾ ਆਪ (ਯੁੱਧ ਲਈ) ਨਿਕਲ ਕੇ ਚਲ ਪਿਆ ਹੈ। (ਉਦੋਂ) ਤਰ੍ਹਾਂ ਤਰ੍ਹਾਂ ਦੇ ਵਾਜੇ ਵਜਣ ਲਗ ਗਏ ਹਨ।੨੯੧।

ਦੋਹਾਂ ਧਿਰਾਂ ਵਿਚ ਧੌਂਸਿਆਂ ਉਤੇ ਡਗੇ ਵਜੇ ਹਨ। (ਉਨ੍ਹਾਂ ਦੀ) ਚੋਟ ਨਾਲ ਬਹੁਤ ਭਾਰੀ ਧੁਨ ਉਠੀ ਹੈ। ਬਾਣਾਂ ਦੀ ਬਰਖਾ ਆਕਾਸ਼ ਵਿਚ ਛਾ ਗਈ ਹੈ। ਭੂਤ ਅਤੇ ਪਿਸ਼ਾਚ ਉਲਝ ਗਏ ਹਨ।੨੯੨।

ਆਕਾਸ਼ ਤੋਂ ਝਿੰਮ ਝਿੰਮ ਕਰਦਾ ਲੋਹਾ (ਲੋਹੇ ਦੇ ਬਾਣ) ਵਰ੍ਹਿਆ ਹੈ। ਚੰਗੇ ਚੰਗੇ ਯੋਧਿਆਂ ਨੇ ਬਾਣਾਂ ('ਪਖਰੀਆ') ਨੂੰ ਪਰਖਿਆ ਹੈ (ਅਰਥਾਤ ਆਪਣੇ ਉਤੇ ਅਜ਼ਮਾਇਆ ਹੈ)। ਅਨੰਤ ਅਤੇ ਅਪਾਰ ਸੂਰਮੇ ਇਕੱਠੇ ਹੋ ਗਏ ਹਨ। ਭਿਆਨਕ ਡੂੰਘੀ ਧੁੰਧ ਪਸਰ ਗਈ ਹੈ।੨੯੩।

ਬਿਬੇਕ ਰਾਜਾ ਗੁੱਸੇ ਨਾਲ ਭਰ ਗਿਆ। ਸਾਰੀ ਸੈਨਾ ਨੂੰ ਆਦੇਸ਼ ਦੇ ਦਿੱਤਾ। (ਜੋ) ਸੂਰਮੇ ਫੌਜ ਬਣਾ ਕੇ ਚੜ੍ਹ ਪਏ ਸਨ, ਉਨ੍ਹਾਂ ਦੇ ਨਾਂ ਕਵੀ ਦਸਦਾ ਹੈ।੨੯੪।

ਸਿਰ ਉਤੇ ਟੋਪ ਅਤੇ (ਘੋੜਿਆਂ ਉਤੇ) ਪਾਖਰਾਂ ਪਾਈਆਂ ਹੋਈਆਂ ਹਨ। ਲਕ ਦੀਆਂ ਪੇਟੀਆਂ, ਲੋਹੇ ਦੇ ਦਸਤਾਨੇ ('ਰਾਗ') ਅਤੇ ਕਵਚ ਪਾਏ ਹੋਏ ਹਨ। ਯੁੱਧ ਦੇ ਕਾਰਜ ਲਈ ਸੂਰਮੇ ਚਲ ਪਏ ਹਨ। (ਡਰ ਦੇ ਮਾਰੇ) ਨਦੀਆਂ ਦਾ ਜਲ ਸੁਕ ਗਿਆ ਹੈ।੨੯੫।

ਦੋਹਰਾ

ਦੋਹਾਂ ਦਿਸ਼ਾਵਾਂ ਵਿਚ ਮਾਰੂ ਵਜਿਆ ਹੈ ਅਤੇ ਧੌਂਸਿਆਂ ਉਤੇ ਡਗਾ ਮਾਰਿਆ ਗਿਆ ਹੈ। ਦੋਹਾਂ ਬਾਂਹਵਾਂ ਨਾਲ (ਅਸਤ੍ਰ ਸ਼ਸਤ੍ਰ ਚਲਾਣ ਵਾਲੇ) ਸੂਰਮੇ ਯੁੱਧ ਕਰਨ ਦੇ ਚਾਉ ਨਾਲ ਉਠ ਕੇ ਉਮਡ ਪਏ ਹਨ।੨੯੬।

ਭੁਜੰਗ ਪ੍ਰਯਾਤ ਛੰਦ

ਰਣ-ਭੂਮੀ ਵਿਚ ਸੱਚੇ ਸੂਰਮੇ ਚਾਓ ਨਾਲ ਗਰਜ ਰਹੇ ਹਨ। ਉਥੇ ਤੂਰ, ਭੇਰੀ ਅਤੇ ਵੱਡੇ ਸੰਖ ਵਜ ਰਹੇ ਹਨ। ਰਣ-ਭੂਮੀ ਵਿਚ ਯੋਧਿਆਂ ਦਾ ਉੱਚੀ ਸੁਰ ਵਿਚ ਰੌਲਾ ਗੌਲਾ ਮਚਿਆ ਹੋਇਆ ਹੈ। ਸ਼ਸਤ੍ਰ ਅਤੇ ਅਸਤ੍ਰ ਚਲਦੇ ਹਨ ਅਤੇ ਭੂਤ ਪ੍ਰੇਤ ਨਚ ਰਹੇ ਹਨ।੨੯੭।

ਪੈਦਲ ਸੈਨਾ ਨੇ ਢਾਲਾਂ ('ਫਰੀ'), ਤਲਵਾਰਾਂ ਅਤੇ ਵਿਸ਼ੇਸ਼ ਪ੍ਰਕਾਰ ਦੇ ਖੰਡੇ ਧਾਰਨ ਕੀਤੇ ਹੋਏ ਹਨ। (ਵਿਸ਼ੇਸ਼ ਨਸਲ ਦੇ) ਤੇਜ਼ ਘੋੜਿਆਂ ਉਤੇ (ਚੜ੍ਹੇ ਹੋਏ ਹਨ) ਅਤੇ ਭੂਤਾਂ ਵਰਗੇ ਬਣੇ ਹੋਏ ਹਨ। ਰਣ ਵਿਚ (ਮਾਰੂ) ਰਾਗ ਵਜ ਰਿਹਾ ਹੈ ਅਤੇ ਸੂਰਮੇ ਗਜ ਰਹੇ ਹਨ। ਤੁਰੀ ਦੀ ਆਵਾਜ਼ ਉਤੇ (ਸੂਰਮੇ) ਨਚ ਰਹੇ ਹਨ ਅਤੇ ਯੋਧੇ ਉਲਟ ਪੁਲਟ ਹੋਈ ਜਾ ਰਹੇ ਹਨ।੨੯੮।

ਘੋੜੇ ਹਿਣਕਦੇ ਹਨ, ਹਾਥੀ ਚਿੰਘਾੜਦੇ ਹਨ। ਮਹਾਬੀਰ ਮਟਕਦੇ ਹਨ ਅਤੇ ਸ਼ੀਰਾਜ਼ੀ (ਘੋੜਿਆਂ ਨੂੰ) ਸੁਟੀ ਜਾ ਰਹੇ ਹਨ। ਬੇਸ਼ੁਮਾਰ ਅਸਤ੍ਰਾਂ ਸ਼ਸਤ੍ਰਾਂ ਦੇ ਵਜਣ ਨਾਲ ਕੜਕੜਾਹਟ (ਹੋ ਰਹੀ ਸੀ)। ਨਿਰੋਲ ਸੂਰਮੇ (ਯੁੱਧ ਭੂਮੀ ਵਿਚ) ਨਚ ਰਹੇ ਹਨ ਅਤੇ ਸ਼ਸਤ੍ਰਾਂ (ਦੇ ਵਜਣ ਨਾਲ) ਅੱਗ ਨਿਕਲ ਰਹੀ ਹੈ।੨੯੯।

ਕਿਲੰਕੀਤ ਕਾਲੀ ਕਮਛ੍ਯਾ ਕਰਾਲੰ।
ਬਕ੍ਯੋ ਬੀਰ ਬੈਤਾਲੰ ਬਾਮੰਤ ਜ੍ਵਾਲੰ।
ਚਵੀ ਚਾਂਵਡੀ ਚਾਵ ਚਉਸਠਿ ਬਾਲੰ।
ਕਰੈ ਸ੍ਰੋਣਹਾਰੰ ਬਮੈ ਜੋਗ ਜ੍ਵਾਲੰ। ੩00।

ਛੁਰੀ ਛਿਪ੍ਰ ਛੰਡੈਤਿ ਮੰਡੈ ਰਣਾਰੰ।
ਤਮਕੈਤ ਤਾਜੀ ਭਭਕੈ ਭਟਾਣੰ।
ਸੁਭੇ ਸੰਦਲੀ ਬੋਜ ਬਾਜੀ ਅਪਾਰੰ।
ਬਹੇ ਬੋਰ ਪਿੰਗੀ ਸਮੁਦੇ ਕੰਧਾਰੰ। ੩0੧।

ਤੁਰੇ ਤੁੰਦ ਤਾਜੀ ਉਠੇ ਕਛ ਅਛੰ।
ਕਛੇ ਆਰਬੀ ਪਬ ਮਾਨੋ ਸਪਛੰ।
ਉਠੀ ਧੂਰਿ ਪੂਰੰ ਛੁਹੀ ਐਣ ਗੈਣੰ।
ਭਯੋ ਅੰਧ ਧੁੰਧੰ ਪਰੀ ਜਾਨੁ ਰੈਣੰ। ੩0੨।

ਇਤੈ ਦਤ ਧਾਯੋ ਅਨਾਦਤ ਉਤੰ।
ਰਹੀ ਧੂਰਿ ਪੂਰੰ ਪਰੀ ਕਟਿ ਲੁਥੰ।
ਅਨਾਵਰਤ ਬੀਰੰ ਮਹਾਬਰਤ ਧਾਰੀ।
ਚੜ੍ਯੋ ਚਉਪਿ ਕੈ ਤੁੰਦ ਨਚੇ ਤਤਾਰੀ। ੩0੩।

ਖੁਰੰ ਖੇਹ ਉਠੀ ਛਯੋ ਰਥ ਭਾਨੰ।
ਦਿਸਾ ਬੇਦਿਸਾ ਭੂ ਨ ਦਿਖ੍ਯਾ ਸਮਾਨੰ।
ਛੁਟੇ ਸਸਤ੍ਰ ਅਸਤ੍ਰ ਪਰੀ ਭੀਰ ਭਾਰੀ।
ਛੁਟੇ ਤੀਰ ਕਰਵਾਰ ਕਾਤੀ ਕਟਾਰੀ। ੩0੪।

ਗਹੇ ਬਾਣ ਦਤੰ ਅਨਾਦਤ ਮਾਰ੍ਯੋ।
ਭਜੀ ਸਰਬ ਸੈਣੰ ਨ ਨੈਣੰ ਨਿਹਾਰ੍ਯੋ।
ਜਿਨ੍ਯੋ ਬੀਰ ਏਕੈ ਅਨੇਕੰ ਪਰਾਨੋ।
ਪੁਰਾਨੇ ਪਲਾਸੀ ਹਨੇ ਪੌਨ ਮਾਨੋ। ੩0੫।

ਰਣੰ ਰੋਸ ਕੈ ਲੋਭ ਬਾਜੀ ਮਟਕ੍ਯੋ।
ਭਜ੍ਯੋ ਬੀਰ ਬਾਚ੍ਯੋ ਅਰ੍ਯੋ ਸੁ ਝਟਕ੍ਯੋ।
ਫਿਰ੍ਯੋ ਦੇਖ ਬੀਰੰ ਅਨਾਲੋਭ ਧਾਯੋ।
ਛੁਟੇ ਬਾਣ ਐਸੇ ਸਬੈ ਬ੍ਯੋਮ ਛਾਯੋ। ੩0੬।

ਦਸੰ ਬਾਣ ਲੈ ਬੀਰ ਧੀਰੰ ਪ੍ਰਹਾਰੇ।
ਸਰੰ ਸਠਿ ਲੈ ਸੰਜਮੈ ਤਾਕਿ ਮਾਰੇ।
ਨਵੰ ਬਾਣ ਸੋ ਨੇਮ ਕੋ ਅੰਗ ਛੇਦ੍ਯੋ।
ਬਲੀ ਬੀਸਿ ਬਾਣਾਨਿ ਬਿਗ੍ਯਾਨ ਬੇਧ੍ਯੋ। ੩0੭।

ਭਿਆਨਕ ਕਾਲੀ ਅਤੇ ਕਮੱਛ੍ਯਾ ਕਿਲਕਾਰੀਆਂ ਮਾਰ ਰਹੀਆਂ ਹਨ। ਬੀਰ ਬੈਤਾਲ ਬੋਲ ਰਿਹਾ ਹੈ ਅਤੇ (ਮੂੰਹ ਵਿਚੋਂ) ਅੱਗ ਨਿਕਲ ਰਹੀ ਹੈ। ਚੁੜੇਲਾਂ ਬੋਲਦੀਆਂ ਹਨ, ਚੌਂਹਠ ਇਸਤਰੀਆਂ (ਜੋਗਣਾਂ) ਚਾਓ ਨਾਲ (ਫਿਰ ਰਹੀਆਂ ਹਨ)। (ਉਹ) ਸਾਰੀਆਂ ਜੋਗਣਾਂ ਜਵਾਲਾ ਨੂੰ ਉਗਲਦੀਆਂ ਹੋਈਆਂ ਲਹੂ ਦਾ ਆਹਾਰ ਕਰ ਰਹੀਆਂ ਹਨ।੩00।

ਰਣ ਨੂੰ ਸ਼ੋਭਿਤ ਕਰਨ ਵਾਲੇ ਤੀਬਰਤਾ ਨਾਲ ਛੁਰੀਆਂ ਨੂੰ ਮਾਰਦੇ ਹਨ। ਤਾਜੀ ਘੋੜੇ ਤਮਕ ਰਹੇ ਹਨ ਅਤੇ ਯੋਧੇ ਭੜਕ ਰਹੇ ਹਨ। ਅਣਗਿਣਤ ਸ਼ਰਬਤੀ ਰੰਗ ਵਾਲੇ, ਚਿਤ ਮਿਤਾਲੇ ਘੋੜੇ ਅਤੇ ਕੈਲਾ ਨਸਲ ਦੇ ਘੋੜੇ, ਸਮੁੰਦਰੀ ਅਤੇ ਦਰਿਆਈ ਘੋੜੇ ਲਹੂ (ਦੀ ਨਦੀ ਵਿਚ) ਰੁੜ੍ਹੇ ਜਾ ਰਹੇ ਹਨ।੩0੧।

ਤਾਜੀ ਅਤੇ ਤੁਰਕਿਸਤਾਨੀ ਘੋੜੇ, ਕੱਛ ਦੇਸ਼ ਦੇ ਚੰਗੇ ਘੋੜੇ, ਅਰਬ ਦੇਸ਼ ਦੇ ਘੋੜੇ ਉਛਲਦੇ ਫਿਰਦੇ ਹਨ। (ਇੰਜ ਪ੍ਰਤੀਤ ਹੁੰਦਾ ਹੈ) ਮਾਨੋ ਖੰਭਾਂ ਵਾਲੇ ਪਰਬਤ ਹੋਣ। (ਬਹੁਤ ਅਧਿਕ) ਧੂੜ ਉਠੀ ਹੈ ਜੋ ਹਰ ਪਾਸੇ ਪਸਰ ਕੇ ਆਕਾਸ਼ ਨੂੰ ਜਾ ਛੋਹੀ ਹੈ। ਅੰਧ-ਧੁੰਧ ਛਾ ਗਈ ਹੈ, (ਮਾਨੋ) ਰਾਤ ਪੈ ਗਈ ਹੋਵੇ।੩0੨।

ਇਧਰੋਂ 'ਦੱਤ' ਨੇ ਧਾਵਾ ਕੀਤਾ ਹੈ, ਉਧਰੋਂ 'ਅਨਾਦੱਤ' (ਚੜ੍ਹ ਆਇਆ ਹੈ)। ਧੂੜ (ਆਕਾਸ਼ ਵਿਚ) ਪੂਰੀ ਤਰ੍ਹਾਂ ਛਾ ਗਈ ਹੈ ਅਤੇ ਕਟੀਆਂ ਵਢੀਆਂ ਲੋਥਾਂ ਪਈਆਂ ਹਨ। 'ਅਨਾਵਰਤ' ਯੋਧੇ ਨੇ 'ਮਹਾਬਰਤ' (ਨਾਂ ਦੇ ਯੋਧੇ ਨੂੰ) ਢਾਹ ਲਿਆ ਹੈ। (ਉਹ) ਚਾਓ ਨਾਲ ਗੁਸੈਲ ਘੋੜੇ ਉਤੇ ਚੜ੍ਹਿਆ ਹੈ ਅਤੇ ਤਾਤਾਰ ਦੇਸ ਦਾ ਘੋੜਾ ਨਚ ਰਿਹਾ ਹੈ।੩0੩।

(ਘੋੜਿਆਂ ਦੇ) ਖੁਰਾਂ ਨਾਲ ਧੂੜ ਉਠੀ ਹੈ ਅਤੇ ਸੂਰਜ ਦੇ ਰਥ ਨੂੰ ਢਕ ਲਿਆ ਹੈ। ਦਿਸ਼ਾ ਵਿਦਿਸ਼ਾ, ਭੂਮੀ ਅਤੇ ਆਕਾਸ਼ ਦਿਸਦਾ ਨਹੀਂ ਹੈ। ਅਸਤ੍ਰ ਅਤੇ ਸ਼ਸਤ੍ਰ ਛੁਟ ਰਹੇ ਹਨ, ਭਾਰੀ ਭੀੜ ਆ ਪਈ ਹੈ। ਤੀਰ ਛੁਟ ਰਹੇ ਹਨ ਅਤੇ ਤਲਵਾਰ, ਛੁਰੀਆਂ ਅਤੇ ਕਟਾਰਾਂ ਚਲ ਰਹੀਆਂ ਹਨ।੩0੪।

'ਦੱਤ' ਨੇ ਬਾਣ ਪਕੜ ਕੇ 'ਅਨਾਦੱਤ' ਨੂੰ ਮਾਰ ਦਿੱਤਾ ਹੈ। (ਉਸ ਦੀ) ਸਾਰੀ ਸੈਨਾ ਭਜ ਗਈ ਹੈ ਅਤੇ (ਪਰਤ ਕੇ) ਅੱਖਾਂ ਨਾਲ ਵੇਖਦੀ ਨਹੀਂ ਹੈ। ਇਕ ਸੂਰਮੇ ਦੇ ਜਿਤੇ ਜਾਣ ਨਾਲ ਅਨੇਕਾਂ ਹੀ ਭਜ ਗਏ ਹਨ। (ਇੰਜ ਪ੍ਰਤੀਤ ਹੁੰਦਾ ਹੈ) ਮਾਨੋ ਪਲਾਸ ਦੇ ਪੁਰਾਣੇ ਪੱਤਰਾਂ ਨੂੰ ਪੌਣ ਨੇ ਨਸ਼ਟ ਕਰ ਦਿੱਤਾ ਹੋਵੇ।੩0੫।

'ਲੋਭ' (ਸੂਰਮੇ) ਨੇ ਕ੍ਰੋਧ ਕਰ ਕੇ ਰਣ-ਭੂਮੀ ਵਿਚ ਘੋੜੇ ਨੂੰ ਨਚਾਇਆ ਹੈ। ਜੋ ਸੂਰਮਾ ਭਜ ਗਿਆ ਹੈ, ਉਹੀ ਬਚਿਆ ਹੈ, ਜੋ ਅੜਿਆ ਹੈ, ਉਸ ਨੂੰ ਝਟਕਾ ਦਿੱਤਾ ਗਿਆ ਹੈ। ('ਲੋਭ') ਸੂਰਮੇ ਨੂੰ (ਰਣ-ਭੂਮੀ ਵਿਚ) ਫਿਰਦਾ ਵੇਖ ਕੇ 'ਅਨਾਲੋਭ' ਧਾਵਾ ਕਰ ਕੇ ਆ ਪਿਆ ਹੈ। ਇਸ ਤਰ੍ਹਾਂ ਤੀਰ ਚਲੇ ਹਨ ਕਿ ਸਾਰੇ ਆਕਾਸ਼ ਉਤੇ ਛਾ ਗਏ ਹਨ।੩0੬।

ਦਸ ਤੀਰ ਲੈ ਕੇ 'ਧੀਰਜ' (ਨਾਂ ਦੇ) ਸੂਰਮੇ ਉਤੇ ਚਲਾਏ ਹਨ। ਸਠ ਤੀਰ ਲੈ ਕੇ 'ਸੰਜਮ' ਨੂੰ ਤਕ ਕੇ ਮਾਰੇ ਹਨ। ਨੌਂ ਤੀਰ ਲੈ ਕੇ 'ਨੇਮ' ਦੇ ਅੰਗਾਂ ਨੂੰ ਵਿੰਨ੍ਹ ਸੁਟਿਆ ਹੈ। ਵੀਹ ਤੀਰਾਂ ਨਾਲ ਬਲੀ 'ਬਿਗ੍ਯਾਨ' ਨੂੰ ਵਿੰਨ੍ਹ ਦਿੱਤਾ ਹੈ।੩0੭।

ਪਚਿਸ ਬਾਣ ਪਾਵਿਤ੍ਰਤਾ ਕੋ ਪ੍ਰਹਾਰੇ।
ਅਸੀਹ ਬਾਣ ਅਰਚਾਹਿ ਕੈ ਅੰਗਿ ਝਾਰੇ।
ਪਚਾਸੀ ਸਰੰ ਪੂਰਿ ਪੂਜਾਹਿ ਛੇਦ੍ਯੋ।
ਬਡੋ ਲਸਟਕਾ ਲੈ ਸਲਜਾਹਿ ਭੇਦ੍ਯੋ। ੩੦੮।

ਬਿਆਸੀ ਬਲੀ ਬਾਣ ਬਿਦ੍ਯਾਹਿ ਮਾਰੇ।
ਤਪਸ੍ਯਾਹਿ ਪੈ ਤਾਕਿ ਤੇਤੀਸ ਡਾਰੇ।
ਕਈ ਬਾਣ ਸੋ ਕੀਰਤਨੰ ਅੰਗ ਛੇਦ੍ਯੋ।
ਅਲੋਭਾਦਿ ਜੋਧਾ ਭਲੀ ਭਾਤਿ ਭੇਦ੍ਯੋ। ੩੦੯।

ਨ੍ਰਿਹੰਕਾਰ ਕੋ ਬਾਨ ਅਸੀਨ ਛੇਦ੍ਯੋ।
ਭਲੇ ਪਰਮ ਤਤ੍ਵਾਦਿ ਕੋ ਬਛ ਭੇਦ੍ਯੋ।
ਕਈ ਬਾਣ ਕਰੁਣਾਹਿ ਕੇ ਅੰਗਿ ਝਾਰੇ।
ਸਰੰ ਸਉਕ ਸਿਛ੍ਯਾ ਕੇ ਅੰਗਿ ਮਾਰੇ। ੩੧੦।

ਦੋਹਰਾ

ਦਾਨ ਆਨਿ ਪੁਜਿਯੋ ਤਬੈ ਗ੍ਯਾਨ ਬਾਨ ਲੈ ਹਾਥਿ।
ਜੁਆਨ ਜਾਨਿ ਮਾਰ੍ਯੋ ਤਿਸੈ ਧ੍ਯਾਨ ਮੰਤ੍ਰ ਕੇ ਸਾਥ। ੩੧੧।

ਭੁਜੰਗ ਪ੍ਰਯਾਤ ਛੰਦ

ਰਣੰ ਉਛਲ੍ਯੋ ਦਾਨ ਜੋਧਾ ਮਹਾਨੰ।
ਸਭੈ ਸਸਤ੍ਰ ਬੇਤਾ ਅਤਿ ਅਸਤ੍ਰੰ ਨਿਧਾਨੰ।
ਦਸੰ ਬਾਣ ਸੋ ਲੋਭ ਕੋ ਬਛਿ ਮਾਰ੍ਯੋ।
ਸਰੰ ਸਪਤ ਸੋ ਕ੍ਰੋਧ ਕੋ ਦੇਹੁ ਤਾਰ੍ਯੋ। ੩੧੨।

ਨਵੰ ਬਾਣ ਬੇਧ੍ਯੋ ਅਨੰਨ੍ਯਾਸ ਬੀਰੰ।
ਤ੍ਰਿਯੋ ਤੀਰ ਭੇਦ੍ਯੋ ਅਨਾਬਰਤ ਧੀਰੰ।
ਭਯੋ ਭੇਦਿ ਕ੍ਰੋਧੰ ਸਤੰ ਸੰਗਿ ਮਾਰੇ।
ਭਈ ਧੀਰ ਧਰਮੰ ਬ੍ਰਹਮ ਗਿਆਨ ਤਾਰੇ। ੩੧੩।

ਕਈ ਬਾਣ ਕੁਲਹਤ੍ਰਤਾ ਕੋ ਚਲਾਏ।
ਕਈ ਬਾਣ ਲੈ ਬੈਰ ਕੇ ਬੀਰ ਘਾਏ।
ਕਿਤੇ ਘਾਇ ਆਲਸ ਕੈ ਅੰਗਿ ਲਾਗੇ।
ਸਬੈ ਨਰਕ ਤੇ ਆਦਿ ਲੈ ਬੀਰ ਭਾਗੇ। ੩੧੪।

ਇਕੈ ਬਾਣ ਨਿਸੀਲ ਕੋ ਅੰਗ ਛੇਦ੍ਯੋ।
ਦੁਤੀ ਕੁਸਤਤਾ ਕੋ ਭਲੈ ਸੂਤ ਭੇਦ੍ਯੋ।
ਗੁਮਾਨਾਦਿ ਕੇ ਚਾਰ ਬਾਜੀ ਸੰਘਾਰੇ।
ਅਨਰਥਾਦਿ ਕੇ ਬੀਰ ਬਾਂਕੇ ਨਿਵਾਰੇ। ੩੧੫।

ਪੰਝੀ ਤੀਰ 'ਪਵਿਤ੍ਰਤਾ' ਨੂੰ ਮਾਰੇ ਹਨ। ਅਸੀ ਬਾਣ 'ਅਰਚਾ' ਦੇ ਸ਼ਰੀਰ ਵਿਚ ਝਾੜੇ ਹਨ। ਪਚਾਸੀ ਤੀਰਾਂ ਨਾਲ 'ਪੂਜਾ' ਨੂੰ ਵਿੰਨ੍ਹ ਸੁਟਿਆ ਹੈ। ਬਹੁਤ ਵੱਡਾ ਸੋਟਾ ਲੈ ਕੇ 'ਲਜਾ' (ਦਾ ਸਿਰ) ਪਾੜ ਦਿੱਤਾ ਹੈ।੩੦੮।

ਬਿਆਸੀ ਬਾਣ ਬਲਵਾਨ ਯੋਧੇ 'ਬਿਦ੍ਯਾ' ਨੂੰ ਮਾਰੇ ਹਨ। 'ਤਪਸ੍ਯਾ' ਨੂੰ ਤਕ ਕੇ ਤੇਤੀ (ਬਾਣੂ) ਸੁਟੇ ਹਨ। ਕਈਆਂ ਬਾਣਾਂ ਨਾਲ 'ਕੀਰਤਨ' (ਸੂਰਮੇ) ਦੇ ਸ਼ਰੀਰ ਨੂੰ ਛੇਦਿਆ ਹੈ ਅਤੇ 'ਅਲੋਭ' ਆਦਿ ਯੋਧਿਆਂ ਨੂੰ ਚੰਗੀ ਤਰ੍ਹਾਂ ਨਾਲ ਘਾਇਲ ਕੀਤਾ ਹੈ।੩੦੯।

'ਨਿਰਹੰਕਾਰ' ਨੂੰ ਅਸੀ ਬਾਣਾਂ ਨਾਲ ਵਿੰਨ੍ਹਿਆ ਹੈ। ਪਰਮ ਤੱਤ ਆਦਿ (ਯੋਧਿਆਂ ਦੀ) ਵਖੀ ਨੂੰ ਚੰਗੀ ਤਰ੍ਹਾਂ ਨਾਲ ਪਾੜਿਆ ਹੈ। ਕਈ ਬਾਣ 'ਕਰੁਣਾ' ਦੇ ਸ਼ਰੀਰ ਉਤੇ ਝਾੜੇ ਹਨ। 'ਸਿਖਿਆ' ਦੇ ਸ਼ਰੀਰ ਵਿਚ ਸੌ ਕੁ ਤੀਰ ਮਾਰੇ ਹਨ।੩੧੦।

ਦੋਹਰਾ

ਤਦੋਂ ਗਿਆਨ ਦਾ ਬਾਣ ਹੱਥ ਵਿਚ ਲੈ ਕੇ 'ਦਾਨ' (ਨਾਂ ਦਾ ਯੋਧਾ) ਆ ਪਹੁੰਚਿਆ। ਉਸ ਨੂੰ ਜਵਾਨ ਜਾਣ ਕੇ 'ਧਿਆਨ' ਮੰਤ੍ਰ ਨਾਲ ਮਾਰ ਦਿੱਤਾ।੩੧੧।

ਭੁਜੰਗ ਪ੍ਰਯਾਤ ਛੰਦ

ਯੁੱਧ ਵਿਚ 'ਦਾਨ' (ਨਾਂ ਵਾਲਾ) ਮਹਾਨ ਯੋਧਾ ਉਛਲਿਆ ਹੈ, (ਜੋ) ਸਾਰੇ ਸ਼ਸਤ੍ਰਾਂ (ਦੇ ਪ੍ਰਯੋਗ ਨੂੰ) ਜਾਣਨ ਵਾਲਾ ਅਤੇ ਅਸਤ੍ਰ (ਵਿਦਿਆ) ਦਾ ਖ਼ਜ਼ਾਨਾ ਹੈ। ਦਸ ਬਾਣਾਂ ਨਾਲ 'ਲੋਭ' ਦੀ ਵੱਖੀ ਨੂੰ ਪਾੜ ਦਿੱਤਾ ਹੈ। ਸੱਤ ਤੀਰਾਂ ਨਾਲ ਕ੍ਰੋਧ ਦੀ ਦੇਹੀ ਨੂੰ ਤਾੜਿਆ ਹੈ।੩੧੨।

'ਅਨੰਨ੍ਯਾਸ' ਸੂਰਮੇ ਨੂੰ ਨੌਂ ਬਾਣਾਂ ਨਾਲ ਵਿੰਨ੍ਹਿਆ ਹੈ। 'ਅਨਾਬਰਤ' (ਨਾਂ ਵਾਲੇ) ਧੀਰਜਵਾਨ (ਯੋਧੇ) ਨੂੰ ਤਿੰਨ ਤੀਰਾਂ ਨਾਲ ਚੀਰਿਆ ਹੈ। 'ਸਤਸੰਗ' (ਨਾਂ ਵਾਲੇ ਯੋਧੇ) ਨੇ ਕ੍ਰੋਧ (ਨਾਂ ਵਾਲੇ ਯੋਧੇ) ਨੂੰ ਮਾਰਿਆ ਹੈ (ਜਿਸ ਕਰ ਕੇ ਉਹ) ਘਾਇਲ ਹੋ ਗਿਆ ਹੈ। 'ਬ੍ਰਹਮ ਗਿਆਨ' ਦੇ ਤਾੜਨ ਨਾਲ 'ਧਰਮ' (ਨਾਂ ਵਾਲੇ ਯੋਧੇ) ਨੂੰ ਧੀਰਜ ਹੋ ਗਿਆ ਹੈ।੩੧੩।

ਕਿਤਨੇ ਹੀ ਬਾਣ 'ਕੁਲ-ਹਤ੍ਰਤਾ' (ਨੂੰ ਵੇਖ ਕੇ) ਚਲਾਏ ਹਨ। ਕਿਤਨੇ ਹੀ ਬਾਣ ਲੈ ਕੇ 'ਬੈਰ' (ਸੂਰਮੇ) ਨੂੰ ਮਾਰੇ ਹਨ। ਕਿਤਨੇ ਹੀ ਘਾਓ 'ਆਲਸ' (ਨਾਂ ਦੇ ਯੋਧੇ) ਦੇ ਸ਼ਰੀਰ ਉਤੇ ਲਗਾਏ ਹਨ। 'ਨਰਕ' ਆਦਿ ਤੋਂ ਲੈ ਕੇ ਸਾਰੇ ਸੂਰਮੇ ਭਜ ਗਏ ਹਨ।੩੧੪।

ਇਕ ਹੀ ਬਾਣ ਨਾਲ 'ਨਿਸੀਲ' (ਨਾਂ ਦੇ ਯੋਧੇ) ਦੇ ਸ਼ਰੀਰ ਨੂੰ ਕਟ ਦਿੱਤਾ ਹੈ। ਦੂਜੇ (ਬਾਣ) ਨਾਲ 'ਕੁਸਤਤਾ' (ਨਾਂ ਦੇ ਸੂਰਮੇ) ਦੇ ਰਥਵਾਨ ਨੂੰ ਚੰਗੀ ਤਰ੍ਹਾਂ ਘਾਇਲ ਕੀਤਾ ਹੈ। (ਤੀਜੇ ਬਾਣ ਨਾਲ) 'ਗੁਮਾਨ' ਆਦਿ ਦੇ ਚਾਰ ਘੋੜੇ ਮਾਰ ਦਿੱਤੇ ਹਨ। (ਅਤੇ ਚੌਥੇ ਬਾਣ ਨਾਲ) 'ਅਨਰਥ' ਆਦਿ ਦੇ ਬਾਂਕੇ ਯੋਧਿਆਂ ਨੂੰ ਖ਼ਤਮ ਕਰ ਦਿੱਤਾ ਹੈ।੩੧੫।

ਪਿਪਾਸਾ ਛੁਧਾ ਆਲਸਾਦੀ ਪਰਾਨੇ।
ਭਜ੍ਯੋ ਲੋਭ ਕ੍ਰੋਧੀ ਹਠੀ ਦੇਵ ਜਾਨੇ।
ਤਪ੍ਯੋ ਨੇਮ ਨਾਮਾ ਅਨੇਮੰ ਪ੍ਰਣਾਸੀ।
ਧਰੇ ਜੋਗ ਅਸਤ੍ਰੰ ਅਲੋਭੀ ਉਦਾਸੀ। ੩੧੬।

ਹਤ੍ਯੋ ਕਾਪਟੰ ਖਾਪਟੰ ਸੋਕ ਪਾਲੰ।
ਹਨ੍ਯੋ ਰੋਹ ਮੋਹੰ ਸਕਾਮੰ ਕਰਾਲੰ।
ਮਹਾ ਕ੍ਰੁਧ ਕੈ ਕ੍ਰੋਧ ਕੋ ਬਾਨ ਮਾਰ੍ਯੋ।
ਖਿਸ੍ਯੋ ਬ੍ਰਹਮ ਦੋਖਦਿ ਸਰਬੰ ਪ੍ਰਹਾਰ੍ਯੋ। ੩੧੭।

ਰੁਆਲ ਛੰਦ

ਸੁ ਦ੍ਰੋਹ ਅਉ ਹੰਕਾਰ ਕੋ ਹਜਾਰ ਬਾਨ ਸੋ ਹਨ੍ਯੋ।
ਦਰਿਦ੍ਰ ਅਸੰਕ ਮੋਹ ਕੋ ਨ ਚਿਤ ਮੈ ਕਛ ਗਨ੍ਯੋ।
ਅਸੋਚ ਅਉ ਕੁਮੰਤ੍ਰਤਾ ਅਨੇਕ ਬਾਨ ਸੋ ਹਤ੍ਯੋ।
ਕਲੰਕ ਨਿਸੰਕ ਹ੍ਵੈ ਸਹੰਸ੍ਰ ਸਾਇਕੰ ਛਤ੍ਯੋ। ੩੧੮।

ਕ੍ਰਿਤਘਨਤਾ ਬਿਸ੍ਵਾਸਘਾਤ ਮਿਤ੍ਰਘਾਤ ਮਾਰ੍ਯੋ।
ਸੁ ਰਾਜ ਦੋਖ ਬ੍ਰਹਮ ਦੋਖ ਬ੍ਰਹਮ ਅਸਤ੍ਰ ਝਾਰ੍ਯੋ।
ਉਚਾਟ ਮਾਰਣਾਦਿ ਬਸਿਕਰਣ ਕੋ ਸਾਰ ਹਨ੍ਯੋ।
ਬਿਖਾਧ ਕੋ ਬਿਖਾਧ ਕੈ ਨ ਬ੍ਰਿਧ ਤਾਹਿ ਕੋ ਗਨ੍ਯੋ। ੩੧੯।

ਭਜੇ ਰਥੀ ਹਈ ਗਈ ਸੁ ਪਤਿ ਤ੍ਰਾਸ ਧਾਰਿ ਕੈ।
ਭਜੇ ਰਥੀ ਮਹਾਰਥੀ ਸੁ ਲਾਜ ਕੋ ਬਿਸਾਰਿ ਕੈ।
ਅਸੰਭ ਜੁਧ ਜੋ ਭਯੋ ਸੁ ਕੈਸ ਕੇ ਬਤਾਈਐ।
ਸਹੰਸ ਬਾਕ ਜੋ ਰਟੈ ਨ ਤਤ੍ਰ ਪਾਰ ਪਾਈਐ। ੩੨੦।

ਕਲੰਕ ਬਿਭ੍ਰਮਾਦਿ ਅਉ ਕ੍ਰਿਤਘਨ ਤਾਹਿ ਕੌ ਹਨ੍ਯੋ।
ਬਿਖਾਦ ਬਿਪਦਾਦਿ ਕੋ ਕਛ ਨ ਚਿਤ ਮੈ ਗਨ੍ਯੋ।
ਸੁ ਮਿਤ੍ਰਦੋਖ ਰਾਜਦੋਖ ਈਰਖਾਹਿ ਮਾਰਿ ਕੈ।
ਉਚਾਟ ਅਉ ਬਿਖਾਧ ਕੋ ਦਯੋ ਰਣੰ ਨਿਕਾਰਿ ਕੈ। ੩੨੧।

ਗਿਲਾਨਿ ਕੋਪ ਮਾਨ ਅਪ੍ਰਮਾਨ ਬਾਨ ਸੋ ਹਨ੍ਯੋ।
ਅਨਰਥ ਕੋ ਸਮਰਥ ਕੈ ਹਜਾਰ ਬਾਨ ਸੋ ਝਨ੍ਯੋ।
ਕੁਚਾਰ ਕੋ ਹਜਾਰ ਬਾਨ ਚਾਰ ਸੋ ਪ੍ਰਹਾਰ੍ਯੋ।
ਕੁਕਸਟ ਅਉ ਕੁਕ੍ਰਿਆ ਕੌ ਭਜਾਇ ਤ੍ਰਾਸੁ ਡਾਰ੍ਯੋ। ੩੨੨।

ਛਪਯ ਛੰਦ

ਅਤਪ ਬੀਰ ਕਉ ਤਾਕਿ ਬਾਨ ਸਤਰਿ ਮਾਰੇ ਤਪ।
ਨਵੇ ਸਾਇਕਨਿ ਸੀਲ ਸਹਸ ਸਰ ਹਨੈ ਅਜਪ ਜਪ।
ਬੀਸ ਬਾਣ ਕੁਮਤਹਿ ਤੀਸ ਕੁਕਰਮਹਿ ਭੇਦ੍ਯੋ।

ਤ੍ਰੇਹ, ਭੁਖ, ਆਲਸ ਆਦਿ (ਸੂਰਮੇ ਯੁੱਧ-ਭੂਮੀ ਵਿਚੋਂ) ਭਜ ਗਏ। 'ਦੇਵ' ਨੂੰ ਹਠੀ (ਯੋਧਾ) ਜਾਣ ਕੇ ਕ੍ਰੋਧੀ 'ਲੋਭ' ਭਜ ਗਿਆ ਹੈ। 'ਨੇਮ' ਨਾਮ (ਵਾਲਾ ਯੋਧਾ ਤਪਿਆ ਹੈ, (ਉਸ ਨੇ) 'ਅਨੇਮ' (ਨਾਮ ਵਾਲੇ ਯੋਧੇ) ਨੂੰ ਨਸ਼ਟ ਕਰ ਦਿੱਤਾ ਹੈ। 'ਅਲੋਭੀ' ਅਤੇ 'ਉਦਾਸੀ' (ਨਾਂ ਵਾਲੇ ਯੋਧਿਆਂ) ਨੇ 'ਜੋਗ' ਅਸਤ੍ਰ ਧਾਰਨ ਕੀਤਾ ਹੈ।੩੧੬।

(ਉਸ ਨੇ) 'ਕਾਪਟ', 'ਖਾਪਟ' ਅਤੇ 'ਸੋਕ ਪਾਲ' (ਨਾਂ ਵਾਲੇ ਯੋਧਿਆਂ ਨੂੰ) ਮਾਰ ਦਿੱਤਾ ਹੈ। 'ਰੋਹ', 'ਮੋਹ' ਅਤੇ ਭਿਆਨਕ 'ਸਕਾਮ' ਨੂੰ ਮਾਰ ਦਿੱਤਾ ਹੈ। ਬਹੁਤ ਅਧਿਕ ਕ੍ਰੋਧ ਕਰ ਕੇ 'ਕ੍ਰੋਧ' (ਨਾਂ ਦੇ ਯੋਧੇ ਨੂੰ) ਬਾਣ ਮਾਰਿਆ ਹੈ। 'ਬ੍ਰਹਮਦੋਖ' ਆਦਿ ਖਿਸਕ ਗਏ ਹਨ (ਅਤੇ ਬਾਕੀ) ਸਾਰਿਆਂ ਨੂੰ ਮਾਰ ਦਿੱਤਾ ਹੈ।੩੧੭।

ਰੁਆਲ ਛੰਦ

'ਦ੍ਰੋਹ' ਅਤੇ 'ਹੰਕਾਰ' ਨੂੰ ਹਜ਼ਾਰ ਬਾਣਾਂ ਨਾਲ ਮਾਰਿਆ ਹੈ। 'ਦਰਿਦ੍ਰ', 'ਅਸੰਕ' ਅਤੇ 'ਮੋਹ' ਨੂੰ ਚਿਤ ਵਿਚ ਕੁਝ ਵੀ ਨਹੀਂ ਵਿਚਾਰਿਆ ਹੈ। 'ਅਸੋਚ' ਅਤੇ 'ਕੁਮੰਤ੍ਰਤਾ' ਨੂੰ ਅਨੇਕ ਬਾਣਾਂ ਨਾਲ ਮਾਰਿਆ ਹੈ। 'ਕਲੰਕ' ਨੂੰ ਨਿਸੰਗ ਹੋ ਕੇ ਹਜ਼ਾਰ ਬਾਣਾਂ ਨਾਲ ਘਾਇਲ ਕਰ ਦਿੱਤਾ ਹੈ।੩੧੮।

'ਕ੍ਰਿਤਘਨਤਾ', 'ਬਿਸ੍ਵਾਸਘਾਤ' ਅਤੇ 'ਮਿਤ੍ਰਘਾਤ' ਨੂੰ ਮਾਰ ਦਿੱਤਾ ਹੈ। (ਇਸੇ ਤਰ੍ਹਾਂ) 'ਰਾਜ ਦੋਖ' ਅਤੇ 'ਬ੍ਰਹਮ ਦੋਖ' ਨੂੰ ਬ੍ਰਹਮ ਅਸਤ੍ਰ ਨਾਲ ਝਾੜ ਦਿੱਤਾ ਹੈ। 'ਉਚਾਟ', 'ਮਾਰਣ' ਅਤੇ 'ਬਸੀਕਰਣ' ਆਦਿ ਨੂੰ ਤੀਰਾਂ ਨਾਲ ਨਸ਼ਟ ਕਰ ਦਿੱਤਾ ਹੈ। 'ਬਿਖਾਧ' ਨੂੰ ਬਿਖਾਧ (ਲੜਾਈ ਝਗੜੇ) ਕਰ ਕੇ ਵੱਡਾ ਨਹੀਂ ਮੰਨਿਆ ਹੈ।੩੧੯।

ਰਥਾਂ ਵਾਲੇ, ਘੋੜਿਆਂ ਵਾਲੇ, ਹਾਥੀਆਂ ਵਾਲੇ ਅਤੇ ਪਿਆਦੇ (ਸਿਪਾਹੀ) ਡਰ ਦੇ ਮਾਰੇ ਭਜ ਗਏ ਹਨ। ਰਥੀ ਅਤੇ ਮਹਾਰਥੀ ਲਾਜ-ਮਰਯਾਦਾ ਨੂੰ ਭੁਲਾ ਕੇ ਭਜ ਗਏ ਹਨ। (ਇਹ) ਜੋ ਅਸੰਭਵ ਯੁੱਧ ਹੋਇਆ ਹੈ, ਇਸ ਦਾ ਵਰਣਨ ਕਿਵੇਂ ਕਰੀਏ। ਜੇ ਹਜ਼ਾਰ ਜੀਭਾਂ ('ਬਾਕ') ਨਾਲ ਵਰਣਨ ਕਰੀਏ, ਤਾਂ ਵੀ ਪਾਰ ਨਹੀਂ ਪਾਇਆ ਜਾ ਸਕਦਾ।੩੨੦।

ਕਲੰਕ, ਬਿਭ੍ਰਮ ਅਤੇ ਕ੍ਰਿਤਘਨਤਾ ਆਦਿ ਨੂੰ ਮਾਰ ਦਿੱਤਾ ਹੈ। ਬਿਖਾਦ ਅਤੇ ਬਿਪਦਾ ਆਦਿਕਾਂ ਨੂੰ ਵੀ ਚਿਤ ਵਿਚ ਕੁਝ ਵੀ ਨਹੀਂ ਗਿਣਿਆ ਹੈ। (ਇਸੇ ਤਰ੍ਹਾਂ) ਮਿਤ੍ਰਦੋਖ, ਰਾਜਦੋਖ ਅਤੇ ਈਰਖਾ ਨੂੰ ਮਾਰ ਕੇ, ਉਚਾਟ ਅਤੇ ਬਿਖਾਧ ਨੂੰ ਰਣ ਵਿਚੋਂ (ਬਾਹਰ) ਕਢ ਦਿੱਤਾ ਹੈ।੩੨੧।

ਗਿਲਾਨੀ, ਕੋਪ (ਕ੍ਰੋਧ) ਅਤੇ ਮਾਨ ਨੂੰ ਬੇਸ਼ੁਮਾਰ ('ਅਪ੍ਰਮਾਨ') ਬਾਣਾਂ ਨਾਲ ਮਾਰਿਆ ਹੈ। 'ਅਨਰਥ' ਨੂੰ 'ਸਮਰਥ' ਨੇ ਹਜ਼ਾਰ ਬਾਣਾਂ ਨਾਲ ਚੀਰ ਦਿੱਤਾ ਹੈ। 'ਕੁਚਾਰ' ਨੂੰ 'ਚਾਰ' ਦੇ ਹਜ਼ਾਰ ਬਾਣਾਂ ਨਾਲ ਮਾਰਿਆ ਹੈ। 'ਕੁਕਸਟ' ਅਤੇ 'ਕੁਕ੍ਰਿਆ' ਨੂੰ ਡਰਾ ਕੇ ਭਜਾ ਦਿੱਤਾ ਹੈ।੩੨੨।

ਛਪਯ ਛੰਦ

'ਅਤਪ' (ਨਾਂ ਦੇ) ਸੂਰਮੇ ਨੂੰ 'ਤਪ' (ਯੋਧੇ) ਨੇ ਤਕ ਕੇ ਸੱਤਰ ਬਾਣ ਮਾਰੇ ਹਨ। ਸੀਲ ਨੇ (ਅਸੀਲ ਨੂੰ) ਨਵੇ ਬਾਣਾਂ ਨਾਲ ਅਤੇ 'ਜਪ' ਨੇ 'ਅਜਪ' ਨੂੰ ਹਜ਼ਾਰ ਤੀਰਾਂ ਨਾਲ ਮਾਰਿਆ ਹੈ। 'ਕੁਮਤੀ' ਨੂੰ ਵੀਹ ਤੀਰਾਂ ਨਾਲ ਅਤੇ 'ਕੁਕਰਮ' ਨੂੰ ਤੀਹ ਬਾਣਾਂ ਨਾਲ ਚੀਰ ਦਿੱਤਾ ਹੈ।

ਦਸ ਸਾਇਕ ਦਾਰਿਦ੍ਰ ਕਾਮ ਕਈ ਬਾਣਨਿ ਛੇਦ੍ਯੋ।
ਬਹੁ ਬਿਧਿ ਬਿਰੋਧ ਕੋ ਬਧ ਕੀਯੋ ਅਬਿਬੇਕਹਿ ਸਰ ਸੰਧਿ ਰਣਿ।
ਰਣਿ ਰੋਹ ਕ੍ਰੋਹ ਕਰਵਾਰ ਗਹਿ ਇਮ ਸੰਜਮ ਬੁਲ੍ਯੋ ਬਯਣ। ੩੨੩।

ਅਰੁਣ ਪਛਮਹਿ ਉਗ੍ਯੋ ਬਰੁਣੁ ਉਤਰ ਦਿਸ ਤਕੈ।
ਮੇਰੁ ਪੰਖ ਕਰਿ ਉਡੇ ਸਰਬ ਸਾਇਰ ਜਲ ਸੁਕੈ।
ਕੋਲ ਦਾੜ ਕੜਮੁੜੈ ਸਿਮਟਿ ਫਨੀਅਰ ਫਣ ਫਟੈ।
ਉਲਟਿ ਜਾਨ੍ਹਵੀ ਬਹੈ ਸਤ ਹਰੀਚੰਦੇ ਹਟੈ।
ਸੰਸਾਰ ਉਲਟ ਪੁਲਟ ਹ੍ਵੈ ਧਸਕਿ ਧਉਲ ਧਰਣੀ ਫਟੈ।
ਸੁਨਿ ਨ੍ਰਿਪ ਅਬਿਬੇਕ ਸੁ ਬਿਬੇਕ ਭਟਿ ਤਦਪਿ ਨ ਲਟਿ ਸੰਜਮ ਹਟੈ।੩੨੪।

ਤੇਰੇ ਜੋਰਿ ਮੈ ਗੁੰਗਾ ਕਹਤਾ ਹੋ ਤੇਰਾ ਸਦਕਾ ਤੇਰੀ ਸਰਣਿ

ਭੁਜੰਗ ਪ੍ਰਯਾਤ ਛੰਦ

ਕੁਪ੍ਯੋ ਸੰਜਮੰ ਪਰਮ ਜੋਧਾ ਜੁਝਾਰੰ।
ਬਡੋ ਗਰਬਧਾਰੀ ਬਡੋ ਨਿਰਬਿਕਾਰੰ।
ਅਨੰਤਾਸਤ੍ਰ ਲੈ ਕੈ ਅਨਰਥੈ ਪ੍ਰਹਾਰ੍ਯੋ।
ਅਨਾਦਤ ਕੇ ਅੰਗ ਕੋ ਛੇਦ ਡਾਰ੍ਯੋ। ੩੨੫।

ਤੇਰੇ ਜੋਰਿ ਕਹਤ ਹੋ

ਇਸੋ ਜੁਧੁ ਬੀਤ੍ਯੋ ਕਹਾ ਲੌ ਸੁਨਾਊ।
ਰਟੋ ਸਹੰਸ ਜਿਹਵਾ ਨ ਤਉ ਅੰਤ ਪਾਊ।
ਦਸੰ ਲਛ ਜੁਗ੍ਯੰ ਸੁ ਬਰਖੰ ਅਨੰਤੰ।
ਭਯੋ ਬੀਰਖੇਤੰ ਕਥੈ ਕਉਣ ਖੰਤੰ। ੩੨੬।

ਤੇਰੇ ਜੋਰ ਸੰਗ ਕਹਤਾ ਹੈ

ਭਈ ਅੰਧ ਧੁੰਧੰ ਮਚ੍ਯੋ ਬੀਰ ਖੇਤੰ।
ਨਚੀ ਜੁਗਣੀ ਚਾਰੁ ਚਉਸਠ ਪ੍ਰੇਤੰ।
ਨਚੀ ਕਾਲਕਾ ਸ੍ਰੀ ਕਮਖ੍ਯਾ ਕਰਾਲੰ।
ਡਕੰ ਡਾਕਣੀ ਜੋਧ ਜਾਗੰਤ ਜ੍ਵਾਲੰ। ੩੨੭।

ਤੇਰਾ ਜੋਰੁ

ਮਚ੍ਯੋ ਜੋਰ ਜੁਧੰ ਹਟ੍ਯੋ ਨਾਹਿ ਕੋਊ।
ਬਡੇ ਛਤ੍ਰਧਾਰੀ ਪਤੀ ਛਤ੍ਰ ਦੋਊ।
ਖਪ੍ਯੋ ਸਰਬ ਲੋਕੰ ਅਲੋਕੰ ਅਪਾਰੰ।
ਮਿਟੇ ਜੁਧ ਤੇ ਏ ਨ ਜੋਧਾ ਜੁਝਾਰੰ। ੩੨੮।

'ਦਰਿਦ੍ਰ' ਨੂੰ ਦਸ ਬਾਣਾਂ ਨਾਲ ਅਤੇ 'ਕਾਮ' (ਕਾਮਨਾ) ਨੂੰ ਕਈ ਬਾਣਾਂ ਨਾਲ ਛੇਦਿਆ ਹੈ। ਅਬਿਬੇਕ ਨੂੰ ਬਹੁਤ ਤਰ੍ਹਾਂ ਨਾਲ ਤੀਰਾਂ ਦਾ ਨਿਸ਼ਾਨਾ ਬਣਾ ਕੇ 'ਬਿਰੋਧ' ਨੂੰ ਰਣ ਵਿਚ ਮਾਰਿਆ ਹੈ। ਇਸ ਤਰ੍ਹਾਂ ਰਣ ਵਿਚ ਕ੍ਰੋਧਿਤ ਹੋ ਕੇ ਅਤੇ ਹੱਥ ਵਿਚ ਤਲਵਾਰ ਪਕੜ ਕੇ 'ਸੰਜਮ' ਨੇ ਬੋਲ ਉਚਾਰੇ ਹਨ।੩੨੩।

ਸੂਰਜ ਪੱਛਮ ਵਲੋਂ (ਚਾਹੇ) ਚੜ੍ਹ ਪਵੇ, ਅਤੇ ਬਰੁਣ (ਵਰੁਣ) ਉਤੱਰ ਦਿਸ਼ਾ ਵਿਚ ਦਿਸ ਪਵੇ, ਸਮੇਰ ਖੰਭ ਲਾ ਕੇ ਉਡਣ ਲਗ ਜਾਏ ਅਤੇ ਸਾਰਿਆਂ ਸਮੁੰਦਰਾਂ ਦਾ ਪਾਣੀ ਸੁਕ ਜਾਵੇ, ਸੂਰ (ਵਾਰਾਹ) ਦੀ ਦਾੜ੍ਹ ਕੜਕ ਕੇ ਮੁੜ ਜਾਵੇ ਅਤੇ ਸ਼ੇਸ਼ਨਾਗ ਦਾ ਫਣ ਸਿਮਟ ਕੇ ਫਟ ਜਾਵੇ, ਗੰਗਾ ਉਲਟੀ ਵਗਣ ਲਗ ਪਵੇ ਅਤੇ ਹਰੀ ਚੰਦ ਦਾ ਸੱਤ ਡੋਲ ਜਾਵੇ, ਸੰਸਾਰ ਉਲਟ ਪੁਲਟ ਹੋ ਜਾਵੇ, ਧੌਲ (ਧਰਤੀ ਵਿਚ) ਧਸ ਜਾਵੇ ਅਤੇ ਧਰਤੀ ਫਟ ਜਾਵੇ, ਪਰ ਹੇ ਅਬਿਬੇਕ ਰਾਜੇ! ਸੁਣ, ਤਦ ਵੀ ਬਿਬੇਕ ਰਾਜੇ ਦਾ ਯੋਧਾ 'ਸੰਜਮ' (ਯੁੱਧ ਤੋਂ) ਨ ਟਲੇਗਾ, ਨ ਹਟੇਗਾ।੩੨੪।

ਤੇਰੇ ਬਲ ਤੇ ਮੈਂ ਗੁੰਗਾ ਕਹਿੰਦਾ ਹਾਂ। ਤੇਰਾ ਸਦਕਾ, ਤੇਰੀ ਸ਼ਰਨ
ਭੁਜੰਗ ਪ੍ਰਯਾਤ ਛੰਦ

ਬੜੇ ਜੁਝਾਰੂ ਯੋਧੇ 'ਸੰਜਮ' ਨੇ ਕ੍ਰੋਧ ਕੀਤਾ ਹੈ। (ਜੋ) ਵੱਡਾ ਅਭਿਮਾਨੀ ਅਤੇ ਬਹੁਤ ਹੀ ਨਿਰਵਿਕਾਰ ਹੈ। (ਉਸ ਨੇ) ਅਨੰਤ ਅਸਤ੍ਰ ਲੈ ਕੇ 'ਅਨਰਥ' ਨੂੰ ਮਾਰਿਆ ਹੈ। 'ਅਨਾਦਤ' ਦੇ ਸ਼ਰੀਰ ਨੂੰ ਵਿੰਨ੍ਹ ਸੁਟਿਆ ਹੈ।੩੨੫।

ਤੇਰੇ ਜ਼ੋਰ ਨਾਲ ਕਹਿੰਦਾ ਹਾਂ

ਇਸ ਤਰ੍ਹਾਂ ਦਾ ਯੁੱਧ ਹੋਇਆ, (ਮੈਂ) ਕਿਥੋਂ ਤਕ ਕਹਿ ਕੇ ਸੁਣਾਵਾਂ। (ਜੇ) ਹਜ਼ਾਰ ਜੀਭਾਂ ਨਾਲ ਬਿਆਨ ਕਰਾਂ ਤਾਂ ਵੀ ਅੰਤ ਨਹੀਂ ਪਾ ਸਕਦਾ। ਦਸ ਲੱਖ ਯੁਗਾਂ ਅਤੇ ਅਨੰਤ ਵਰ੍ਹਿਆਂ ਤਕ ਰਣ-ਭੂਮੀ ਵਿਚ ਯੁੱਧ ਹੁੰਦਾ ਰਿਹਾ। (ਭਲਾ ਇਸ ਦਾ) ਕੌਣ ਕਥਨ ਕਰ ਸਕਦਾ ਹੈ।੩੨੬।

ਤੇਰੇ ਬਲ ਨਾਲ ਕਹਿੰਦਾ ਹਾਂ

ਭਾਰੀ ਯੁੱਧ ਮਚਿਆ ਹੈ ਅਤੇ ਅੰਧਾ ਧੁੰਧ ਹੋ ਗਈ ਹੈ। ਚੌਂਸਠ ਜੋਗਣਾਂ ਅਤੇ ਪ੍ਰੇਤ (ਆ ਕੇ ਯੁੱਧ-ਭੂਮੀ ਵਿਚ) ਚੰਗੀ ਤਰ੍ਹਾਂ ਨਚੇ ਹਨ। ਭਿਆਨਕ ਕਾਲਿਕਾ ਅਤੇ ਕਮਖ੍ਯਾ ਵੀ ਨਚੀਆਂ ਹਨ। ਡਾਕਣੀਆਂ ਡਕਾਰ ਰਹੀਆਂ ਹਨ ਅਤੇ ਯੁੱਧ ਵਿਚ ਅੱਗ ਨੂੰ ਮਚਾਂਦੀਆਂ ਹਨ।੩੨੭।

ਤੇਰਾ ਜੋਰ

ਬਹੁਤ ਤਕੜਾ ਯੁੱਧ ਮਚਿਆ ਹੈ ਅਤੇ ਕੋਈ ਵੀ ਹਟਿਆ ਨਹੀਂ ਹੈ। ਦੋਵੇਂ ਹੀ ਬਹੁਤ ਛਤ੍ਰਧਾਰੀ ਅਤੇ ਛਤ੍ਰਪਤੀ ਹਨ। ਸਾਰੇ ਲੋਕਾਂ ਅਤੇ (ਅਣਦਿਸਦੇ) ਅਪਾਰ ਅਲੋਕਾਂ ਨੂੰ ਖਪਾ ਦਿੱਤਾ ਹੈ, (ਪਰ) ਇਹ ਜੁਝਾਰੂ ਯੋਧੇ ਯੁੱਧ ਤੋਂ ਮਿਟੇ ਨਹੀਂ ਹਨ।੩੨੮।

ਤੇਰਾ ਜੋਰ

ਦੋਹਰਾ

ਚਟਪਟ ਸੁਭਟ ਬਿਕਟ ਕਟੇ ਝਟਪਟ ਭਈ ਅਭੰਗ।
ਲਟਿ ਭਟ ਹਟੇ ਨ ਰਨ ਘਟ੍ਯੋ ਅਟਪਟ ਮਿਟ੍ਯੋ ਨ ਜੰਗ। ੩੨੯।

ਤੇਰੇ ਜੋਰਿ

ਚੌਪਈ

ਬੀਸ ਲਛ ਜੁਗ ਐਤੁ ਪ੍ਰਮਾਨਾ। ਲਰੇ ਦੋਊ ਭਈ ਕਿਸ ਨ ਹਾਨਾ।
ਤਬ ਰਾਜਾ ਜੀਅ ਮੈ ਅਕੁਲਾਯੋ। ਨਾਕ ਚਢੇ ਮਛਿੰਦ੍ਰ ਪੈ ਆਯੋ। ੩੩੦।

ਕਹਿ ਮੁਨਿ ਬਰਿ ਸਭ ਮੋਹਿ ਬਿਚਾਰਾ। ਏ ਦੋਊ ਬੀਰ ਬਡੇ ਬਰਿਆਰਾ।
ਇਨ ਕਾ ਬਿਰੁਧ ਨਿਵਰਤ ਨ ਭਯਾ। ਇਨੋ ਛਡਾਵਤ ਸਭ ਜਗੁ ਗਯਾ। ੩੩੧।

ਇਨੈ ਜੁਝਾਵਤ ਸਬ ਕੋਈ ਜੂਝਾ। ਇਨ ਕਾ ਅੰਤ ਨ ਕਾਹੂ ਸੂਝਾ।
ਏ ਹੈ ਆਦਿ ਹਠੀ ਬਰਿਆਰਾ। ਮਹਾਰਥੀ ਅਉ ਮਹਾ ਭਯਾਰਾ। ੩੩੨।

ਬਚਨੁ ਮਛਿੰਦ੍ਰ ਸੁਨਤ ਚੁਪ ਰਹਾ। ਧਰਾ ਨਾਥ ਸਬਨਨ ਤਨ ਕਹਾ।
ਚਕ੍ਰਿਤ ਚਿਤ ਚਟਪਟ ਹ੍ਵੈ ਦਿਖਸਾ। ਚਰਪਟ ਨਾਥ ਤਦਿਨ ਤੇ ਨਿਕਸਾ। ੩੩੩।

ਇਤਿ 'ਚਰਪਟ ਨਾਥ' ਪ੍ਰਗਟਣੋ ਨਾਮਹ।

ਚੌਪਈ

ਸੁਨਿ ਰਾਜਾ ਤੁਹਿ ਕਹੈ ਬਿਬੇਕਾ। ਇਨ ਕਹ ਦ੍ਵੈ ਜਾਨਹੁ ਜਿਨਿ ਏਕਾ।
ਏ ਅਬਿਕਾਰ ਪੁਰੁਖ ਅਵਤਾਰੀ। ਬਡੇ ਧਨੁਰਧਰ ਬਡੇ ਜੁਝਾਰੀ। ੩੩੪।

ਆਦਿ ਪੁਰੁਖ ਜਬ ਆਪ ਸੰਭਾਰਾ। ਆਪ ਰੂਪ ਮੈ ਆਪ ਨਿਹਾਰਾ।
ਓਅੰਕਾਰ ਕਹ ਇਕਦਾ ਕਹਾ। ਭੂਮਿ ਅਕਾਸ ਸਕਲ ਬਨਿ ਰਹਾ। ੩੩੫।

ਦਾਹਨ ਦਿਸ ਤੇ ਸਤਿ ਉਪਜਾਵਾ। ਬਾਮ ਪਰਸ ਤੇ ਝੂਠ ਬਨਾਵਾ।
ਉਪਜਤ ਹੀ ਉਠਿ ਜੁਝੇ ਜੁਝਾਰਾ। ਤਬ ਤੇ ਕਰਤ ਜਗਤ ਮੈ ਰਾਰਾ। ੩੩੬।

ਸਹੰਸ ਬਰਖ ਜੋ ਆਯੁ ਬਢਾਵੈ। ਰਸਨਾ ਸਹਸ ਸਦਾ ਲੌ ਪਾਵੈ।
ਸਹੰਸ ਜੁਗਨ ਲੌ ਕਰੇ ਬਿਚਾਰਾ। ਤਦਪਿ ਨ ਪਾਵਤ ਪਾਰ ਤੁਮਾਰਾ। ੩੩੭।

ਤੇਰਾ ਜੋਰ

ਦੋਹਰਾ

ਝਟਪਟ ਹੀ ਨ ਕਟੇ ਜਾ ਸਕਣ ਵਾਲੇ ਯੋਧੇ ਕਟੇ ਗਏ ਹਨ ਅਤੇ ਨ ਭੰਗ ਹੋਣ ਵਾਲੇ ਵੀ ਝਟਪਟ (ਭੰਗ) ਹੋ ਗਏ ਹਨ। ਨ ਸੂਰਮੇ ਟਲੇ ਹਨ ਅਤੇ ਨ ਹਟੇ ਹਨ; ਨ ਲੜਾਈ ਘਟੀ ਹੈ ਅਤੇ ਨ ਹੀ ਇਸ ਅਟਪਟੀ ਅਵਸਥਾ ਵਿਚ ਯੁੱਧ ਮਿਟਿਆ ਹੈ।੩੨੯।

ਤੇਰਾ ਜੋਰ

ਚੌਪਈ

ਵੀਹ ਲਖ ਯੁਗ ਅਤੇ ਵੀਹ ਹਜ਼ਾਰ ('ਐਤੁ') ਤਕ ਦੋਵੇਂ ਲੜਦੇ ਰਹੇ, ਪਰ ਕਿਸੇ ਦਾ ਵੀ ਨਾਸ਼ ਨ ਹੋਇਆ। ਤਦ ਰਾਜਾ (ਪਾਰਸ ਨਾਥ) ਮਨ ਵਿਚ ਵਿਆਕੁਲ ਹੋ ਗਿਆ। ਨਕ ਚੜ੍ਹਾ ਕੇ ਮਛਿੰਦ੍ਰ ਕੋਲ ਆਇਆ।੩੩੦।

(ਅਤੇ ਕਹਿਣ ਲਗਿਆ) ਹੇ ਸ੍ਰੇਸ਼ਠ ਮੁਨੀ! ਮੈਨੂੰ ਸਾਰਾ ਵਿਚਾਰ ਕਹਿ ਕੇ ਦਸ। ਇਹ ਦੋਵੇਂ ਸੂਰਮੇ ਬਹੁਤ ਬਲਵਾਨ ਹਨ। ਇਨ੍ਹਾਂ ਦਾ (ਆਪਸੀ) ਵਿਰੋਧ ਨਿਵ੍ਰਿਤ ਨਹੀਂ ਹੋਇਆ ਹੈ। ਇਨ੍ਹਾਂ ਨੂੰ ਛੁਡਾਂਦਿਆਂ ਛੁਡਾਂਦਿਆਂ ਸਾਰਾ ਜਗਤ (ਨਸ਼ਟ ਹੋ) ਗਿਆ ਹੈ।੩੩੧।

ਇਨ੍ਹਾਂ ਨੂੰ ਲੜਾਉਂਦੇ ਹੋਇਆਂ ਹਰ ਕੋਈ ਜੂਝ ਮਰਿਆ ਹੈ। (ਪਰ) ਇਨ੍ਹਾਂ ਦਾ ਅੰਤ ਕਿਸੇ ਨੇ ਵੀ ਨਹੀਂ ਜਾਣਿਆ ਹੈ। ਇਹ ਸਭ ਤੋਂ ਮੁਢਲੇ ਹਠੀ ਅਤੇ ਬਲਵਾਨ ਹਨ; ਮਹਾਰਥੀ ਅਤੇ ਬਹੁਤ ਭਿਆਨਕ ਹਨ।੩੩੨।

ਮਛਿੰਦ੍ਰ (ਰਾਜੇ ਦੇ) ਬਚਨ ਸੁਣ ਕੇ ਚੁਪ ਹੀ ਰਿਹਾ। (ਫਿਰ) ਰਾਜੇ (ਪਾਰਸ ਨਾਥ) ਨੇ ਸਭ ਨੂੰ ਕਿਹਾ। (ਮਛਿੰਦ੍ਰ ਨੇ) ਚਿਤ ਵਿਚ ਹੈਰਾਨ ਹੋ ਕੇ ਝਟਪਟ (ਪਾਰਸ ਨਾਥ ਵਲ) ਤਕਿਆ। ਉਸ ਦਿਨ ਤੋਂ ਚਰਪਟ ਨਾਥ ਪ੍ਰਗਟ ਹੋ ਗਿਆ।੩੩੩।

ਇਥੇ ਚਰਪਟ ਨਾਥ ਨਾਮ ਵਾਲਾ (ਜੋਗੀ) ਪ੍ਰਗਟ ਹੋਇਆ।

ਚੌਪਈ

ਹੇ ਰਾਜਨ! ਸੁਣੋ, ਤੁਹਾਨੂੰ ਬਿਬੇਕ ਦਾ (ਬ੍ਰਿੱਤਾਂਤ) ਕਹਿੰਦਾ ਹਾਂ। ਇਨ੍ਹਾਂ ਦੋਹਾਂ ਨੂੰ ਦੋ ਨ ਸਮਝੋ, ਇਕ ਹੀ ਹਨ। ਇਹ ਵਿਕਾਰ ਰਹਿਤ ਅਵਤਾਰੀ ਪੁਰਸ਼ ਹਨ। ਵੱਡੇ ਧਨੁਸ਼ਧਾਰੀ ਅਤੇ ਬਹੁਤ ਲੜਾਕੇ ਹਨ।੩੩੪।

ਆਦਿ ਪੁਰਖ ਨੇ ਜਦ ਆਪਣੇ ਆਪ ਨੂੰ ਸੰਭਾਲਿਆ। (ਤਾਂ) ਆਪਣੇ ਰੂਪ ਵਿਚ ਆਪਣੇ ਆਪ ਨੂੰ ਵੇਖਿਆ। (ਉਸ ਨੇ) ਇਕ ਵਾਰ 'ਓਅੰਕਾਰ' (ਸ਼ਬਦ) ਕਿਹਾ, (ਤਦ) ਸਾਰੀ ਭੂਮੀ ਅਤੇ ਆਕਾਸ਼ ਬਣ ਕੇ ਸਥਿਤ ਹੋ ਗਿਆ।੩੩੫।

ਸੱਜੇ ਪਾਸੇ ਤੋਂ 'ਸਤਿ' ਨੂੰ ਪੈਦਾ ਕੀਤਾ ਅਤੇ ਖਬੇ ਪਾਸੇ ਤੋਂ 'ਝੂਠ' ਨੂੰ ਉਤਪੰਨ ਕੀਤਾ। ਪੈਦਾ ਹੁੰਦਿਆਂ ਹੀ (ਇਹ ਦੋਵੇਂ) ਸੂਰਮੇ ਲੜਨ ਲਗ ਗਏ। ਤਦ ਤੋਂ (ਇਹ) ਜਗਤ ਵਿਚ ਲੜਾਈ ਕਰਦੇ ਆ ਰਹੇ ਹਨ।੩੩੬।

ਜੋ (ਕੋਈ) ਹਜ਼ਾਰ ਸਾਲ ਉਮਰ ਵਧਾ ਲਵੇ ਅਤੇ ਹਜ਼ਾਰ ਹੀ ਜੀਭਾਂ ਸਦਾ ਲਈ ਪ੍ਰਾਪਤ ਹੋ ਜਾਣ। ਹਜ਼ਾਰ ਯੁੱਗਾਂ ਤਕ ਵਿਚਾਰ ਕਰਦਾ ਰਹੇ, ਤਾਂ ਵੀ (ਹੇ ਪ੍ਰਭੂ!) ਤੇਰਾ ਪਾਰ ਨਹੀਂ ਪਾਇਆ ਜਾ ਸਕਦਾ।੩੩੭।

ਤੇਰੇ ਜੋਰਿ ਗੁੰਗਾ ਕਹਤਾ

ਬਿਆਸ ਪਰਾਸਰ ਅਉ ਰਿਖਿ ਘਨੇ। ਸਿੰਗੀ ਰਿਖਿ ਬਕਦਾਲਭ ਭਨੇ।
ਸਹੰਸ ਮੁਖਨ ਕਾ ਬ੍ਰਹਮਾ ਦੇਖਾ। ਤਊ ਨ ਤੁਮਰਾ ਅੰਤੁ ਬਿਸੇਖਾ। ੩੩੮।

ਤੇਰਾ ਜੋਰੁ

ਦੋਹਰਾ

ਸਿੰਧੁ ਸੁਭਟ ਸਾਵੰਤ ਸਭ ਮੁਨਿ ਗੰਧਰਬ ਮਹੰਤ।
ਕੋਟਿ ਕਲਪ ਕਲਪਾਂਤ ਭੇ ਲਹ੍ਯੋ ਨ ਤੇਰੋ ਅੰਤ। ੩੩੯।

ਤੇਰੇ ਜੋਰ ਸੋ ਕਹੋ

ਭੁਜੰਗ ਪ੍ਰਯਾਤ ਛੰਦ

ਸੁਨੋ ਰਾਜ ਸਰਦੂਲ ਉਚਰੋ ਪ੍ਰਬੋਧੰ। ਸੁਨੋ ਚਿਤ ਦੈ ਕੈ ਨ ਕੀਜੈ ਬਿਰੋਧੰ।
ਸੁ ਸ੍ਰੀ ਆਦ ਪੁਰਖੰ ਅਨਾਦੰ ਸਰੂਪੰ। ਅਜੇਅੰ ਅਭੇਅੰ ਅਦਗੰ ਅਰੂਪੰ। ੩੪੦।

ਅਨਾਮੰ ਅਧਾਮੰ ਅਨੀਲੰ ਅਨਾਦੰ। ਅਜੈਅੰ ਅਭੈਅੰ ਅਵੈ ਨਿਰ ਬਿਖਾਦੰ।
ਅਨੰਤੰ ਮਹੰਤੰ ਪ੍ਰਿਥੀਸੰ ਪੁਰਾਣੰ। ਸੁ ਭਬ੍ਯੰ ਭਵਿਖ੍ਯੰ ਅਵੈਯੰ ਭਵਾਣੰ। ੩੪੧।

ਜਿਤੇ ਸਰਬ ਜੋਗੀ ਜਟੀ ਜੰਤ੍ਰ ਧਾਰੀ। ਜਲਾਸ੍ਰੀ ਜਵੀ ਜਾਮਨੀ ਜਗਕਾਰੀ।
ਜਤੀ ਜੋਗ ਜੁਧੀ ਜਕੀ ਜ੍ਵਾਲ ਮਾਲੀ। ਪ੍ਰਮਾਥੀ ਪਰੀ ਪਰਬਤੀ ਛਤ੍ਰਪਾਲੀ। ੩੪੨।

ਤੇਰਾ ਜੋਰੁ

ਸਬੈ ਝੂਠੁ ਮਾਨੋ ਜਿਤੇ ਜੰਤ੍ਰ ਮੰਤ੍ਰੰ। ਸਬੈ ਫੋਕਟੰ ਧਰਮ ਹੈ ਭਰਮ ਤੰਤ੍ਰੰ।
ਬਿਨਾ ਏਕ ਆਸੰ ਨਿਰਾਸੰ ਸਬੈ ਹੈ। ਬਿਨਾ ਏਕ ਨਾਮ ਨ ਕਾਮੰ ਕਬੈ ਹੈ। ੩੪੩।

ਕਰੇ ਮੰਤ੍ਰ ਜੰਤ੍ਰੰ ਜੁ ਪੈ ਸਿਧ ਹੋਈ। ਦਰੰ ਦ੍ਵਾਰ ਭਿਛ੍ਯਾ ਭ੍ਰਮੈ ਨਾਹਿ ਕੋਈ।
ਧਰੇ ਏਕ ਆਸਾ ਨਿਰਾਸੋਰ ਮਾਨੈ। ਬਿਨਾ ਏਕ ਕਰਮੰ ਸਬੈ ਭਰਮ ਜਾਨੈ। ੩੪੪।

ਤੇਰੇ ਜ਼ੋਰ ਨਾਲ ਗੁੰਗਾ ਕਹਿੰਦਾ ਹਾਂ

ਬਿਆਸ ਅਤੇ ਪਰਾਸ਼ਰ ਵਰਗੇ ਬਹੁਤ ਰਿਸ਼ੀ (ਹੋਏ ਹਨ)। ਸ੍ਰਿੰਗੀ ਰਿਸ਼ੀ ਅਤੇ ਬਕਦਾਲਭ ਆਦਿਕ (ਤੇਰਾ ਯਸ਼) ਕਹਿੰਦੇ ਹਨ। ਹਜ਼ਾਰ ਮੂੰਹਾਂ ਵਾਲਾ ਬ੍ਰਹਮਾ ਵੇਖਿਆ ਹੈ, ਫਿਰ ਵੀ (ਕਿਸੇ) ਖਾਸ ਨੇ ਤੇਰਾ ਅੰਤ ਨਹੀਂ ਪਾਇਆ ਹੈ।੩੩੮।

ਤੇਰਾ ਜ਼ੋਰ

ਦੋਹਰਾ

ਸਮੁੰਦਰ, ਯੋਧੇ, ਸੈਨਾਪਤੀ, ਸਾਰੇ ਮੁਨੀ, ਗੰਧਰਬ ਅਤੇ ਮਹੰਤ (ਹੋਏ ਹਨ ਅਤੇ) ਕਰੋੜਾਂ ਕਲਪ ਅਤੇ ਕਲਪਾਂ ਦੇ ਅੰਤ ਹੋ ਗਏ ਹਨ, (ਪਰ ਕਿਸੇ ਨੇ) ਤੇਰਾ ਅੰਤ ਨਹੀਂ ਪਾਇਆ ਹੈ।੩੩੯।

ਤੇਰੇ ਬਲ ਕਰ ਕੇ ਕਹਿੰਦਾ ਹਾਂ

ਭੁਜੰਗ ਪ੍ਰਯਾਤ ਛੰਦ

ਹੇ ਬਬਰ ਸ਼ੇਰ ਵਰਗੇ! ਸੁਣੋ, ਰਾਜਾ (ਪਾਰਸ ਨਾਥ), (ਮੈਂ) ਪੂਰਨ ਗਿਆਨ (ਦੀ ਗੱਲ) ਕਹਿਣ ਲਗਿਆ ਹਾਂ। ਚਿਤ ਦੇ ਕੇ ਸੁਣਨਾ ਅਤੇ ਵਿਰੋਧ ਨ ਕਰਨਾ। ਉਹ ਸ੍ਰੀ ਆਦਿ ਪੁਰਸ਼ ਅਨਾਦਿ, ਅਜੈ, ਅਭੈ, ਅਦਗ (ਨ ਜਲਣ ਵਾਲਾ) ਅਤੇ ਨਿਰਾਕਾਰ ਸਰੂਪ ਵਾਲਾ ਹੈ।੩੪੦।

(ਉਹ) ਨਾਮ ਤੋਂ ਰਹਿਤ, ਧਾਮ ਤੋਂ ਰਹਿਤ, ਗਿਣਤੀ ਤੋਂ ਪਰੇ ਅਤੇ ਆਦਿ ਤੋਂ ਬਿਨਾ ਹੈ। (ਉਹ) ਅਜੈ, ਅਭੈ, ਨਿਰਵਿਕਾਰ (ਅਵੈ) ਅਤੇ ਨਿਰ-ਵਿਸ਼ਾਦ (ਝਗੜਿਆਂ ਤੋਂ ਰਹਿਤ) ਹੈ। (ਉਹ) ਅਨੰਤ, ਮਹਾਨਤਾ ਵਾਲਾ, ਪ੍ਰਿਥਵੀ ਦਾ ਸੁਆਮੀ ਅਤੇ ਪੁਰਾਤਨ ਹੈ। (ਉਹ) ਹੋ ਚੁਕਿਆ, ਭਵਿਸ਼ ਵਿਚ ਹੋਣ ਵਾਲਾ ਅਤੇ ਹੁਣ ਵਰਤਮਾਨ ਹੈ।੩੪੧।

ਜਿਤਨੇ ਵੀ ਸਾਰੇ ਯੋਗੀ, ਜਟਾਧਾਰੀ, ਜੰਤ੍ਰ ਧਾਰਨ ਕਰਨ ਵਾਲੇ ਹਨ ਅਤੇ ਜਲ ਦੇ ਆਸਰੇ ਜੀਣ ਵਾਲੇ, ਜਵਾਂ ਦਾ ਭੋਜਨ ਕਰਨ ਵਾਲੇ, (ਸਾਰੀ) ਰਾਤ ਜਾਗ ਕੇ ਕਟਣ ਵਾਲੇ ਅਤੇ ਯੱਗ ਕਰਨ ਵਾਲੇ ਹਨ; ਜਤੀ, ਜੋਗੀ, ਯੋਧਾ, ਜਕੀ (ਹਠੀ, ਅਥਵਾ ਅਗਨੀ-ਪੂਜ), ਅਗਨੀ ਦੇ ਧੂਣੇ ਤਪਾਉਣ ਵਾਲੇ ਹਨ। ਪਰਮਾਰਥ ਦੀ ਖੋਜ ਕਰਨ ਵਾਲੇ, (ਸਭ ਤੋਂ) ਪਰੇ ਰਹਿਣ ਵਾਲੇ, ਪਰਬਤਾਂ ਦੇ ਨਿਵਾਸੀ ਅਤੇ ਛਤ੍ਰਪਾਲ (ਰਾਜੇ) ਹਨ।੩੪੨।

ਤੇਰਾ ਜ਼ੋਰ

ਜਿਤਨੇ ਵੀ ਜੰਤ੍ਰ ਮੰਤ੍ਰ ਹਨ, ਸਭ ਨੂੰ ਝੂਠ ਮੰਨੋ। ਸਾਰੇ ਧਰਮ ਫੋਕੇ (ਵਿਅਰਥ) ਹਨ ਅਤੇ ਤੰਤ੍ਰ ਭਰਮ ਹਨ। ਇਕ ਦੀ ਆਸ ਤੋਂ ਬਿਨਾ (ਬਾਕੀ) ਸਭ ਨਿਰਾਸ (ਆਸ-ਹੀਨ) ਹਨ। ਬਿਨਾ ਇਕ ਨਾਮ ਦੇ (ਹੋਰ ਕੋਈ) ਕਦੇ ਕੰਮ ਨਹੀਂ ਆਉਂਦਾ।੩੪੩।

ਜੇ ਮੰਤ੍ਰ ਜੰਤ੍ਰ ਕੀਤਿਆਂ (ਮਨੋਰਥ ਵਿਚ) ਸਿੱਧੀ ਪ੍ਰਾਪਤ ਹੋ ਸਕਦੀ ਹੁੰਦੀ, (ਤਾਂ) ਕੋਈ ਵੀ ਦੁਆਰ ਦੁਆਰ ਉਤੇ ਭਿਖਿਆ ਮੰਗਣ ਲਈ ਨ ਫਿਰਦਾ ਰਹਿੰਦਾ। (ਮਨ ਵਿਚ) ਇਕ ਦੀ ਆਸ ਧਾਰਨ ਕਰੋ ਅਤੇ (ਹੋਰ ਸਭ ਨੂੰ) ਨਿਰਾਧਾਰ ('ਨਿਰਾਸੋਰ') ਮੰਨੋ (ਅਰਥਾਂਤਰ--ਹੋਰਨਾਂ ਨੂੰ ਵਿਚ ਆਸ--ਰਹਿਤ ਮੰਨੋ)। ਬਿਨਾ (ਉਸ ਦੇ ਨਾਮ ਦੇ) ਇਕ ਕੰਮ ਤੋਂ, ਹੋਰ ਸਭ (ਕੰਮਾਂ ਨੂੰ) ਭਰਮ ਸਮਝੋ।੩੪੪।

ਸੁਨ੍ਯੋ ਜੋਗਿ ਬੈਨੰ ਨਰੇਸੰ ਨਿਧਾਨੰ। ਭ੍ਰਮਿਯੋ ਭੀਤ ਚਿਤੰ ਕੁਪ੍ਯੋ ਜੇਮ ਪਾਨੰ।
ਤਜੀ ਸਰਬ ਆਸੰ ਨਿਰਾਸੰ ਚਿਤਾਨੰ। ਪੁਨਿਰ ਉਚਰੇ ਬਾਚ ਬੰਧੀ ਬਿਧਾਨੰ। ੩੪੫।

ਤੇਰਾ ਜੋਰੁ

ਰਸਾਵਲ ਛੰਦ

ਸੁਨੋ ਮੋਨ ਰਾਜੰ। ਸਦਾ ਸਿਧ ਸਾਜੰ।
ਕਛ ਦੇਹ ਮਤੰ। ਕਹੋ ਤੋਹਿ ਬਤੰ। ੩੪੬।

ਦੋਊ ਜੋਰ ਜੁਧੰ। ਹਠੀ ਪਰਮ ਕ੍ਰੁਧੰ।
ਸਦਾ ਜਾਪ ਕਰਤਾ। ਸਬੈ ਸਿਧ ਹਰਤਾ। ੩੪੭।

ਅਰੀਲੇ ਅਰਾਰੇ। ਹਠੀਲ ਜੁਝਾਰੇ।
ਕਟੀਲ ਕਰੂਰੰ। ਕਰੈ ਸਤ੍ਰੂ ਚੂਰੰ। ੩੪੮।

ਤੇਰਾ ਜੋਰੁ

ਚੌਪਈ

ਜੋ ਇਨ ਜੀਤਿ ਸਕੌ ਨਹਿ ਭਾਈ। ਤਉ ਮੈ ਜੋਰ ਚਿਤਾਹਿ ਜਰਾਈ।
ਮੈ ਇਨ ਕਹਿ ਮੁਨਿ ਜੀਤਿ ਨ ਸਾਕਾ। ਅਬ ਮੁਰ ਬਲ ਪੌਰਖ ਸਬ ਥਾਕਾ। ੩੪੯।

ਐਸ ਭਾਤਿ ਮਨ ਬੀਚ ਬਿਚਾਰਾ। ਪ੍ਰਗਟ ਸਭਾ ਸਬ ਸੁਨਤ ਉਚਾਰਾ।
ਮੈ ਬਡ ਭੂਪ ਬਡੋ ਬਰਿਆਰੂ। ਮੈ ਜੀਤ੍ਯੋ ਇਹ ਸਭ ਸੰਸਾਰੂ। ੩੫0।

ਜਿਨਿ ਮੋਕੋ ਇਹ ਬਾਤ ਬਤਾਈ। ਤਿਨਿ ਮੁਹਿ ਜਾਨੁ ਠਗਉਰੀ ਲਾਈ।
ਏ ਦ੍ਵੈ ਬੀਰ ਬਡੇ ਬਰਿਆਰਾ। ਇਨ ਜੀਤੇ ਜੀਤੋ ਸੰਸਾਰਾ। ੩੫੧।

ਅਬ ਮੋ ਤੇ ਏਈ ਜਿਨਿ ਜਾਈ। ਕਹਿ ਮੁਨਿ ਮੋਹਿ ਕਥਾ ਸਮਝਾਈ।
ਅਬ ਮੈ ਦੇਖਿ ਬਨਾਵੌ ਚਿਖਾ। ਪੈਠੌ ਬੀਚ ਅਗਨਿ ਕੀ ਸਿਖਾ। ੩੫੨।

ਚਿਖਾ ਬਨਾਇ ਸਨਾਨਹਿ ਕਰਾ। ਸਭ ਤਨਿ ਬਸਤ੍ਰ ਤਿਲੋਨਾ ਧਰਾ।
ਬਹੁ ਬਿਧਿ ਲੋਗ ਹਟਕਿ ਕਰਿ ਰਹਾ। ਚਟਪਟ ਕਰਿ ਚਰਨਨ ਭੀ ਗਹਾ। ੩੫੩।

ਹੀਰ ਚੀਰ ਦੈ ਬਿਧਵਤ ਦਾਨਾ। ਮਧਿ ਕਟਾਸ ਕਰਾ ਅਸਥਾਨਾ।
ਭਾਤਿ ਅਨਕ ਤਨ ਜ੍ਵਾਲ ਜਰਾਈ। ਜਰਤ ਨ ਭਈ ਜ੍ਵਾਲ ਸੀਅਰਾਈ। ੩੫੪।

ਖ਼ਜ਼ਾਨਿਆਂ ਦੇ ਸੁਆਮੀ ਰਾਜੇ (ਪਾਰਸ ਨਾਥ) ਨੇ ਜੋਗੀ (ਮਛਿੰਦ੍ਰ) ਦੇ ਬਚਨ ਸੁਣ ਲਏ। (ਉਸ ਦਾ) ਚਿਤ ਡਰ ਨਾਲ ਡੋਲ ਗਿਆ ਜਿਵੇਂ (ਸਮੁੰਦਰ ਵਿਚ) ਜਲ ਉਛਲਦਾ ਹੈ। (ਉਸ ਨੇ) ਸਾਰੀ ਆਸ ਛਡ ਦਿੱਤੀ ਅਤੇ ਚਿਤ ਵਿਚ ਆਸ-ਰਹਿਤ ਹੋ ਗਿਆ। ਫਿਰ ਮਰਯਾਦਾ ਵਿਚ ਬੰਨ੍ਹੇ ਹੋਏ (ਬੋਲ) ਉਚਾਰਨ ਕੀਤੇ।੩੪੫।

ਤੇਰਾ ਜੋਰ

ਰਸਾਵਲ ਛੰਦ

ਹੇ ਮੁਨੀ ਰਾਜ! ਸੁਣੋ, (ਤੁਸੀਂ) ਸਦਾ (ਕਾਰਜ) ਸਿੱਧ ਕਰਨ ਵਾਲੇ ਹੋ। (ਮੈਨੂੰ) ਕੁਝ ਸਿਖਿਆ ਦਿਓ। (ਮੈਂ) ਤੁਹਾਨੂੰ ਇਹ ਗੱਲ ਕਹਿੰਦਾ ਹਾਂ।੩੪੬।

ਦੋਹਾਂ ਨੇ ਜ਼ਬਰਦਸਤ ਯੁੱਧ ਕੀਤਾ ਹੈ। (ਦੋਵੇਂ) ਬਹੁਤ ਹਠ ਵਾਲੇ ਅਤੇ ਕ੍ਰੋਧ ਵਾਲੇ ਹਨ। ਸਦਾ ਜਪ ਕਰਦੇ ਹਨ ਅਤੇ ਸਾਰੀਆਂ ਸਿੱਧੀਆਂ ਨੂੰ ਹਰਨ ਵਾਲੇ ਹਨ।੩੪੭।

(ਦੋਵੇਂ) ਅੜੀਅਲ ਅਤੇ ਜ਼ਿਦਲ ਹਨ। ਹਠ ਵਾਲੇ ਅਤੇ ਲੜਾਕੇ ਯੋਧੇ ਹਨ। ਕਟ ਸੁਟਣ ਵਾਲੇ ਅਤੇ ਕਠੋਰ ਸੁਭਾ ਵਾਲੇ ਹਨ। ਵੈਰੀਆਂ ਨੂੰ ਮਸਲਣ ਵਾਲੇ ਹਨ।੩੪੮।

ਤੇਰਾ ਜ਼ੋਰ

ਚੌਪਈ

ਹੇ ਭਾਈ! ਜੇ ਇਨ੍ਹਾਂ ਨੂੰ ਜਿਤ ਨਹੀਂ ਸਕਦਾ ਹਾਂ, ਤਾਂ ਮੈਂ ਚਿਖਾ ਬਾਲ ਕੇ ਸੜ ਮਰਾਂਗਾ। (ਕਿਉਂਕਿ) ਹੇ ਮੁਨੀ! ਮੈਂ ਇਨ੍ਹਾਂ ਨੂੰ ਜਿਤ ਨਹੀਂ ਸਕਿਆ ਹਾਂ। ਹੁਣ ਮੇਰਾ ਬਲ ਅਤੇ ਸ਼ਕਤੀ ਸਭ ਕਮਜ਼ੋਰ ਹੋ ਗਈ ਹੈ।੩੪੯।

(ਪਾਰਸ ਨਾਥ ਨੇ) ਇਸ ਤਰ੍ਹਾਂ ਮਨ ਵਿਚ ਵਿਚਾਰ ਕੀਤਾ। ਸਾਰੀ ਸਭਾ ਨੂੰ ਸੁਣਾਉਣ ਲਈ ਪ੍ਰਗਟ ਤੌਰ ਤੇ (ਇਹ) ਕਥਨ ਕੀਤਾ। ਮੈਂ ਵੱਡਾ ਰਾਜਾ ਅਤੇ ਬਹੁਤ ਬਲਵਾਨ ਹਾਂ। ਇਹ ਸਾਰਾ ਸੰਸਾਰ ਮੈਂ ਜਿਤਿਆ ਹੋਇਆ ਹੈ।੩੫0।

ਜਿਸ ਨੇ ਮੈਨੂੰ ਇਹ ਗੱਲ ਦਸੀ ਹੈ, (ਇੰਜ ਪ੍ਰਤੀਤ ਹੁੰਦਾ ਹੈ) ਮਾਨੋ ਉਸ ਨੇ ਮੇਰੇ ਨਾਲ ਠਗੀ ਕੀਤੀ ਹੈ। ਇਹ ਦੋਵੇਂ ਯੋਧੇ ਬਹੁਤ ਬਲਵਾਨ ਹਨ। ਇਨ੍ਹਾਂ (ਦੋਹਾਂ ਨੂੰ) ਜਿਤਣ ਨਾਲ ਸਾਰਾ ਸੰਸਾਰ ਜਿਤ ਲਿਆ ਜਾਂਦਾ ਹੈ।੩੫੧।

ਹੁਣ ਮੇਰੇ ਕੋਲੋਂ ਇਹ ਹੀ ਨਹੀਂ ਜਿਤੇ ਜਾਂਦੇ। ਮੁਨੀ ਨੇ (ਇਨ੍ਹਾਂ ਦੀ) ਕਥਾ ਮੈਨੂੰ ਸੁਣਾ ਦਿੱਤੀ ਹੈ। ਹੁਣ ਵੇਖੋ, ਮੈਂ ਚਿਖਾ ਬਣਾਉਂਦਾ ਹਾਂ ਅਤੇ ਅਗਨੀ ਦੀ ਲਾਟ ਵਿਚ ਬੈਠਦਾ ਹਾਂ।੩੫੨।

(ਪਹਿਲਾਂ) ਚਿਖਾ ਬਣਾਈ, (ਫਿਰ) ਇਸ਼ਨਾਨ ਕੀਤਾ ਅਤੇ ਸਾਰੇ ਸ਼ਰੀਰ ਅਤੇ ਬਸਤ੍ਰਾਂ ਨੂੰ ਤਿਲਾਂ ਦੇ ਤੇਲ ਵਿਚ ਤਰ ਕਰ ਲਿਆ। (ਸਾਰੇ) ਲੋਕ ਬਹੁਤ ਤਰ੍ਹਾਂ ਨਾਲ ਰੋਕਦੇ ਰਹਿ ਗਏ ਅਤੇ ਛੇਤੀ ਨਾਲ ਪੈਰ ਵੀ ਪਕੜੇ (ਅਰਥਾਤ ਤਰਲਾ ਕੀਤਾ)।੩੫੩।

ਹੀਰਿਆਂ, ਬਸਤ੍ਰਾਂ ਦਾ ਵਿਧੀ ਪੂਰਵਕ ਦਾਨ ਕੀਤਾ ਅਤੇ (ਫਿਰ) ਕਟਾਸ ਰਾਜ (ਤੀਰਥ) ਵਿਚ ਸਥਾਨ ਬਣਾਇਆ। ਸ਼ਰੀਰ ਸਾੜਨ ਲਈ ਅਨੇਕ ਤਰ੍ਹਾਂ ਨਾਲ ਅੱਗ ਬਾਲੀ, ਪਰ ਅੱਗ ਨ ਬਲੀ, ਠੰਢੀ ਪੈ ਗਈ।੩੫੪।

ਤੋਮਰ ਛੰਦ

ਕਰਿ ਕੋਪ ਪਾਰਸ ਰਾਇ। ਕਰਿ ਆਪਿ ਅਗਨਿ ਜਰਾਇ।
ਸੋ ਭਈ ਸੀਤਲ ਜ੍ਵਾਲ। ਅਤਿ ਕਾਲ ਰੂਪ ਕਰਾਲ। ੩੫੫।

ਤਤ ਜੋਗ ਅਗਨਿ ਨਿਕਾਰਿ। ਅਤਿ ਜ੍ਵਲਤ ਰੂਪ ਅਪਾਰਿ।
ਤਬ ਕੀਅਸ ਆਪਨ ਦਾਹ। ਪੁਰਿ ਲਖਤ ਸਾਹਨ ਸਾਹਿ। ੩੫੬।

ਤਬ ਜਰੀ ਅਗਨਿ ਬਿਸੇਖ। ਤ੍ਰਿਣ ਕਾਸਟ ਘਿਰਤ ਅਸੇਖ।
ਤਬ ਜਰ੍ਯੋ ਤਾ ਮਹਿ ਰਾਇ। ਭਏ ਭਸਮ ਅਦਭੁਤ ਕਾਇ। ੩੫੭।

ਕਈ ਦ੍ਯੋਸ ਬਰਖ ਪ੍ਰਮਾਨ। ਸਲ ਜਰਾ ਜੋਰ ਮਹਾਨ।
ਭਈ ਭੂਤ ਭਸਮੀ ਦੇਹ। ਧਨ ਧਾਮ ਛਾਡ੍ਯੋ ਨੇਹ। ੩੫੮।[1]

ਤੋਮਰ ਛੰਦ

ਪਾਰਸ ਨਾਥ ਨੇ ਕ੍ਰੋਧ ਕਰ ਕੇ ਅਤੇ ਆਪਣੇ ਹੱਥ ਨਾਲ ਅੱਗ ਬਾਲ ਕੇ (ਚਿਖਾ ਨੂੰ ਲਗਾਈ)। ਉਹ ਅਗਨੀ ਠੰਡੀ ਹੋ ਗਈ ਜੋ ਅਤਿ ਭਿਆਨਕ ਕਾਲ ਰੂਪ ਸੀ।੩੫੫।

ਤਦ (ਪਾਰਸ ਨਾਥ ਨੇ) ਯੋਗ ਅਗਨੀ ਕੱਢ ਕੇ (ਚਿਖਾ ਬਾਲੀ) ਜੋ ਬਹੁਤ ਅਪਾਰ ਰੂਪ ਵਿਚ ਭੜਕ ਪਈ। ਤਦ (ਉਸ ਨੇ) ਆਪਣੇ (ਸ਼ਰੀਰ) ਨੂੰ ਸਾੜ ਦਿੱਤਾ। (ਸਾਰਾ) ਨਗਰ ਸ਼ਾਹਾਂ ਦੇ ਸ਼ਾਹ (ਪਾਰਸ ਨਾਥ) ਨੂੰ ਵੇਖ ਰਿਹਾ ਸੀ।੩੫੬।

ਤਦ (ਫਿਰ) ਵਿਸ਼ੇਸ਼ ਤਰ੍ਹਾਂ ਦੀ ਅੱਗ ਬਲ ਪਈ। (ਜਿਸ ਵਿਚ) ਬਹੁਤ ਸਾਰੇ ਕੱਖ, ਲਕੜਾਂ ਅਤੇ ਘਿਓ (ਪਾਇਆ ਹੋਇਆ ਸੀ)। ਤਦ ਉਸ ਵਿਚ ਰਾਜਾ (ਪਾਰਸ ਨਾਥ) ਸੜ ਗਿਆ। (ਉਸ ਦੀ) ਅਦਭੁਤ ਦੇਹ ਭਸਮ ਹੋ ਗਈ।੩੫੭।

ਕਈ ਦਿਨਾਂ ਅਤੇ ਵਰ੍ਹਿਆਂ ਤਕ ਚਿਖਾ ('ਸਲ') ਬਹੁਤ ਜ਼ੋਰ ਨਾਲ ਬਲਦੀ ਰਹੀ। (ਫਿਰ ਜਾ ਕੇ)ਦੇਹ ਸੜ ਗਈ ਅਤੇ (ਉਸ ਨੇ) ਧਨ ਅਤੇ ਘਰ ਬਾਰ ਦਾ ਮੋਹ ਛਡ ਦਿੱਤਾ।੩੫੮।

---

੧. ਬਹੁਤੀਆਂ ਪੁਰਾਤਨ ਬੀੜਾਂ ਵਿਚ ਇਸ ਰਚਨਾ ਦੀ ਕੋਈ ਪੁਸ਼ਪਿਕਾ ਨਹੀਂ ਲਿਖੀ, ਪਰ 'ਸ਼ਬਦਾਰਥ ਦਸਮ ਗ੍ਰੰਥ ਸਾਹਿਬ' ਇਸ ਦਾ ਅਪਵਾਦ ਹੈ।